

Sant Sipahi - The oldest Panthic Magazine/ www.santsipahi.org






Sant Sipahi - The oldest Panthic Magazine/ www.santsipahi.org

Sant Sipahi - The oldest Panthic Magazine/ www.santsipahi.org


# ਸੰਤ ਸਿਪਾਹੀ

੧ ੴ ਸਤਿਗੁਰ ਪ੍ਰਸਾਦਿ ॥

ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥

## ਪੰਥਕ ਮਾਸਕ ਰਸਾਲਾ

ਬਾਨੀ—ਸਚਖੰਡ ਵਾਸੀ,

ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ

ਜਿਲਦ ਤੇ ਸਾਲ 42 : ਨੰਬਰ 6

ਜੂਨ 1986

ਸੰਮਤ ਬਿਕ੍ਰਮੀ 2042, ਨਾਨਕ ਸ਼ਾਹੀ 519

ਖਾਲਸਾ 288

SANT SIPAHI Monthly
Estb 1945
Founder : Mast r Tara Singh
Edit r-in-chief Dr. Rajinder Kaur
M. A. Ph D
Head Office :
4313 Ranjit Pura,
P. O. Khalsa College, Amritsar
Tel : 62906 & 45984

ਐਟੀਟਰ : ਰਾਜਿੰਦਰ ਕੌਰ
ਐਮ. ਏ. ਪੀ. ਐਚ. ਡੀ.

ਸਬ-ਐਡੀਟਰ : ਕਿਰਨਜੋਤ ਕੌਰ

ਜਨਰਲ ਮੈਨੇਜਰ : ਕੁਲਵੰਤ ਕੌਰ

ਐਡਵਰਟਾਈਜ਼ਮੈਂਟ ਮੈ ਾਰ : ਕਮਲਜੀਤ ਸਿੰਘ

ਆਫਿਸ ਮੈਨੇਜਰ : ਸੰਤ ਕੌਰ


### ਚੰਦਿਆਂ ਦਾ ਵੇਰਵਾ

| | |
|---|---|
| ਸਾਲਾਨਾ | 50 ਰੁਪੈ |
| ਪੰਜ ਸਾਲਾ | 225 ਰੁਪੈ |
| ਜੀਵਨ ਸਾਥੀ (15 ਸਾਲ) | 500 ਰੁਪੈ |
| ਸਾਲਾਨਾ ਚੰਦਾ ਵਿਦੇਸ਼ ਹਵਾਈ ਡਾਕ | |
| ਅਮਰੀਕਾ ਤੇ ਕਨੇਡਾ | 40 ਡਾਲਰ |
| ਇੰਗਲੈਂਡ ਤੇ ਯੋਰਪੀ ਦੇਸ਼ | 20 ਪੌਂਡ |
| ਪੂਰਬੀ ਦੇਸ਼ | 250 ਰੁਪਏ |

# ਤਤਕਰਾ

*June 1986*


5 ਸੰਗਰਾਂਦ ਨੂੰ ਸ੍ਰੀ ਹਰਿਮੰਦਰ ਸਾਹਿਬ ਆਇਆ ਮੁਖ ਵਾਕ

6 ਪਾਠਕਾਂ ਦੇ ਪੰਨੇ

10 ਸੁਆਲ-ਜੁਆਬ

12 ਸੰਪਾਦਕੀ—ਰਾਜ ਧਰਮ ਲਈ

13 ਬਲਿਊ ਸਟਾਰ ਓਪਰੇਸ਼ਨ ਦੀ ਬਰਸੀ — ਰਾਜਿੰਦਰ ਕੌਰ

19 ਟਾਈਟਲ ਦਾ ਵੇਰਵਾ—
ਖਾਲਸਤਾਨ ਦਾ ਐਲਾਨ —ਐਡੀਟਰ

29 ਅਪ੍ਰੈਲ ਨੂੰ ਐਲਾਨ ਕਿਉਂ ?

25 ਖਾਲਸਤਾਨ ਐਲਾਨ ਦੀ ਦਸਤਾਵੇਜ਼ —ਪ੍ਰੈਸ ਰਲੀਜ਼

30 ਪਾਕਿਸਤਾਨ ਤੇ ਖਾਲਸਤਾਨ —ਇਕ ਰਿਪੋਰਟ

33 ਦਰਬਾਰ ਸਾਹਿਬ ਅੰਦਰ ਪੁਲੀਸ ਕਾਰਵਾਈ—ਵੇਰਵਾ —ਕਿਰਨਜੋਤ ਕੌਰ

39 ਦਰਬਾਰ ਸਾਹਿਬ ਅੰਦਰ ਪੁਲੀਸ ਕਾਰਵਾਈ—ਪ੍ਰਤੀਕਰਮ —ਕਿਰਨਜੋਤ ਕੌਰ

46 ਅਕਾਲੀ ਦਲ ਦੋ ਫਾੜ —ਕਿਰਨਜੋਤ ਕੌਰ

50 ਇਹਵੀ ਜਥੇਦਾਰ ਨੇ, ਤੇ ਉਹਵੀ ਜਥੇਦਾਰ ਨੇ —ਪਿਆਰਾ ਸਿੰਘ ਨਿਰਛਲ

51 ਸ਼ਹੀਦੀਆਂ ਦੀ ਰੁਤ — ਰਾਜਿੰਦਰ ਕੌਰ

52 ਕਰਫਿਊ ਲਾ ਅਵਾਮ ਨੂੰ ਬੰਦ ਕਰਕੇ —ਕਰਨੈਲ ਸਿੰਘ ਖਾਮੋਸ਼

53 ਮਾਸਟਰ ਜੀ ਦੀ ਕਲਮ ਤੋਂ ਸਿਖ ਰਹਿਤ

55 ਕੀ ਸਤਵੰਤ ਸਿੰਘ ਛੁਡਾਇਆ ਜਾਵੇਗਾ —ਇਕ ਰਿਪੋਰਟ

56 ਦੂਰਦਰਸ਼ਨ ਆਕਾਸ਼ਬਾਨੀ ਪ੍ਰੈਸ ਤੇ ਸਿੱਖ —ਅਜੀਤ ਕੌਰ

59 ਸਾਈਂਸ ਫੀਚਰ
ਜੀਵ ਖਾਣ ਵਾਲੇ ਬੂਟੇ

57 ਪਿਤਾ ਜੀ ਦੀਆਂ ਯਾਦਾਂ—ਕਿਸ਼ਤ ਨੰ: 13 — ਰਾਜਿੰਦਰ ਕੌਰ

62 ਸਿੱਖ ਇਤਿਹਾਸ ਕਿਸ਼ਤ ਨੰ: 13

64 ਪਤੀ ਉਤੇ ਸ਼ੱਕ ਨਾ ਕਰੋ —ਮਨੋਵਿਗਿਆਨੀ

65 ਪ੍ਰੈਸ ਰਲੀਜ਼ ਇਸਤਰੀ ਅਕਾਲੀ ਦਲ


ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਡਾ: ਰਾਜਿੰਦਰ ਕੌਰ ਨੇ ਮੌਡੈਸਟ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦਫਤਰ 'ਸੰਤ ਸਿਪਾਹੀ' ਮ. ਤਾਰਾ ਸਿੰਘ ਹਾਊਸ, 4313 ਰਣਜੀਤ ਪੁਰਾ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। ਫੋਨ : 62906—45984

Sant Sipahi - The oldest Panthic Magazine/ www.santsipahi.org

# ਬੱਚਿਆਂ ਨੂੰ ਟੀਕੇ ਲਗਵਾਓ
# ਕਈ ਰੋਗਾਂ ਤੋਂ ਕਰੋ ਬਚਾਓ

ਸਹੀ ਸਮੇਂ ਤੇ ਅਤੇ ਠੀਕ ਉਮਰ ਵਿਚ ਬੱਚੇ ਨੂੰ ਟੀਕਾ ਲਗਾਉਣ ਨਾਲ ਤੁਸੀਂ ਉਸ ਨੂੰ ਕਾਲੀ ਖੰਘ, ਟਿਟਨਸ, ਪੋਲੀਓ, ਟੀ.ਬੀ. ਅਤੇ ਖਸਰੇ ਦੀਆਂ ਖਤਰਨਾਕ ਬੀਮਾਰੀਆਂ ਤੋਂ ਬਚਾ ਸਕਦੇ ਹੋ। ਇਨ੍ਹਾਂ ਬੀਮਾਰੀਆਂ ਨਾਲ ਉਸ ਦੀ ਮੌਤ ਵੀ ਹੋ ਸਕਦੀ ਹੈ ਜਾਂ ਉਹ ਹਮੇਸ਼ਾ ਲਈ ਅਪਾਹਜ ਹੋ ਸਕਦਾ ਹੈ। ਇਹ ਟੀਕੇ ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ ਅਤੇ ਬੁਨਿਆਦੀ ਸਿਹਤ ਕੇਂਦਰਾਂ ਵਿਚ ਮੁਫਤ ਲਾਏ ਜਾਂਦੇ ਹਨ।

**ਟੀਕਾ ਕਦੋਂ ਲਗਵਾਈਏ ?**

| ਉਮਰ | ਟੀਕਾ | ਖੁਰਾਕਾਂ ਦੀ ਗਿਣਤੀ | ਰੋਗ |
|---|---|---|---|
| ● ਗਰਭਵਤੀ ਇਸਤਰੀਆਂ ੧੬ ਤੋਂ ੩੬ ਹਫਤੇ | ਟੀ ਟੀ (ਮਾਂ ਤੇ ਬੱਚੇ ਦੋਹਾਂ ਦੀ ਰੱਖਿਆ ਕਰਦਾ ਹੈ) | ੨* | ਟਿਟਨਸ |
| ● ਬੱਚਾ | | | |
| ੩-੯ ਮਹੀਨੇ | ਡੀ ਪੀ ਟੀ | ੩ | ਡਿਪਥੀਰੀਆ, ਕਾਲੀ ਖਾਂਸੀ, ਟਿਟਨਸ |
| | ਪੋਲਿਓ | ੩ | ਪੋਲਿਓ |
| | ਬੀ ਸੀ ਜੀ | ੧ | ਟੀ ਬੀ. (ਤਪਦਿਕ) |
| ੯-੧੨ ਮਹੀਨੇ | ਖਸਰਾ | ੧ | ਖਸਰਾ |
| ੧੮-੨੪ ਮਹੀਨੇ | ਡੀ ਪੀ ਟੀ | ੧ (ਬੂਸਟਰ) | |
| | ਪੋਲੀਓ | ੧ (ਬੂਸਟਰ) | |

* ਜੇਕਰ ਪਹਿਲਾਂ ਟੀਕਾ ਲਗਿਆ ਹੈ ਤਾਂ ਇਕ ਟੀਕਾ ਲਗਵਾਓ।

ਦੋ ਖੁਰਾਕਾਂ ਵਿਚਕਾਰ ਇਕ ਮਹੀਨੇ ਤੋਂ ਘੱਟ ਦਾ ਫਰਕ ਨਹੀਂ ਹੋਣਾ ਚਾਹੀਦਾ। ਮਾਮੂਲੀ ਖਾਂਸੀ, ਜ਼ੁਕਾਮ, ਹਲਕਾ ਬੁਖਾਰ ਅਤੇ ਦਸਤ ਹੋਣ ਤੇ ਵੀ ਟੀਕਾ ਲਾਇਆ ਜਾਂਦਾ ਹੈ।

ਬੱਚਿਆਂ ਨੂੰ ਟੀਕਾ ਲਾਉਣ ਦਾ ਵਿਆਪਕ ਪ੍ਰੋਗਰਾਮ ਸ੍ਰੀਮਤੀ ਇੰਦਰਾ ਗਾਂਧੀ ਦੇ ਜਨਮ ਦਿਨ, ੧੯ ਨਵੰਬਰ ੧੯੮੫ ਨੂੰ ਸ਼ੁਰੂ ਕੀਤਾ ਗਿਆ। ਇਸ ਪ੍ਰੋਗਰਾਮ ਉਤੇ ਕਾਮਯਾਬ ਅਮਲ ਹੀ ਉਨ੍ਹਾਂ ਲਈ ਸਭ ਤੋਂ ਵੱਧ ਢੁਕਵੀ ਜੀਉਂਦੀ ਯਾਦਗਾਰ ਹੋਵੇਗੀ।



davp 85/429 Pun

ਜਾਰੀ ਕਰਦਾ : ਪਰਵਾਰ ਕਲਿਆਣ ਵਿਭਾਗ, ਭਾਰਤ ਸਰਕਾਰ।

Sant Sipahi - The oldest Panthic Magazine/ www.santsipahi.org

੧ ੴ ਸਤਿਗੁਰ ਪ੍ਰਸਾਦਿ ॥

# 14 ਮਈ ਦੀ ਸੰਗਰਾਂਦ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਆਇਆ ਗੁਰ ਵਾਕ

**ਧਨਾਸਰੀ ਮਹਲਾ ੩ ॥ ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥ ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ੧ ॥ ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥ ੧ ॥ ਰਹਾਉ ॥ ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥ ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ ੧ ॥ ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥ ਸਾਹਿਬ ਭਾਵੈ ਸੋ ਪਰਵਾਣੁ ॥ ਸੋ ਸੇਵਕੁ ਦਰਗਹ ਪਾਵੈ ਮਾਣੁ ॥ ੩ ॥ ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ ਜੋ ਇਛੈ ਸੋਈ ਫਲੁ ਪਾਏ ॥ ਸਾਚਾ ਸਾਹਿਬੁ ਕਿਰਪਾ ਕਰੈ ॥ ਸੋ ਸੇਵਕੁ ਜਮ ਤੇ ਕੈਸਾ ਡਰੈ ॥ ੪ ॥ ਭਨਤਿ ਨਾਨਕੁ ਕਰੇ ਵੀਚਾਰ ॥ ਸਾਚੀ ਬਾਨੀ ਸਿਉ ਧਰੇ ਪਿਆਰੁ ॥ ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥ ੫ ॥ ੨ ॥ ੪ ॥**

ਵਾਹਿਗੁਰੂ ਦਾ ਨਾਮ ਵੀ ਤਾਂ ਹੀ ਸਿਮਰਿਆ ਜਾਂਦਾ ਹੈ ਜੇ ਉਸ ਦੀ ਮੇਹਰ ਹੋਵੇ। ਨਹੀਂ ਤੇ ਮਨੁੱਖ ਮਾਇਆ ਮੋਹ ਦੇ ਦੁਨਿਆਵੀ ਬੰਧਨਾ ਵਿਚ ਹੀ ਭਟਕਦਾ ਫਿਰਦਾ ਹੈ। ਵਾਹਿਗੁਰੂ ਦੀ ਮੇਹਰ ਦਾ ਸਦਕਾ ਹੀ ਵਾਹਿਗੁਰੂ ਦਾ ਮਨ ਵਿਚ ਭੈ ਪੈਦਾ ਹੁੰਦਾ ਹੈ ਤੇ ਉਸ ਨਾਲ ਮਨੁੱਖ ਦੀ ਲਿਵ ਲੱਗਦੀ ਹੈ। ਜਦੋਂ ਵਾਹਿਗੁਰੂ ਨਾਲ ਲਿਵ ਲੱਗ ਜਾਂਦੀ ਹੈ ਤਾਂ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਆਤਮਾ ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ ਰਹਿੰਦਾ। ਦੋਨੋਂ ਹੀ ਇਕ ਰੂਪ ਹੋ ਜਾਂਦੇ ਹਨ। ਜਦੋਂ ਆਤਮਾ ਪ੍ਰਮਾਤਮਾ ਵਿਚ ਭੇਦ ਕੋਈ ਨਹੀਂ ਰਹਿੰਦਾ ਤਾਂ ਮਨੁੱਖ ਦੇ ਅੰਦਰ ਵੱਸ ਰਹੀ ਦੁਬਿਧਾ ਅਥਵਾ ਦਵੈ-ਭਾਵ, ਮੇਰੀ-ਤੇਰੀ ਦੀ ਦੁਚਿਤੀ ਦਾ ਭੇਦ ਹੀ ਖਤਮ ਹੋ ਜਾਂਦਾ ਹੈ। ਜਦੋਂ ਦਵੈ ਭਾਵ ਖਤਮ ਹੋ ਗਿਆ ਤਾਂ ਅੰਤਰ ਆਤਮੇ ਵਾਹਿਗੁਰੂ ਦਾ ਪ੍ਰਕਾਸ਼ ਹੋ ਗਿਆ। ਇਹ ਅਵਸਥਾ ਗੁਰੂ ਦੀ ਮੇਹਰ ਨਾਲ ਹੀ ਹਾਸਿਲ ਹੁੰਦੀ ਹੈ। ਗੁਰੂ ਤੋਂ ਗੁਰਬਾਣੀ ਵਿਚ ਭਾਵ ਵਾਹਿਗੁਰੂ ਦਾ ਮੇਹਰ ਭਰਿਆ ਗੁਰੂ ਸ਼ਬਦ ਹੈ ਜੋ ਕਿ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਮਨੁੱਖੀ ਆਤਮਾ ਵਿਚ ਗਿਆਨ ਦਾ ਪ੍ਰਕਾਸ਼ ਕਰਦਾ ਹੈ।

ਜਦੋਂ ਮੇਰੀ ਤੇਰੀ ਦੀ ਦੁਬਿਧਾ ਖਤਮ ਹੋ ਗਈ ਤੇ ਮਨ ਵਾਹਿਗੁਰੂ ਦੇ ਚਰਨਾਂ ਵਿਚ ਜੁੜ ਗਿਆ ਤਾਂ ਫਿਰ ਮੌਤ ਖਾਂਦੀ ਨਹੀਂ। ਉਸ ਦਾ ਡਰ ਭੈ ਖਤਮ ਹੋ ਜਾਂਦਾ ਹੈ। ਜਦੋਂ ਇਕ ਵਾਹਿਗੁਰੂ ਦੀ ਹੋਂਦ ਦਾ ਗਿਆਨ ਹੋ ਜਾਏ ਜੋ ਕਿ ਏਥੇ ਓਥੇ ਭਾਵ ਇਸ ਦੁਨੀਆਂ ਵਿਚ ਤੇ ਇਸ ਦੁਨੀਆਂ ਤੋਂ ਬਾਅਦ ਵੀ ਵਿਆਪਕ ਹੈ ਤਾਂ ਮੌਤ ਦਾ ਕੀ ਡਰ ਹੋਇਆ। ਮਨੁੱਖ ਨੂੰ ਮੌਤ ਤੋਂ ਡਰ ਉਤਨੀ ਦੇਰ ਤਕ ਲੱਗਦਾ ਹੈ ਜਿਤਨੀ ਦੇਰ ਤਕ ਮਨੁੱਖ ਮੇਰੀ-ਤੇਰੀ ਦੀ ਦੁਬਿਧਾ ਵਿਚ ਗੁਸਿਆ ਹੋਇਆ ਹੁੰਦਾ ਹੈ। ਜਦੋਂ ਮਨੁੱਖ ਅਨੇਕਤਾ ਦੀ ਭਟਕਣ ਤੋਂ ਨਿਕਲਕੇ ਏਕਤਾ ਵਿਚ ਸਮਾ ਜਾਂਦਾ ਹੈ ਫਿਰ ਇਕ ਵਾਹਿਗੁਰੂ ਹਰ ਥਾਂ ਅਨੁਭਵ ਹੋਣ ਲੱਗ ਪੈਂਦਾ ਹੈ। ਮੌਤ ਦਾ ਡਰ ਤੇ ਕਿਧਰੇ ਨੇੜੇ ਨਹੀਂ ਆ ਸਕਦਾ।

ਵਾਹਿਗੁਰੂ ਸੱਚ ਰੂਪ ਹੈ। ਬਾਕੀ ਦੁਨੀਆ ਸਾਰੀ ਨਾਸ਼ਵੰਤ ਹੈ ਇਸ ਕਰਕੇ ਝੂਠ ਹੈ। ਵਾਹਿਗੁਰੂ, "ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" ਇਸ ਸਚੁ ਸਰੂਪ ਵਾਹਿਗੁਰੂ ਨੂੰ ਉਸ ਦੇ ਨਾਮ ਸਿਮਰਨ ਨਾਲ ਹੀ ਪਾਇਆ ਜਾ ਸਕਦਾ ਹੈ। ਵਾਹਿਗੁਰੂ ਨੂੰ ਸਿਮਰਨ ਲਈ ਸਿਰਫ ਵਾਹਿਗੁਰੂ ਦੇ ਨਾਮ ਦਾ ਰਟਨ ਕਰਨਾ ਹੀ ਕਾਫੀ ਨਹੀਂ। ਗੁਰਬਾਣੀ ਵਿਚ ਕਈਂ ਥਾਂ ਉਤੇ ਆਦੇਸ਼ ਹੈ ਕਿ ਵਾਹਿਗੁਰੂ ਮਨ ਬਚ ਤੇ ਕਰਮ ਨਾਲ ਸਿਮਰਿਆ ਜਾਂਦਾ ਹੈ। ਵਾਹਿਗੁਰੂ ਦਾ ਸਿਮਰਨ ਕਰਨ ਵਾਲਿਆਂ ਦੇ ਹਰ ਕਰਮ ਵਿਚੋਂ ਹੀ ਉਸ ਦੇ ਪ੍ਰਕਾਸ਼ ਦੀ ਝਲਕ ਪੈਂਦੀ ਹੈ। ਉਸ ਨੂੰ ਸਿਮਰੀਐ ਤਾਂ ਹੀ ਉਸ ਦਾ ਅੰਦਰ ਪ੍ਰਕਾਸ਼ ਹੁੰਦਾ ਹੈ।

ਜਿਨ੍ਹਾਂ ਦੇ ਅੰਦਰ ਵਾਹਿਗੁਰੂ ਦਾ ਪ੍ਰਕਾਸ਼ ਹੁੰਦਾ ਹੈ ਉਹ ਇਸ ਜ਼ਹਿਰ ਭਰੀ ਦੁਨੀਆ ਵਿਚ ਖਚਤ ਨਹੀਂ ਹੁੰਦੇ ਤੇ ਇਸ ਤੋਂ ਉਪਰਾਮ ਹੀ ਰਹਿੰਦੇ ਹਨ। ਦੁਨੀਆ ਨੂੰ ਜ਼ਹਿਰ ਭਰੀ ਹੋਈ ਦੁਨੀਆ ਮਨੁੱਖ ਨੂੰ ਆਪਣੇ ਅਸਲੇ ਨਾਲੋਂ ਵੱਖਰਾ ਕਰਕੇ ਤ੍ਰਿਸ਼ਨਾ ਦੀ ਭਠੀ ਵਿਚ ਝੋਂਕ ਦਿੰਦੀ ਹੈ। ਜਿਨ੍ਹਾਂ ਨੂੰ ਇਸ ਮੋਹ-ਮਾਇਆ ਦੀ ਦੁਨੀਆ ਦਾ ਗਿਆਨ ਹੋ ਜਾਂਦਾ ਹੈ ਉਹ ਕੰਵਲ ਫੁੱਲ ਵਾਂਗੂੰ ਦੁਨਿਆਵੀ ਚਿੱਕੜ ਵਿਚ ਖੁਭੇ ਹੋਏ ਵੀ ਇਸ ਤੋਂ ਉਪਰਾਮ ਰਹਿੰਦੇ ਹਨ।

ਸਤਿਗੁਰੂ ਦੀ ਸੋਭਾ ਹੀ ਇਹ ਹੈ ਕਿ ਮਨੁੱਖ ਇਸਤ੍ਰੀ ਪੁਤਰਾਂ ਦੀ ਦੁਨੀਆ ਵਿਚ ਖੁਭਿਆ ਹੋਇਆ ਵੀ ਮੁਕਤੀ ਪਾ ਲੈਂਦਾ ਹੈ। ਮਨੁੱਖ ਨੂੰ ਉਪਦੇਸ਼ ਹੈ ਕਿ ਮਨੁੱਖ ਆਪਣੇ ਆਪ ਨੂੰ ਵਾਹਿਗੁਰੂ ਦਾ ਇਕ ਸੇਵਕ ਸਮਝੇ ਤੇ ਇਸ ਦੁਨੀਆਵੀ ਜ਼ਿੰਦਗੀ ਨੂੰ ਸੇਵਾ ਕਰਨ ਦਾ ਇਕ ਮੌਕਾ। ਇਸੇ ਲਈ ਗੁਰਬਾਣੀ ਵਿਚ ਆਉਂਦਾ ਹੈ, "ਵਿਚਿ ਦੁਨੀਆ ਸੇਵ ਕਮਾਈਐ ॥ ਤਾਂ ਦਰਗਹ ਬੈਸਣੁ ਪਾਈਐ।" ਗੁਰੂ ਸਾਹਿਬ ਇਸ ਸ਼ਬਦ ਰਾਹੀ ਫੁਰਮਾਉਂਦੇ ਹਨ ਕਿ ਸੇਵਾ ਨਾਲ ਮਨੁੱਖੀ ਜ਼ਿੰਦਗੀ ਨੂੰ ਸਕਾਰਥਾ ਕਰਕੇ ਹੀ ਮਨੁੱਖ ਵਾਹਿਗੁਰੂ ਦੇ ਦਿਤੇ ਹੋਏ ਜੀਅ-ਪ੍ਰਾਣ ਉਸ ਅਗੇ ਰੱਖ ਕੇ ਸੁਰਖਰੂ ਹੋ ਸਕਦਾ ਹੈ।

ਮਨੁੱਖੀ ਜੀਵ ਲਈ ਉਪਦੇਸ਼ ਹੈ ਕਿ ਉਹ ਵਾਹਿਗੁਰੂ ਦੇ ਹੁਕਮ ਵਿਚ ਚਲੇ ਤੇ ਜੋ ਉਸ ਨੂੰ ਮੰਨਜ਼ੂਰ ਹੋਵੇ ਉਹ ਹੀ ਪ੍ਰਵਾਣ ਕਰੇ। ਅਥਵਾ ਉਸ ਦੀ ਰਜ਼ਾ ਵਿਚ ਰਾਜ਼ੀ ਰਵ੍ਹੇ। ਜੋ ਮਨੁੱਖ ਇਸ ਦੁਨੀਆਂ ਵਿਚ ਵਾਹਿਗੁਰੂ ਦਾ ਸੇਵਕ ਕਰਕੇ ਵਿਚਰਦਾ ਹੈ ਤੇ ਉਸ ਦੇ ਹੁਕਮ ਅਨੁਸਾਰ ਚਲਦਾ ਤੇ ਉਸ ਦੀ ਰਜ਼ਾ ਨੂੰ ਸਿਰ ਮੱਥੇ ਮੰਨਦਾ ਹੈ ਉਹ ਹੀ ਸੱਚੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ। ਉਹ ਸਤਿਗੁਰੂ ਦੇ ਰੂਪ ਨੂੰ ਆਪਣੇ ਮਨ ਵਿਚ ਵਸਦਾ ਹੈ ਤੇ ਜੋ ਉਸ ਦੀ ਇਛਾ ਹੁੰਦੀ ਹੈ ਉਹ ਫਲ ਹੀ ਉਸ ਨੂੰ ਮਿਲ ਜਾਂਦਾ ਹੈ। ਜਿਸ ਉਤੇ ਸੱਚੇ ਮਾਲਕ ਦੀ ਕਿਰਪਾ ਹੋਵੇ ਉਸ ਨੂੰ ਜਮਾਂ ਤੇ ਮੌਤ ਦਾ ਡਰ ਨਹੀਂ ਰਹਿੰਦਾ। ਨਾਨਕ ਬੇਨਤੀ ਕਰਦਾ ਹੈ ਕਿ ਸੋਚ ਸਮਝ ਕੇ ਜੇ ਕੋਈ ਸੱਚੀ ਬਾਣੀ ਨਾਲ ਪਿਆਰ ਕਰੇ ਤਾਂ ਉਸ ਨੂੰ ਮੁਕਤੀ ਦਾ ਦੁਆਰ ਹਾਸਿਲ ਹੋ ਜਾਂਦਾ ਹੈ। ਗੁਰੂ ਦਾ ਸ਼ਬਦ ਹੀ ਜਪ ਤੇ ਤਪ ਦਾ ਮੂਲ ਮੁਦਾ ਹੈ। ਭਾਵ ਗੁਰੂ ਸ਼ਬਦ ਰਾਹੀਂ ਹੀ ਜਪ ਤਪ ਸਬੰਧੀ ਸਹੀ ਤਤ ਦਾ ਪਤਾ ਲੱਗਦਾ ਹੈ।

Sant Sipahi - The oldest Panthic Magazine/ www.santsipahi.org

# ਪਾਠਕਾਂ ਦੇ ਪੰਨੇ

## ਪ੍ਰੇਮ ਪਿਆਰ ਤੇ ਸਦਭਾਵਨਾ

ਮੈਂ ਬਦੇਸ਼ ਵਿਚ ਨੌਕਰੀ ਕਰਦਾ ਹਾਂ ਤੇ ਬੰਬਈ ਦੇ ਰਹਿਣ ਵਾਲਾ ਹਾਂ। ਸੰਤ-ਸਿਪਾਹੀ ਪੜ੍ਹਨ ਦਾ ਮੌਕਾ ਮਿਲਦਾ ਰਹਿੰਦਾ ਹੈ। ਇਸ ਦੇ ਪੜ੍ਹਨ ਨਾਲ ਜਿਥੇ ਖੁਸ਼ੀ ਹੁੰਦੀ ਹੈ ਉਥੇ ਥੋਹੜਾ ਦੁਖ ਵੀ ਹੁੰਦਾ ਹੈ। ਤੁਸੀਂ ਗੁਰੂ ਸਾਹਿਬਾਨ ਦੀ ਸਿਖਿਆ ਨੂੰ ਨਜ਼ਰ ਅੰਦਾਜ਼ ਕਰਕੇ ਫਿਰਕਾ-ਪ੍ਰਸਤੀ ਦੀਆਂ ਗੱਲਾਂ ਕਰਨ ਲੱਗ ਪੈਂਦੇ ਹੋ ਜੋ ਕਿ ਖਤਰਨਾਕ ਹੈ। ਸਾਰੇ ਮਸਲੇ ਪ੍ਰੇਮ ਪਿਆਰ ਨਾਲ ਹਲ ਕੀਤੇ ਜਾ ਸਕਦੇ ਹਨ।

ਸਿੱਖਾਂ ਨੂੰ ਤੇ ਸਿੱਖ, ਸਰਦਾਰ ਤੇ ਸਿੰਘ ਦੀ ਪ੍ਰੀਭਾਸ਼ਾ ਹੀ ਪਤਾ ਨਹੀਂ। ਸਾਨੂੰ ਪੰਜਾਬੀ ਸੂਬਾ ਨਹੀਂ ਪੰਜਾਬੀ ਸੂਬੀ ਮਿਲੀ ਹੈ। ਜਿਸ ਨਾਲ ਲਾਭ ਸਾਨੂੰ ਕੋਈ ਹੋਇਆ ਨਹੀਂ ਤੇ ਦੂਜੇ ਸੂਬਿਆਂ ਨਾਲ ਖਾਹ-ਮ-ਖਾਹ ਦੁਸ਼ਮਣੀ ਪੈ ਗਈ ਹੈ। ਇਸ ਚੀਜ਼ ਦੀ ਕੀ ਗਰੰਟੀ ਹੈ ਕਿ ਜੇ ਕੇਂਦਰ ਉਤੇ ਵੀ ਸਿੱਖਾਂ ਦਾ ਰਾਜ ਹੋ ਜਾਵੇ ਤਾਂ ਇਹ ਖੁਸ਼ ਰਹਿ ਸਕਦੇ ਹਨ ਕਿਉਂਕਿ ਰਾਜ ਦਾ ਲਾਲਚ ਤੇ ਵਧਦਾ ਜਾਂਦਾ ਹੈ।

ਤੁਸੀਂ ਜ਼ਨਾਨੀਆਂ ਦੀ ਘਟੀਆ ਪੱਜੀਸ਼ਨ ਬਾਰੇ ਲਿਖਦੇ ਹੋ "ਬਾਹਮਣਵਾਦ ਦਾ ਅਸਰ"। ਅਸਲ ਵਿਚ ਸਿੱਖਾਂ ਵਿਚ ਪਰਦੇ ਦਾ ਰੁਆਜ਼ ਮੁਸਲਮਾਨਾਂ ਦੇ ਅਸਰ ਨਾਲ ਸ਼ੁਰੂ ਹੋਇਆ। ਮੁਸਲਮਾਨਾਂ ਵਿਚ ਜ਼ਨਾਨੀ ਨੂੰ ਘਟੀਆ ਗਿਣਿਆ ਜਾਂਦਾ ਹੈ। ਪਾਕਿਸਤਾਨ ਵਿਚ ਇਕ ਆਦਮੀ ਦੀ ਗਵਾਹੀ ਨੂੰ ਦੋ ਜ਼ਨਾਨੀਆਂ ਦੀ ਗਵਾਹੀ ਦੇ ਬਰਾਬਰ ਸਮਝਿਆ ਜਾਂਦਾ ਹੈ। ਅਰਬ ਦੇਸ਼ਾਂ ਵਿਚ ਜ਼ਨਾਨੀ ਦੀ ਨਜ਼ਦੀਕੀ ਰਿਸ਼ਤੇਦਾਰੀ (ਨੇਕਸਟ ਆਫ ਕਿਨ) ਹੀ ਨਹੀਂ ਹੋ ਸਕਦੀ ਤੇ ਔਰਤਾਂ ਹਲੀਂ ਤਕ ਖਰੀਦੀਆਂ ਤੇ ਵੇਚੀਆਂ ਜਾਂਦੀਆਂ ਹਨ।

ਸਿੱਖ ਪਾਕਿਸਤਾਨ ਦੇ ਹਥੀਂ ਚੜ੍ਹ ਕੇ ਦੇਸ਼ ਵਿਰੋਧੀ ਗੱਲਾਂ ਕਰਦੇ ਹਨ ਜਿਸ ਤਰ੍ਹਾਂ ਕਿ ਜੇ ਹੁਣ ਪਾਕਿਸਤਾਨ ਵਿਰੁਧ ਲੜਾਈ ਹੋਈ ਤਾਂ ਸਿੱਖ ਮਦਦ ਨਹੀਂ ਕਰਨਗੇ ਆਦਿ। ਕੁਰਬਾਨੀ ਦਾ ਕੋਈ ਮੁੱਲ ਨਹੀਂ ਹੁੰਦਾ। ਜੇ ਸਿੱਖ ਬਣਨਾ ਹੈ ਤਾਂ ਕੁਝ ਨਾ ਕੁਝ ਕੁਰਬਾਨੀ ਕਰਨੀ ਹੀ ਪਵੇਗੀ ਨਹੀਂ ਤੇ ਸਿੱਖਾਂ ਤੇ ਦੂਜਿਆਂ ਵਿਚ ਕੀ ਫਰਕ ਹੋਇਆ। ਸਿੱਖਾਂ ਦੀ ਵਰਦੀ ਦੀ ਸਿਪਾਹੀਆਂ ਵਾਂਗੂ ਇੱਜ਼ਤ ਹੋਣੀ ਚਾਹੀਦੀ ਹੈ।

ਪਾਕਿਸਤਾਨੀ ਸਾਡੇ ਪੱਕੇ ਦੁਸ਼ਮਣ ਹਨ। ਪਾਕਿਸਤਾਨੀ ਮੁਸਲਮਾਨਾਂ ਕੋਲੋਂ ਆਮ ਸੁਣਨ ਵਿਚ ਆਉਂਦਾ ਹੈ।

1. ਸਿੱਖ ਬੜੇ ਜ਼ਾਲਿਮ ਹਨ। ਇਨ੍ਹਾਂ ਦੇ ਕਿਸੇ ਵੱਡੇ ਨੇ ਕਿਹਾ ਸੀ ਕਿ ਸਾਰੇ ਮੁਸਲਮਾਨਾਂ ਖਤਮ ਕਰਕੇ ਹੀ ਛਿਹ ਮਨਾਉਣਗੇ।

2. ਜੇ ਸਿੱਖ ਰਸਤੇ ਵਿਚ ਨਾ ਹੋਣ ਤਾਂ ਉਹ ਇਕ ਦਿਨ ਵਿਚ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾ ਦੇਣ।

3. ਹਿੰਦੂਆਂ ਤੇ ਸਿੱਖਾਂ ਨੂੰ ਪੱਕਾ ਕਾਫਰ ਕਹਿੰਦੇ ਹਨ। ਓਮਾਨ ਦੀ ਫੌਜ ਵਿਚ ਜਿਤਨੇ ਹਿੰਦੂ, ਸਿੱਖ ਤੇ ਬੋਧੀ ਰਸੋਈਏ ਸਨ ਉਹ ਸਾਰੇ ਕੱਢ ਦਿਤੇ ਹਨ ਕਿਉਂਕੇ ਇਸਲਾਮ ਵਿਚ ਲਿਖਿਆ ਹੈ ਕਿ ਇਨ੍ਹਾਂ ਦੇ ਹੱਥਾਂ ਦੀ ਰੋਟੀ ਨਹੀਂ ਖਾਣੀ।

ਸਾਰੇ ਮੁਸਲਮਾਨ ਏਹੋ ਜੇਹੇ ਨਹੀਂ ਪਰ ਬਹੁ-ਗਿਣਤੀ ਏਹੋ ਜੇਹਿਆ ਦੀ ਹੈ। ਪਿਛੇ ਜੇਹੇ ਮੁਹੰਮਦ ਸਦੀਕੀ ਸ਼ਾਰਜਾ ਆਇਆ ਸੀ ਤਾਂ ਉਸ ਨਾਲ ਰਣਜੀਤ ਕੌਰ ਸੀ ਤੇ ਸਦੀਕੀ ਨੂੰ ਇਸ ਕਰਕੇ ਕੁੱਟਣ ਪਏ ਸੀ ਕਿਉਂਕੇ ਉਹ ਇਕ ਕਾਫਰ ਨਾਲ ਤੁਰਿਆ ਫਿਰਦਾ ਹੈ।

ਆਸ ਹੈ ਆਪ ਇਨ੍ਹਾਂ ਗੱਲਾਂ ਦਾ ਜੁਆਬ ਦੇਵੋਂਗੇ।

ਹਰਭਜਨ ਸਿੰਘ, ਸਲਾਲਾ

ਐਡੀਟਰ :-ਤਕਰੀਬਨ ਸਾਰੇ ਧਰਮਾਂ ਵਿਚ ਹੀ ਇਸਤ੍ਰੀ ਨੂੰ ਪੁਰਖ ਨਾਲੋਂ ਘਟੀਆ ਸਮਝਿਆ ਜਾਂਦਾ ਹੈ ਪਰ ਸਿੱਖਾਂ ਧਰਮ ਦੀਆਂ ਸਮਾਜਿਕ ਸਾਂਝਾਂ ਹਿੰਦੂਆਂ ਨਾਲ ਹੋਣ ਕਰਕੇ ਉਨ੍ਹਾਂ ਦਾ ਸਿੱਖਾਂ ਉਤੇ ਅਸਰ ਹੁੰਦਾ ਹੈ।

ਸਿੱਖਾਂ ਦੀ ਅਸਲ ਲੜਾਈ ਆਪਣੀ ਹੋਂਦ ਤੇ ਅਜ਼ਾਦ ਰਾਜਸੀ ਸ਼ਕਤੀ ਦੀ ਹੈ। ਜੇ ਪੰਜਾਬ ਦਾ ਹਿੰਦੂ ਪੰਜਾਬੀ ਬੋਲੀ ਨੂੰ ਖਤਮ ਕਰਨ ਦੇ ਰਸਤੇ ਉਤੇ ਇਸ ਕਰਕੇ ਚਲ ਪਵੇ ਕਿ ਪੰਜਾਬੀ ਸਿੱਖ ਧਰਮ ਤੇ ਸਿੱਖ ਸਭਿਅਤਾ ਨਾਲ ਜੁੜੀ ਹੋਈ ਹੈ ਤਾਂ ਸਿੱਖ ਕੀ ਕਰਨਗੇ। ਸਿੱਖਾਂ ਦਾ ਇਸ ਵਕਤ ਜੋ ਹਿੰਦੂ ਫਿਰਕਾ-ਪ੍ਰਸਤ ਹਾਲ ਕਰ ਰਹੇ ਹਨ, ਉਸ ਦਾ ਕੀ ਇਲਾਜ ਹੈ ? ਤੁਸੀਂ ਸੰਤ-ਸਿਪਾਹੀ ਬਕਾਇਦਾ ਪੜ੍ਹਦੇ ਰਵੋ ਤੁਹਾਨੂੰ ਸਭ ਕੁਝ ਪਤਾ ਲੱਗ ਜਾਵੇਗਾ। ਤੁਸੀਂ ਪੰਜਾਬ ਤੋਂ ਬਾਹਰ ਰਹੇ ਹੋ ਜਿਸ ਕਰਕੇ ਕਈ ਗੱਲਾਂ ਤੋਂ ਅਨਜਾਣ ਹੋ।

## ਲੀਡਰਾਂ ਨੂੰ ਸਮਝਾਓ

ਮੇਰੀ ਬੇਨਤੀ ਹੈ ਕਿ ਆਪ ਇਸ 'ਕੌਮ ਦੇ ਲੀਡਰਾਂ ਨੂੰ ਸਮਝਾਉ।' ਇਹਨਾਂ ਦੀ ਪੁਰਾਣੀ ਬੇਇਤਫਾਕੀ ਦੀ ਚਾਲ ਖਤਮ ਨਹੀਂ ਹੋਈ। ਕੌਮ ਨੂੰ ਇਹ ਕਿਸ ਪਾਸੇ ਲੈ ਕੇ ਜਾ ਰਹੇ ਹਨ। ਇਹਨਾਂ ਪਾਸ ਕੋਈ ਨਿਸ਼ਾਨਾ ਨਹੀਂ ਹੈ। ਇਨ੍ਹਾਂ ਲੀਡਰਾਂ ਨੇ ਸਭ ਕੁਝ ਅੱਖੀਂ ਦੇਖ ਲਿਆ ਹੈ। ਪਰ ਇਹਨਾਂ ਨੂੰ ਅਜੇ ਤੀਕ ਹੋਸ਼ ਨਹੀਂ ਆਈ। ਕੀ ਇਸ ਤਰ੍ਹਾਂ ਦੇ ਲੀਡਰਾਂ ਦੀ ਅਗਵਾਈ ਹੇਠ ਇਸ ਕੌਮ ਦਾ ਭਲਾ ਹੋ ਸਕੇਗਾ ?

ਮਹਿੰਦਰ ਸਿੰਘ।

## ਅਕਾਲੀਆਂ ਨੇ ਕੀ ਕੀਤਾ ?

ਆਪ ਅਕਾਲੀ ਸਰਕਾਰ ਦੀ ਬੜੀ ਤਾਰੀਫ ਕਰਦੇ ਹੋ। ਮੈਂ ਪੱਕਾ ਅਕਾਲੀ ਹਾਂ ਪਰ ਮੈਂ ਤੁਹਾਡੇ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਤੋਂ ਅਕਾਲੀਆਂ ਨੇ ਕੀ ਪ੍ਰਾਪਤ ਕੀਤਾ ਹੈ ? ਕੀ ਅਕਾਲੀਆਂ ਨੇ ਕੇਂਦਰ ਸਰਕਾਰ ਤੋਂ ਅਨੰਦਪੁਰ ਸਾਹਿਬ ਦਾ ਮਤਾ ਮੰਨਵਾ ਲਿਆ ਹੈ ? ਜੋ ਸਮਝੌਤਾ ਕੀਤਾ ਸੀ ਕੀ ਲਾਗੂ ਕਰਵਾ ਲਿਆ ਹੈ ? ਪੰਜਾਬ ਨੂੰ ਕੀ ਮਿਲਿਆ ਹੈ ਸਿਰਫ ਨੌਜਵਾਨਾਂ ਦੀਆਂ ਲਾਸ਼ਾਂ ? ਕੀ ਸਾਨੂੰ ਵੱਧ ਅਧਿਕਾਰ ਦੇ ਦਿਤੇ ਹਨ ? ਕੀ ਸਰਕਾਰੀਆ ਕਮਿਸ਼ਨ ਨੇ ਕੋਈ ਰਿਪੋਰਟ ਦਿੱਤੀ ਹੈ ? ਚੰਡੀਗੜ੍ਹ ਬਦਲੇ ਦੋਬਾਰਾ ਵੈਂਕਟਰਮਈਆ ਕਮਿਸ਼ਨ ਬਿਠਾਉਣ ਦੀ ਕੀ ਜ਼ਰੂਰਤ ਸੀ ਜਦੋਂ ਕਿ ਮੈਥਿਊ ਕਮਿਸ਼ਨ ਨੇ ਰੀਪੋਰਟ ਦੇ ਦਿਤੀ ਸੀ ਕਿ ਪੰਜਾਬ ਵਿਚ ਹਿੰਦੀ ਬੋਲਦੇ ਇਲਾਕੇ ਨਹੀਂ ਹਨ ? ਕੀ ਪੰਜਾਬੀ ਬੋਲਦੇ ਇਲਾਕਿਆਂ ਨੂੰ ਲੱਭਣ ਵਾਸਤੇ ਕੋਈ ਕਮਿਸ਼ਨ ਬਿਠਾਇਆ ਹੈ ? ਤੇ ਫਿਰ ਜਿਸ ਅਕਾਲੀ ਸਰਕਾਰ ਨੂੰ 70% ਲੋਕਾਂ ਨੇ ਵੋਟ ਦੇ ਕੇ ਤਾਕਤ ਦਿੱਤੀ ਉਹ ਉਨ੍ਹਾਂ ਬਾਰੇ ਹੁਣ ਕੁਝ ਨਹੀਂ ਸੋਚਣਗੇ ? ਲੱਗਦਾ ਹੈ ਅਨੰਦਪੁਰ ਸਾਹਿਬ ਦਾ ਮਤਾ ਕਿਸੇ ਵੱਟੇ ਖਤੇ ਹੀ ਪੈ ਗਿਆ ਹੈ। ਫਿਰ ਬਾਬਾ ਜੋਗਿੰਦਰ ਸਿੰਘ ਜੋ ਕਿ ਉਪਰੋਕਤ ਮੰਗਾਂ ਦੀ ਪ੍ਰੋੜਤਾ ਕਰਦਾ ਹੈ, ਉਸ ਨੂੰ ਮਾੜਾ ਨਹੀਂ ਕਿਹਾ ਜਾ ਸਕਦਾ। ਕੀ ਜੋਧਪੁਰ ਦੇ ਕੈਦੀ ਰਿਹਾ ਹੋ ਗਏ ਹਨ ? ਕੀ ਫੌਜੀ ਭਗੌੜਿਆਂ ਦੇ ਕੇਸ ਨੇਪਰੇ ਚੜ੍ਹ ਗਏ ਹਨ ? ਫਿਰ ਜਦੋਂ ਕੇਂਦਰ ਸਰਕਾਰ ਸਿੱਖਾਂ ਨੂੰ ਕੁਝ ਦੇ ਕੇ ਹੀ ਨਹੀਂ ਰਾਜ਼ੀ ਤਾਂ ਸਿੱਖਾਂ ਨੂੰ ਆਪਣੇ ਹੱਕਾਂ ਵਾਸਤੇ ਜੂਝਣ ਲਈ ਉਪਰਾਲੇ ਤਾਂ ਕਰਨੇ ਹੀ ਪੈਣਗੇ। ਲਿਖਣਾ ਤਾਂ ਹੋਰ ਵੀ ਬਹੁਤ ਕੁਝ ਸੀ ਪ੍ਰੰਤੂ ਇਸ ਚਿੱਠੀ ਵਿਚ ਤਾਂ ਇਤਨਾ ਹੀ ਆਇਆ ਹੈ। ਦੰਗਾ ਪੀੜਤ ਪਰਿਵਾਰਾਂ ਬਾਰੇ ਸਰਕਾਰ ਰੋਜ਼ ਨਿੱਤ ਬਿਆਨ ਦਿੰਦੀ ਹੈ ਪਰ ਮੇਰੇ ਭਾਈ ਦਾ ਜੋ ਕਿ ਉੜੀਸਾ ਵਿਚ ਰਹਿੰਦਾ ਸੀ ਜਿਸ ਦੇ ਸਾਡੇ ਕੋਲ ਸਬੂਤ

Sant Sipahi - The oldest Panthic Magazine/ www.santsipahi.org

ਹਨ, ਦਾ ਕਾਰਡ ਹੀ ਨਹੀਂ ਬਣਿਆ ਸਿਰਫ ਅਫਸਰਸ਼ਾਹੀ ਕਰਕੇ। ਇਸ ਦੀ ਦਾਸਤਾਨ ਫਿਰ ਲਿਖਾਂਗਾ।

ਬਲਵਿੰਦਰ ਸਿੰਘ ਐਮ. ਏ.

## ਪੰਥਕ ਲੀਡਰ ਤੇ ਪੰਥਕ ਨਿਸ਼ਾਨਾ

'ਸੰਤ-ਸਿਪਾਹੀ' ਮਿਲ ਰਹਿਆ ਹੈ ਅਤੇ ਇਸ ਵਿਚੋਂ ਆਪ ਜੀ ਦੀ ਯੋਗਤਾ ਪ੍ਰਤੱਖ ਨਜ਼ਰ ਆਉਂਦੀ ਹੈ। ਆਸ ਹੈ ਕਿ ਬਹੁਤ ਸਾਰੇ ਸਿੱਖ ਆਪਦੀਆਂ ਲਿਖਤਾ ਨੂੰ ਪੜ੍ਹ ਕੇ ਗਿਆਨ ਹਾਸਲ ਕਰਨਗੇ ਅਤੇ ਅੱਗੇ ਤੋਂ ਐਂਵੇਂ ਗੁਮਰਾਹ ਨਹੀਂ ਹੋਣਗੇ। ਪਰ ਜਾਪਦਾ ਇਉਂ ਹੈ ਕਿ ਸਿੱਖਾਂ ਨੇ ਅਜੇ ਆਪਣੇ ਲੀਡਰਾਂ ਨੂੰ ਪਛਾਨਣਾ ਤੇ ਉਹਨਾਂ ਕੋਲੋਂ ਜੁਆਬ ਤਲਬੀ ਕਰਨੀ ਨਹੀਂ ਸਿਖੀ। ਜਿਨ੍ਹਾਂ ਨੇ ਕੌਮ ਦੀ ਤਬਾਹੀ ਕਰਾਈ ਹੋਵੇ ਉਹਨਾਂ ਨੂੰ ਹੀ ਮੁੜ ਅਗੇ ਲਿਆਉਂਦਾ ਜਾਂਦਾ ਹੈ। ਵੀਚਾਰ ਦੀ ਬਹੁਤ ਘਾਟ ਹੈ ਖੁਦਗਰਜ਼ੀ, ਭਾਈਬੰਦੀ, ਰਿਸ਼ਵਤਖੋਰੀ ਆਦਿ ਹੀ ਪ੍ਰਬਲ ਹਨ। ਗਿਆਨ ਨਹੀਂ। ਸੰਤ-ਸਿਪਾਹੀ ਵਿਚ ਚੰਗੇ ਬਾਦਲੀਲ ਲੇਖ ਹੁੰਦੇ ਹਨ ਭਾਵੇ ਸਾਰੀਆਂ ਗੱਲਾਂ ਨਾਲ ਅਸੀਂ ਸਹਿਮਤ ਨਹੀਂ। ਜੇ ਬਰਨਾਲੇ ਨੂੰ ਨਾ ਬੋਲਣ ਦੇਣਾ ਅਕਲਮੰਦੀ ਨਹੀਂ ਸੀ ਤਾਂ ਭਾਈ ਮੋਹਕਮ ਸਿੰਘ ਨੂੰ ਇਸ ਤਰੀਕੇ ਨਾਲ ਫੜਨਾ ਭੀ ਅਕਲਮੰਦੀ ਨਹੀਂ। ਇਕ ਗੱਲ ਤੇ ਹੁਣ ਬਿਲਕੁਲ ਹੀ ਸਪੱਸ਼ਟ ਹੈ ਕਿ ਜਿੰਨਾ ਚਿਰ ਸਿੱਖਾਂ ਦੇ ਹੱਥ ਵਿਚ ਆਪਣੀ ਰਾਖੀ, ਆਪਣੇ ਗੁਰਦੁਵਾਰਿਆਂ ਅਤੇ ਇਤਿਹਾਸਕ ਵਿਰਸੇ ਦੀ ਰਾਖੀ ਲਈ ਸ਼ਕਤੀ ਨਹੀਂ ਆਉਂਦੀ ਉਤਨਾ ਚਿਰ ਹੁਣ ਸਿੱਖਾਂ ਦਾ ਜੀਉਣਾ ਹਰਾਮ ਹੈ। ਹਰ ਜਗ੍ਹਾ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਸਿੱਖਾਂ ਨੂੰ ਕਿਹਾ ਜਾਂਦਾ ਹੈ ਕਿ ਵਿਧਾਨ ਅਤੇ ਕਨੂੰਨ ਅਨੁਸਾਰ ਚਲੋਂ ਪਰ ਸਰਕਾਰ ਤੇ ਪੁਲੀਸ ਫੋਜ ਆਦਿ ਇਕ ਭੀ ਕਾਨੂੰਨ ਦੀ ਧਾਰਾ ਅਨੁਸਾਰ ਨਹੀਂ ਚਲ ਰਹੀ। ਸਕਤੀ ਨਾਲ ਸਖਤੀ ਤੇ ਮਨਮਰਜ਼ੀ ਵੀ ਹੈ। ਰਾਜੀਵ ਨੂੰ ਪੁਛਿਆ ਜਾਵੇ ਕਿ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਕਾਤਲਾਂ ਨੂੰ ਵਿਧਾਨ ਦੀ ਕਿਹੜੀ ਧਾਰਾ ਥੱਲੇ ਬਚਾ ਕੇ ਰੱਖਿਆ ਜਾ ਰਿਹਾ ਹੈ? ਜਿੰਨਾ ਚਿਰ ਸਰਕਾਰ ਕਾਨੂੰਨ ਨਾਲ ਨਾ ਚਲੇ ਤੇ ਆਪ ਕਹੇ ਕਿ ਜਨਤਾ ਉਸ ਕਾਨੂੰਨ ਅਧੀਨ ਚਲੇ। ਇਹ ਕਦੀ ਬਹੁਤ ਚਿਰ ਨਹੀਂ ਹੋਇਆ ਹੈ, ਨਾ ਹੋਵੇਗਾ। ਸਗੋਂ ਸਰਕਾਰ ਆਪ ਪਹਲੇ ਦਰਜੇ ਦੀ ਦਹਿਸ਼ਤ ਪਸੰਦ ਹੈ। ਚੰਡੀਗੜ੍ਹ ਦੇ ਗੁਰਦੁਆਰੇ ਵਿਚ ਜੋ ਹੋਇਆ ਲਿਖਿਆ ਹੈ ਤੇ ਸਰਦਾਰ ਰਨਜੀਤ ਸਿੰਘ ਰਿਆੜ ਨਾਲ ਜੋ ਸਲੂਕ ਕੀਤਾ ਗਿਆ ਹੈ, ਕੀ ਉਹ ਕਾਨੂੰਨ ਅਨੁਸਾਰ ਅਪਰਾਧ ਨਹੀਂ? ਫੋਜ ਅਤੇ ਸਰਕਾਰ ਉਤੇ ਹਰਜਾਨੇ ਲਈ ਦੀਵਾਨੀ ਦਾਹਵਾ ਭੀ ਕੀਤਾ ਜਾਣਾ ਚਾਹੀਦਾ ਹੈ। ਇਸ ਦੀ ਪੂਰੀ ਰੀਪੋਰਟ ਥਾਣੇ ਵਿਚ ਦਰਜ ਕਰਾਉਣੀ ਚਾਹੀਦੀ ਹੈ, ਜੇ ਉਸ ਤੇ ਅੱਜ ਅਮਲ ਨਾ ਹੋਇਆ ਤਾਂ ਹੋ ਸਕਦਾ ਹੈ ਆਉਣ ਵਾਲੇ ਸਮੇਂ ਵਿਚ ਕੀਤਾ ਜਾਵੇ। ਏਸੇ ਤਰ੍ਹਾਂ ਸਾਡੀ ਆਪ ਜੀ ਪਾਸ ਬੇਨਤੀ ਹੈ ਕਿ ਇੰਡੀਆ ਦੀ ਸਾਰੀ ਦੀ ਸਾਰੀ ਕੈਬੀਨਟ ਤੇ ਖਾਸ ਕਰਕੇ, ਰਾਜੀਵ ਤੇ ਉਸ ਦੇ ਗ੍ਰਹਿ ਮੰਤਰੀ, ਰੱਖਿਆ ਮੰਤਰੀ ਆਦਿ ਦੇ ਬਰਖਿਲਾਫ ਕਿਸੇ ਥਾਣੇ ਵਿਚ ਰੀਪੋਰਟ ਜ਼ਰੂਰ ਦਰਜ ਹੋਣੀ ਚਾਹੀਦੀ—ਇਹਨਾਂ ਨੇ ਆਪਣੇ ਫਰਜ ਦੀ ਕੁਤਾਹੀ ਕੀਤੀ ਹੈ ਤੇ ਸਗੋਂ ਅਪਰਾਧੀਆਂ ਦਾ ਸਾਥ ਦੇ ਕੇ ਹੁਣ ਉਹਨਾਂ ਨੂੰ ਬਚਾ ਕੇ ਰੱਖ ਰਹੇ ਹਨ। ਕਨੂੰਨੀ ਸਲਾਹਕਾਰਾਂ ਦੀ ਸਲਾਹ ਨਾਲ ਸਭ ਰੀਪੋਰਟਾਂ ਦਰਜ ਹੋਣੀਆਂ ਜ਼ਰੂਰੀ ਹਨ ਭਾਵੇਂ ਅਮਲ ਹੁਣ ਹੋਵੇ ਜਾਂ ਨਾ ਪਰ ਇਹ ਆਉਣ ਵਾਲੇ ਸਮੇਂ ਵਿਚ ਕੰਮ ਆਉਣਗੀਆਂ। ਗੁਰਦੁਆਰਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਭ ਅਪਰਾਧ ਹਨ ਇਸ ਲਈ ਰੀਪੋਰਟਾਂ ਹੋਣੀਆਂ ਜ਼ਰੂਰੀ ਹਨ। ਸਿੱਖਾਂ ਨੂੰ ਹੁਣ ਆਪਣਾ ਨਿਸ਼ਾਨਾ ਮਿਥ ਲੈਣਾ ਚਾਹੀਦਾ ਤੇ ਨਿਸ਼ਾਨੇ ਤੋਂ ਬਿਨਾ ਪ੍ਰਾਪਤੀ ਔਖੀ ਹੈ। ਸਮਝੌਤਾ ਕਰਨ ਵਾਲਿਆ ਨੂੰ ਪੁਛਿਆ ਜਾਵੇ ਕਿ 'ਸਮਝੌਤੇ' ਜਾਂ ਸਾਜ਼ਸ਼ ਵੇਲੇ ਉਨ੍ਹਾਂ ਨੇ ਧਾਰਮਿਕ ਇਕ ਗੱਲ ਭੀ ਨਹੀਂ ਕੀਤੀ। ਸ੍ਰੀ ਗੁਰੂ ਸਾਹਿਬ ਅਤੇ ਗੁਰਦੁਆਰਿਆਂ ਦੀ ਬੇਅਦਬੀ ਲਈ ਇਕ ਨਾਮ-ਮਾਤਰ ਭੀ ਮੁਆਫੀ ਨਹੀਂ ਦਰਜ ਕਰਵਾਈ। ਭਾਰਤ ਤੋਂ ਬਾਹਰਲੇ ਸਿੱਖ ਹਮੇਸ਼ਾ ਹੀ ਪੰਥ ਦਾ ਅਤੁਟ ਹਿਸਾ ਰਹੇ ਹਨ ਅਤੇ ਹਰ ਸੇਵਾ ਵਿਚ ਵਧ ਚੜ੍ਹ ਕੇ ਹਿਸਾ ਪਾਉਂਦੇ ਰਹੇ ਹਨ। ਇਸਤਰੀਆਂ ਦਾ ਹੁਣ ਦੇ ਜੁਗ ਵਿਚ ਖਾਸ ਭਾਗ ਹੈ, ਪਰ ਸਿੱਖ ਇਸਤਰੀ ਅਜੇ ਭੀ ਪਛੜੀ ਹੋਈ ਹੈ। ਉਹਨਾਂ ਨੂੰ ਇਸ ਪਾਸੇ ਲਾਉਣਾ ਬੜਾ ਜ਼ਰੂਰੀ ਹੈ। ਉਹਨਾਂ ਦੇ ਧਾਰਮਿਕ ਤੇ ਸਿਆਸੀ ਗਿਆਨ ਅਤੇ ਸੂਝ-ਬੂਝ ਵਿਚ ਵਾਧਾ ਅਤੇ ਸਰੀਰ ਦੀ ਮਜ਼ਬੂਤੀ ਲਈ ਸਿਖਲਾਈ ਹੁਣ ਅਤਿਅੰਤ ਜ਼ਰੂਰੀ ਹੈ ਆਸ ਹੈ ਕਿ ਆਪ ਜੀ ਇਸ ਪਾਸੇ ਧਿਆਨ ਦਿਉਗੇ। ਇਹ ਤੇ ਹੁਣ ਬਿਲਕੁਲ ਹੀ ਸਪੱਸ਼ਟ ਹੈ ਕਿ ਵੱਖਰੀ ਹੋਂਦ ਤੋਂ ਬਿਨਾ ਸਿੱਖ ਕਦੀ ਭੀ ਸਿਰ ਨਹੀਂ ਚੁਕ ਸਕਣਗੇ। ਸੋ ਜੋ ਇਸ ਪਾਸੇ ਜੂਝ ਰਹੇ ਹਨ ਉਹਨਾਂ ਦੀ ਹਮਾਇਤ ਕਰਨਾ ਆਪ ਜੀ ਦਾ ਫਰਜ਼ ਹੈ ਤੇ ਇਹ ਆਸ ਹੈ ਕਿ ਜ਼ਰੂਰ ਕਰੋਗੇ। ਭਿੰਡਰਾਂਵਾਲਿਆਂ ਸੰਤਾਂ ਵਾਂਗੂ ਦ੍ਰਿੜਤਾ ਦੀ ਲੋੜ ਹੈ।

ਹਰਚਰਨ ਸਿੰਘ
ਕੋਲਾ ਲੰਪਰ, ਮਲੇਸ਼ੀਆ।

## ਪੰਥਕ ਏਕਤਾ

ਮੈਂ ਸਿੱਖੀ ਦਾ ਨਿਮਾਣਾ ਜਿਹਾ ਸੇਵਕ ਹਾਂ ਤੇ ਕਾਫੀ ਚਿਰ ਤੋਂ ਸਿੱਖੀ ਵਾਸਤੇ ਤਨ ਮਨ ਤੇ ਧਨ ਅਰਪਣ ਕਰ ਚੁੱਕਾ ਹਾਂ। ਜਿਵੇਂ ਤੁਸੀਂ ਜਾਣਦੇ ਹੋ ਪੰਜਾਬ ਵਿਚ ਜੋ ਕੁਝ ਵਾਪਰਦਾ ਹੈ ਉਸ ਦੀ ਪ੍ਰਤੀਕਿਰਿਆ ਹਰਿਆਣੇ ਵਿਚ ਜ਼ਰੂਰ ਹੁੰਦੀ ਹੈ। ਜਿਵੇਂ ਕਿ ਤੁਸੀਂ ਸੁਣਦੇ ਰਹਿੰਦੇ ਹੋ ਜਗਾਧਰੀ, ਕਰਨਾਲ, ਪਾਨੀਪਤ ਕਾਫੀ ਸਿੱਖਾਂ ਨੂੰ ਦੁਖਾਂਤ ਦਾ ਸਾਹਮਣਾ ਕਰਨਾ ਪਿਆ ਹੈ ਜਿਹੜੇ ਵੀ ਰਸਾਲੇ ਅਜ ਕਲ ਪੰਜਾਬੀ ਵਿਚ ਨਿਕਲ ਰਹੇ ਹਨ, ਉਹਨਾਂ ਵਿਚੋਂ ਸੰਤ-ਸਿਪਾਹੀ ਸਭ ਤੋਂ ਸਰਵਉਤਮ ਹੈ ਜਿਦ੍ਹੇ ਵਿਚ ਬੀਬੀ ਕਿਰਨਜੋਤ ਕੌਰ ਦੇ ਲਏ ਗਏ ਇੰਟਰਵਿਊ ਤੇ ਲੇਖ ਜਿਥੇ ਸਾਨੂੰ ਉਤਸਾਹਿਤ ਕਰਦੇ ਹਨ ਉਥੇ ਸਲਾਹੁਤਾਯੋਗ ਵੀ ਹਨ। ਉਸ ਦੀ ਲੇਖਣੀ ਵਿਸ਼ੇਸ ਤੌਰ ਤੇ ਸਾਨੂੰ ਪ੍ਰਭਾਵਿਤ ਕਰਦੀ ਹੈ। ਜਿਹੜੀ ਸੇਵਾ ਸਿੱਖੀ ਵਾਸਤੇ ਮੈਂ ਕਰਦਾ ਰਿਹਾ ਹਾ ਤੇ ਹੁਣ ਵੀ ਕਰ ਰਿਹਾ ਹਾਂ ਉਸ ਸੇਵਾ ਦੇ ਇਵਜ਼ ਵਿਚ ਅਜ ਮੈਨੂੰ ਕੈਦ ਕੱਟਣੀ ਪੈ ਰਹੀ ਹੈ। ਹਾਲਾ ਕਿ ਮੈਂ ਬਿਲਕੁਲ ਨਿਰਦੋਸ਼ ਹਾਂ। ਬਾਹਰ ਮੈਂ ਤੁਹਾਡੇ ਰਸਾਲੇ ਦਾ ਇਕ ਗਰੀਬੜਾ ਜਿਹਾ ਪਾਠਕ ਰਿਹਾ ਹਾਂ ਹੁਣ ਅੰਦਰ ਵੀ ਕਦੇ ਕਦੇ ਤੁਹਾਡਾ ਪਰਚਾ ਪੜ੍ਹਨ ਨੂੰ ਮਿਲ ਜਾਂਦਾ ਹੈ। ਤੇ ਵਾਪਰਦੇ ਹਾਲਾਤਾਂ ਨਾਲ ਜਾਣੂ ਹੋਈਦਾ ਹੈ। ਇਥੇ ਬੈਰਿਕਾਂ ਛੱਡਣ ਵਾਲੇ ਫੌਜੀ ਅਤੇ ਮੇਰੇ ਵਰਗੇ ਸਿੱਖੀ ਦੀ ਨਿਰੋਲ ਸੇਵਾ ਕਰਨ ਵਾਲੇ ਸਾਥੀ ਵੀ ਮੌਜੂਦ ਹਨ। ਇਥੇ ਵੀ ਅਸੀਂ ਬਿਨਾ ਕਿਸੀ ਸਵਾਰਥ ਤੋਂ ਸਿੱਖੀ ਸੇਵਾ ਕਰ ਰਹੇ ਹਾਂ। ਜਿਵੇਂ ਤੁਸੀਂ ਸੰਤ-ਸਿਪਾਹੀ ਵਿਚ ਸੰਤ ਮਾਸਟਰ ਤਾਰਾ ਸਿੰਘ ਜੀ ਦੀ ਜੀਵਨੀ ਲਿਖਦੇ ਆ ਰਹੇ ਹੋ ਜਿਸ ਨੂੰ ਪੜ੍ਹ ਕੇ ਕੋਈ ਵੀ ਪਾਠਕ ਪ੍ਰਭਾਵਿਤ ਹੋਏ ਬਿਨਾ ਰਹਿ ਨਹੀਂ ਸਕਦਾ। ਜਿਵੇਂ ਅੱਜ ਕੱਲ ਪੰਥ ਵਿਚ ਆਪਸ ਦੀ ਫੁਟ ਪਈ ਹੋਈ ਹੈ ਤੇ ਆਪਸੀ ਫੁਟ ਦੇ ਨਤੀਜੇ ਭੈੜੇ ਨਿਕਲਦੇ ਹਨ। ਜੇ ਸਾਡੀ ਆਪਸ ਵਿਚ ਫੁਟ ਨਾ ਹੁੰਦੀ ਤਾਂ ਸਾਡੀ ਕੌਮ ਦਾ ਨਕਸ਼ਾ ਕੁਝ ਹੋਰ ਹੀ ਹੋਣਾ ਸੀ। ਜਿਵੇਂ ਅਖਬਾਰਾਂ ਵਿਚ ਪੜ੍ਹਣ ਨੂੰ ਮਿਲਦਾ ਹੈ ਤੇ ਦਿਲ ਨੂੰ ਬਹੁਤ ਦੁਖ ਪਹੁੰਚਦਾ ਹੈ। ਹੁਣੇ ਹੀ ਪੜ੍ਹਿਆ ਹੈ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦੋ ਭਾਗ ਹੋ ਗਏ ਹਨ। ਕਾਹਲੋਂ ਨੇ ਆਪਣਾ ਵੱਖਰਾ ਧੜਾ ਬਣ ਲਿਆ ਹੈ। ਇਸ ਤਰ੍ਹਾਂ ਅਸੀਂ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ। ਗੱਲਾਂ ਤੇ ਬਹੁਤ ਹਨ ਜਿਸ ਨੂੰ ਦੱਸਣ ਵਾਸਤੇ ਸਮੇਂ ਦੀ ਲੋੜ ਹੈ। ਜਿਵੇਂ ਤੁਸੀਂ ਸੰਤ-ਸਿਪਾਹੀ ਰਾਹੀਂ ਸਿੱਖੀ ਪ੍ਰਚਾਰ ਤੇ ਹੋਰ ਕੰਮ ਕਰਨ ਦਾ ਬੀੜਾ,

Sant Sipahi - The oldest Panthic Magazine/ www.santsipahi.org

ਹਨ, ਦਾ ਕਾਰਡ ਹੀ ਨਹੀਂ ਬਣਿਆ ਸਿਰਫ ਅਫਸਰਸ਼ਾਹੀ ਕਰਕੇ। ਇਸ ਦੀ ਦਾਸਤਾਨ ਫਿਰ ਲਿਖਾਂਗਾ।

ਬਲਵਿੰਦਰ ਸਿੰਘ ਐਮ. ਏ.

## ਪੰਥਕ ਲੀਡਰ ਤੇ ਪੰਥਕ ਨਿਸ਼ਾਨਾ

'ਸੰਤ-ਸਿਪਾਹੀ' ਮਿਲ ਰਹਿਆ ਹੈ ਅਤੇ ਇਸ ਵਿਚੋਂ ਆਪ ਜੀ ਦੀ ਯੋਗਤਾ ਪ੍ਰਤੱਖ ਨਜ਼ਰ ਆਉਂਦੀ ਹੈ। ਆਸ ਹੈ ਕਿ ਬਹੁਤ ਸਾਰੇ ਸਿੱਖ ਆਪਦੀਆਂ ਲਿਖਤਾ ਨੂੰ ਪੜ੍ਹ ਕੇ ਗਿਆਨ ਹਾਸਲ ਕਰਨਗੇ ਅਤੇ ਅੱਗੇ ਤੋਂ ਐਵੇਂ ਗੁਮਰਾਹ ਨਹੀਂ ਹੋਣਗੇ। ਪਰ ਜਾਪਦਾ ਇਉਂ ਹੈ ਕਿ ਸਿੱਖਾਂ ਨੇ ਅਜੇ ਆਪਣੇ ਲੀਡਰਾਂ ਨੂੰ ਪਛਾਨਣਾ ਤੇ ਉਹਨਾਂ ਕੋਲੋਂ ਜੁਆਬ ਤਲਬੀ ਕਰਨੀ ਨਹੀਂ ਸਿਖੀ। ਜਿਨ੍ਹਾਂ ਨੇ ਕੌਮ ਦੀ ਤਬਾਹੀ ਕਰਾਈ ਹੋਵੇ ਉਹਨਾਂ ਨੂੰ ਹੀ ਮੁੜ ਅਗੇ ਲਿਆਉਦਾ ਜਾਂਦਾ ਹੈ। ਵੀਚਾਰ ਦੀ ਬਹੁਤ ਘਾਟ ਹੈ ਖ਼ੁਦਗਰਜ਼ੀ, ਭਾਈਬੰਦੀ, ਰਿਸ਼ਵਤਖੋਰੀ ਆਦਿ ਹੀ ਪ੍ਰਬਲ ਹਨ। ਗਿਆਨ ਨਹੀਂ। ਸੰਤ-ਸਿਪਾਹੀ ਵਿਚ ਚੰਗੇ ਬਾਦਲੀਲ ਲੇਖ ਹੁੰਦੇ ਹਨ ਭਾਵੇ ਸਾਰੀਆਂ ਗੱਲਾਂ ਨਾਲ ਅਸੀਂ ਸਹਿਮਤ ਨਹੀਂ। ਜੇ ਬਰਨਾਲੇ ਨੂੰ ਨਾ ਬੋਲਣ ਦੇਣਾ ਅਕਲਮੰਦੀ ਨਹੀਂ ਸੀ ਤਾਂ ਭਾਈ ਮੋਹਕਮ ਸਿੰਘ ਨੂੰ ਇਸ ਤਰੀਕੇ ਨਾਲ ਫੜਨਾ ਭੀ ਅਕਲਮੰਦੀ ਨਹੀਂ। ਇਕ ਗੱਲ ਤੇ ਹੁਣ ਬਿਲਕੁਲ ਹੀ ਸਪੱਸ਼ਟ ਹੈ ਕਿ ਜਿੰਨਾ ਚਿਰ ਸਿੱਖਾਂ ਦੇ ਹੱਥ ਵਿਚ ਆਪਣੀ ਰਾਖੀ, ਆਪਣੇ ਗੁਰਦੁਵਾਰਿਆਂ ਅਤੇ ਇਤਿਹਾਸਕ ਵਿਰਸੇ ਦੀ ਰਾਖੀ ਲਈ ਸ਼ਕਤੀ ਨਹੀਂ ਆਉਂਦੀ ਉਤਨਾ ਚਿਰ ਹੁਣ ਸਿੱਖਾਂ ਦਾ ਜੀਉਣਾ ਹਰਾਮ ਹੈ। ਹਰ ਜਗ੍ਹਾ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਸਿੱਖਾਂ ਨੂੰ ਕਿਹਾ ਜਾਂਦਾ ਹੈ ਕਿ ਵਿਧਾਨ ਅਤੇ ਕਨੂੰਨ ਅਨੁਸਾਰ ਚਲੋਂ ਪਰ ਸਰਕਾਰ ਤੇ ਪੁਲੀਸ ਫ਼ੌਜ ਆਦਿ ਇਕ ਭੀ ਕਾਨੂੰਨ ਦੀ ਧਾਰਾ ਅਨੁਸਾਰ ਨਹੀਂ ਚਲ ਰਹੀ। ਸ਼ਕਤੀ ਨਾਲ ਸਖ਼ਤੀ ਤੇ ਮਨਮਰਜ਼ੀ ਵੀ ਹੈ। ਰਾਜੀਵ ਨੂੰ ਪੁਛਿਆ ਜਾਵੇ ਕਿ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਕਾਤਲਾਂ ਨੂੰ ਵਿਧਾਨ ਦੀ ਕਿਹੜੀ ਧਾਰਾ ਥੱਲੇ ਬਚਾ ਕੇ ਰੱਖਿਆ ਜਾ ਰਿਹਾ ਹੈ? ਜਿੰਨਾ ਚਿਰ ਸਰਕਾਰ ਕਾਨੂੰਨ ਨਾਲ ਨਾ ਚਲੇ ਤੇ ਆਪ ਕਹੇ ਕਿ ਜਨਤਾ ਉਸ ਕਾਨੂੰਨ ਅਧੀਨ ਚਲੇ। ਇਹ ਕਦੀ ਬਹੁਤ ਚਿਰ ਨਹੀਂ ਹੋਇਆ ਹੈ, ਨਾ ਹੋਵੇਗਾ। ਸਗੋਂ ਸਰਕਾਰ ਆਪ ਪਰਲੇ ਦਰਜੇ ਦੀ ਦਹਿਸ਼ਤ ਪਸੰਦ ਹੈ। ਚੰਡੀਗੜ੍ਹ ਦੇ ਗੁਰਦੁਆਰੇ ਵਿਚ ਜੋ ਹੋਇਆ ਲਿਖਿਆ ਹੈ ਤੇ ਸਰਦਾਰ ਰਨਜੀਤ ਸਿੰਘ ਰਿਆੜ ਨਾਲ ਜੋ ਸਲੂਕ ਕੀਤਾ ਗਿਆ ਹੈ, ਕੀ ਉਹ ਕਾਨੂੰਨ ਅਨੁਸਾਰ ਅਪਰਾਧ ਨਹੀਂ? ਫ਼ੌਜ ਅਤੇ ਸਰਕਾਰ ਉਤੇ ਹਰਜਾਨੇ ਲਈ ਦੀਵਾਨੀ ਦਾਹਵਾ ਭੀ ਕੀਤਾ ਜਾਣਾ ਚਾਹੀਦਾ ਹੈ। ਇਸ ਦੀ ਪੂਰੀ ਰੀਪੋਰਟ ਥਾਣੇ ਵਿਚ ਦਰਜ ਕਰਾਉਣੀ ਚਾਹੀਦੀ ਹੈ, ਜੇ ਉਸ ਤੇ ਅੱਜ ਅਮਲ ਨਾ ਹੋਇਆ ਤਾਂ ਹੋ ਸਕਦਾ ਹੈ ਆਉਣ ਵਾਲੇ ਸਮੇਂ ਵਿਚ ਕੀਤਾ ਜਾਵੇ। ਏਸੇ ਤਰ੍ਹਾਂ ਸਾਡੀ ਆਪ ਜੀ ਪਾਸ ਬੇਨਤੀ ਹੈ ਕਿ ਇੰਡੀਆ ਦੀ ਸਾਰੀ ਦੀ ਸਾਰੀ ਕੇਬੀਨਟ ਤੇ ਖਾਸ ਕਰਕੇ, ਰਾਜੀਵ ਤੇ ਉਸ ਦੇ ਗ੍ਰਹਿ ਮੰਤਰੀ, ਰੱਖਿਆ ਮੰਤਰੀ ਆਦਿ ਦੇ ਬਰਖਿਲਾਫ ਕਿਸੇ ਥਾਣੇ ਵਿਚ ਰੀਪੋਰਟ ਜ਼ਰੂਰ ਦਰਜ ਹੋਣੀ ਚਾਹੀਦੀ—ਇਹਨਾਂ ਨੇ ਆਪਣੇ ਫਰਜ਼ ਦੀ ਕੁਤਾਹੀ ਕੀਤੀ ਹੈ ਤੇ ਸਗੋਂ ਅਪਰਾਧੀਆਂ ਦਾ ਸਾਥ ਦੇ ਕੇ ਹੁਣ ਉਹਨਾਂ ਨੂੰ ਬਚਾ ਕੇ ਰੱਖ ਰਹੇ ਹਨ। ਕਨੂੰਨੀ ਸਲਾਹਕਾਰਾਂ ਦੀ ਸਲਾਹ ਨਾਲ ਸਭ ਰੀਪੋਰਟਾਂ ਦਰਜ ਹੋਣੀਆਂ ਜ਼ਰੂਰੀ ਹਨ ਭਾਵੇਂ ਅਮਲ ਹੁਣ ਹੋਵੇ ਜਾਂ ਨਾ ਪਰ ਇਹ ਆਉਣ ਵਾਲੇ ਸਮੇਂ ਵਿਚ ਕੰਮ ਆਉਣਗੀਆਂ। ਗੁਰਦੁਆਰਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਭ ਅਪਰਾਧ ਹਨ ਇਸ ਲਈ ਰੀਪੋਰਟਾਂ ਹੋਣੀਆਂ ਜ਼ਰੂਰੀ ਹਨ। ਸਿੱਖਾਂ ਨੂੰ ਹੁਣ ਆਪਣਾ ਨਿਸ਼ਾਨਾ ਮਿਥ ਲੈਣਾ ਚਾਹੀਦਾ ਤੇ ਨਿਸ਼ਾਨੇ ਤੋਂ ਬਿਨਾ ਪ੍ਰਾਪਤੀ ਔਖੀ ਹੈ। ਸਮਝੌਤਾ ਕਰਨ ਵਾਲਿਆ ਨੂੰ ਪੁਛਿਆ ਜਾਵੇ ਕਿ 'ਸਮਝੌਤੇ' ਜਾਂ ਸਾਜ਼ਸ਼ ਵੇਲੇ ਉਨ੍ਹਾਂ ਨੇ ਧਾਰਮਿਕ ਇਕ ਗੱਲ ਭੀ ਨਹੀਂ ਕੀਤੀ। ਸ੍ਰੀ ਗੁਰੂ ਸਾਹਿਬ ਅਤੇ ਗੁਰਦੁਆਰਿਆਂ ਦੀ ਬੇਅਦਬੀ ਲਈ ਇਕ ਨਾਮ-ਮਾਤਰ ਭੀ ਮੁਆਫ਼ੀ ਨਹੀਂ ਦਰਜ ਕਰਵਾਈ। ਭਾਰਤ ਤੋਂ ਬਾਹਰਲੇ ਸਿੱਖ ਹਮੇਸ਼ਾ ਹੀ ਪੰਥ ਦਾ ਅਤੁਟ ਹਿਸਾ ਰਹੇ ਹਨ ਅਤੇ ਹਰ ਸੇਵਾ ਵਿਚ ਵਧ ਚੜ੍ਹ ਕੇ ਹਿਸਾ ਪਾਉਂਦੇ ਰਹੇ ਹਨ। ਇਸਤਰੀਆਂ ਦਾ ਹੁਣ ਦੇ ਜੁਗ ਵਿਚ ਖਾਸ ਭਾਗ ਹੈ, ਪਰ ਸਿੱਖ ਇਸਤਰੀ ਅਜੇ ਭੀ ਪਛੜੀ ਹੋਈ ਹੈ। ਉਹਨਾਂ ਨੂੰ ਇਸ ਪਾਸੇ ਲਾਉਣਾ ਬੜਾ ਜ਼ਰੂਰੀ ਹੈ। ਉਹਨਾਂ ਦੇ ਧਾਰਮਿਕ ਤੇ ਸਿਆਸੀ ਗਿਆਨ ਅਤੇ ਸੂਝ-ਬੂਝ ਵਿਚ ਵਾਧਾ ਅਤੇ ਸਰੀਰ ਦੀ ਮਜ਼ਬੂਤੀ ਲਈ ਸਿਖਲਾਈ ਹੁਣ ਅਤਿਅੰਤ ਜ਼ਰੂਰੀ ਹੈ ਆਸ ਹੈ ਕਿ ਆਪ ਜੀ ਇਸ ਪਾਸੇ ਧਿਆਨ ਦਿਉਗੇ। ਇਹ ਤੇ ਹੁਣ ਬਿਲਕੁਲ ਹੀ ਸਪੱਸ਼ਟ ਹੈ ਕਿ ਵੱਖਰੀ ਹੋਂਦ ਤੋਂ ਬਿਨਾ ਸਿੱਖ ਕਦੀ ਭੀ ਸਿਰ ਨਹੀਂ ਚੁਕ ਸਕਣਗੇ। ਸੋ ਜੋ ਇਸ ਪਾਸੇ ਜੂਝ ਰਹੇ ਹਨ ਉਹਨਾਂ ਦੀ ਹਮਾਇਤ ਕਰਨਾ ਆਪ ਜੀ ਦਾ ਫਰਜ਼ ਹੈ ਤੇ ਇਹ ਆਸ ਹੈ ਕਿ ਜ਼ਰੂਰ ਕਰੋਗੇ। ਭਿੰਡਰਾਂਵਾਲਿਆਂ ਸੰਤਾਂ ਵਾਂਗੂ ਦ੍ਰਿੜਤਾ ਦੀ ਲੋੜ ਹੈ।

ਹਰਚਰਨ ਸਿੰਘ

ਕੋਲਾ ਲੰਪਰ, ਮਲੇਸ਼ੀਆ।

## ਪੰਥਕ ਏਕਤਾ

ਮੈਂ ਸਿੱਖੀ ਦਾ ਨਿਮਾਣਾ ਜਿਹਾ ਸੇਵਕ ਹਾਂ ਤੇ ਕਾਫੀ ਚਿਰ ਤੋਂ ਸਿੱਖੀ ਵਾਸਤੇ ਤਨ ਮਨ ਤੇ ਧਨ ਅਰਪਣ ਕਰ ਚੁੱਕਾ ਹਾਂ। ਜਿਵੇਂ ਤੁਸੀਂ ਜਾਣਦੇ ਹੋ ਪੰਜਾਬ ਵਿਚ ਜੋ ਕੁਝ ਵਾਪਰਦਾ ਹੈ ਉਸ ਦੀ ਪ੍ਰਤੀਕਿਰਿਆ ਹਰਿਆਣੇ ਵਿਚ ਜ਼ਰੂਰ ਹੁੰਦੀ ਹੈ। ਜਿਵੇਂ ਕਿ ਤੁਸੀਂ ਸੁਣਦੇ ਰਹਿੰਦੇ ਹੋ ਜਗਾਧਰੀ, ਕਰਨਾਲ, ਪਾਨੀਪਤ ਕਾਫੀ ਸਿੱਖਾਂ ਨੂੰ ਦੁਖਾਂਤ ਦਾ ਸਾਹਮਣਾ ਕਰਨਾ ਪਿਆ ਹੈ ਜਿਹੜੇ ਵੀ ਰਸਾਲੇ ਅਜ ਕਲ ਪੰਜਾਬੀ ਵਿਚ ਨਿਕਲ ਰਹੇ ਹਨ, ਉਹਨਾਂ ਵਿਚੋਂ ਸੰਤ-ਸਿਪਾਹੀ ਸਭ ਤੋਂ ਸਰਵਉਤਮ ਹੈ ਜਿਦ੍ਹੇ ਵਿਚ ਬੀਬੀ ਕਿਰਨਜੋਤ ਕੌਰ ਦੇ ਲਏ ਗਏ ਇੰਟਰਵਿਊ ਤੇ ਲੇਖ ਜਿਥੇ ਸਾਨੂੰ ਉਤਸਾਹਿਤ ਕਰਦੇ ਹਨ ਉਥੇ ਸਲਾਹੁਣਯੋਗ ਵੀ ਹਨ। ਉਸ ਦੀ ਲੇਖਣੀ ਵਿਸ਼ੇਸ ਤੌਰ ਤੇ ਸਾਨੂੰ ਪ੍ਰਭਾਵਿਤ ਕਰਦੀ ਹੈ। ਜਿਹੜੀ ਸੇਵਾ ਸਿੱਖੀ ਵਾਸਤੇ ਮੈਂ ਕਰਦਾ ਰਿਹਾ ਹਾ ਤੇ ਹੁਣ ਵੀ ਕਰ ਰਿਹਾ ਹਾਂ ਉਸ ਸੇਵਾ ਦੇ ਇਵਜ਼ ਵਿਚ ਅਜ ਮੈਨੂੰ ਕੈਦ ਕੱਟਣੀ ਪੈ ਰਹੀ ਹੈ। ਹਾਲਾ ਕਿ ਮੈਂ ਬਿਲਕੁਲ ਨਿਰਦੋਸ਼ ਹਾਂ। ਬਾਹਰ ਮੈਂ ਤੁਹਾਡੇ ਰਸਾਲੇ ਦਾ ਇਕ ਗਰੀਬੜਾ ਜਿਹਾ ਪਾਠਕ ਰਿਹਾ ਹਾਂ ਹੁਣ ਅੰਦਰ ਵੀ ਕਦੇ ਕਦੇ ਤੁਹਾਡਾ ਪਰਚਾ ਪੜ੍ਹਨ ਨੂੰ ਮਿਲ ਜਾਂਦਾ ਹੈ। ਤੇ ਵਾਪਰਦੇ ਹਾਲਾਤਾਂ ਨਾਲ ਜਾਣੂ ਹੋਈਦਾ ਹੈ। ਇਥੇ ਬੈਰਿਕਾਂ ਛੱਡਣ ਵਾਲੇ ਫੌਜੀ ਅਤੇ ਮੇਰੇ ਵਰਗੇ ਸਿੱਖੀ ਦੀ ਨਿਰੋਲ ਸੇਵਾ ਕਰਨ ਵਾਲੇ ਸਾਥੀ ਵੀ ਮੌਜੂਦ ਹਨ। ਇਥੇ ਵੀ ਅਸੀਂ ਬਿਨਾ ਕਿਸੀ ਸਵਾਰਥ ਤੋਂ ਸਿੱਖੀ ਸੇਵਾ ਕਰ ਰਹੇ ਹਾਂ। ਜਿਵੇਂ ਤੁਸੀਂ ਸੰਤ-ਸਿਪਾਹੀ ਵਿਚ ਸੰਤ ਮਾਸਟਰ ਤਾਰਾ ਸਿੰਘ ਜੀ ਦੀ ਜੀਵਨੀ ਲਿਖਦੇ ਆ ਰਹੇ ਹੋ ਜਿਸ ਨੂੰ ਪੜ੍ਹ ਕੇ ਕੋਈ ਵੀ ਪਾਠਕ ਪ੍ਰਭਾਵਿਤ ਹੋਏ ਬਿਨਾ ਰਹਿ ਨਹੀਂ ਸਕਦਾ। ਜਿਵੇਂ ਅੱਜ ਕੱਲ ਪੰਥ ਵਿਚ ਆਪਸ ਦੀ ਫੁਟ ਪਈ ਹੋਈ ਹੈ ਤੇ ਆਪਸੀ ਫੁਟ ਦੇ ਨਤੀਜੇ ਭੈੜੇ ਨਿਕਲਦੇ ਹਨ। ਜੇ ਸਾਡੀ ਆਪਸ ਵਿਚ ਫੁਟ ਨਾ ਹੁੰਦੀ ਤਾਂ ਸਾਡੀ ਕੌਮ ਦਾ ਨਕਸ਼ਾ ਕੁਝ ਹੋਰ ਹੀ ਹੋਣਾ ਸੀ। ਜਿਵੇਂ ਅਖਬਾਰਾਂ ਵਿਚ ਪੜ੍ਹਣ ਨੂੰ ਮਿਲਦਾ ਹੈ ਤੇ ਦਿਲ ਨੂੰ ਬਹੁਤ ਦੁਖ ਪਹੁੰਚਦਾ ਹੈ। ਹੁਣੇ ਹੀ ਪੜ੍ਹਿਆ ਹੈ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਦੋ ਭਾਗ ਹੋ ਗਏ ਹਨ। ਕਾਹਲੋਂ ਨੇ ਆਪਣਾ ਵੱਖਰਾ ਧੜਾ ਬਣ ਲਿਆ ਹੈ। ਇਸ ਤਰ੍ਹਾਂ ਅਸੀਂ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ। ਗੱਲਾਂ ਤੇ ਬਹੁਤ ਹਨ ਜਿਸ ਨੂੰ ਦੱਸਣ ਵਾਸਤੇ ਸਮੇਂ ਦੀ ਲੋੜ ਹੈ। ਜਿਵੇਂ ਤੁਸੀਂ ਸੰਤ-ਸਿਪਾਹੀ ਰਾਹੀਂ ਸਿੱਖੀ ਪ੍ਰਚਾਰ ਤੇ ਹੋਰ ਕੰਮ ਕਰਨ ਦਾ ਬੀੜਾ,

Sant Sipahi - The oldest Panthic Magazine/ www.santsipahi.org

ਹੋਣ ਦੀ ਆਗਿਆ ਨਹੀਂ ਦਿਤੀ ਜਾਵੇਗੀ। ਪ੍ਰੰਤੂ ਹੁਣ ਸਾਰਾ ਕੁਝ ਹੀ ਭੁੱਲ ਗਿਆ ਹੈ ਤੇ ਬਰਨਾਲਾ ਰੋਜ਼ ਹੀ ਕਹਿ ਰਿਹਾ ਹੈ ਕਿ ਪੁਲਸ ਨੂੰ ਕਿਸੇ ਵੇਲੇ ਵੀ ਦਰਬਾਰ ਸਾਹਿਬ ਵਿਖੇ ਭੇਜਿਆ ਜਾ ਸਕਦਾ ਹੈ। ਬਰਨਾਲਾ ਰੋਜ਼ ਹੀ ਕਹਿੰਦਾ ਹੈ ਕਿ ਸਾਰੇ ਗੁਰਦੁਆਰੇ ਅਤੰਕਵਾਦੀਆਂ ਦੇ ਕਬਜਿਆਂ ਵਿਚੋਂ ਛੁਡਾਏ ਜਾਣਗੇ। ਜਿਨ੍ਹਾਂ ਫੈਡਰੇਸਨ ਦੇ ਯੋਧਿਆਂ ਨੇ ਸਿੱਖ ਪੰਥ ਲਈ ਇਤਨੀਆਂ ਕੁਰਬਾਨੀਆਂ ਕੀਤੀਆਂ ਉਹ ਅੱਜ ਬਰਨਾਲੇ ਨੂੰ ਅੱਤਵਾਦੀ ਤੇ ਅਤੰਕਵਾਦੀ ਦਿਸ ਰਹੇ ਹਨ। ਤੇ ਅਕਾਲੀ ਸਰਕਾਰ ਨੇ ਜੋ ਵਾਅਦੇ ਲੋਕਾਂ ਨਾਲ ਵੋਟਾਂ ਸਮੇਂ ਕੀਤੇ ਸਨ ਕੀ ਉਹ ਪੂਰੇ ਕਰ ਦਿਤੇ ਹਨ। ਕੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸਨ ਦੇ ਸਾਰੇ ਵਰਕਰ ਰਿਹਾ ਕਰ ਦਿਤੇ ਹਨ? ਕੀ ਭਗੌੜੇ ਫੌਜੀਆਂ ਨੂੰ ਛੱਡ ਕੇ ਨੌਕਰੀਆਂ ਤੇ ਬਹਾਲ ਕਰ ਦਿਤਾ ਹੈ? ਕੀ ਅੱਗੇ ਤੋਂ ਗੁਰਦੁਆਰਿਆ ਵਿਚ ਪੁਲਿਸ ਤੇ ਫੌਜ ਦਾ ਦਾਖਲਾ ਹਟਾ ਲਿਆ ਹੈ? ਜੋ ਪੰਜਾਬ ਦਾ ਸਭ ਤੋਂ ਵੱਡਾ ਅੱਤਵਾਦੀ, ਅਤੰਕਵਾਦੀ, ਹਿੰਸਤਪਸੰਦ, ਇੰਤਹਾਅਪਸੰਦ, ਉਗਰਵਾਦੀ, ਲੰਡਾ, ਮੁਸਟੰਡਾ, ਚੋਰ, ਡਾਕੂ, ਪੁਲਸ ਮੁਖੀ ਰੀਬੈਰੋ ਹੈ। ਜਿਹੜਾ ਕਿ ਰੋਜ਼ ਹੀ ਪੰਜਾਬ ਦੇ ਜਵਾਨ ਗੱਭਰੂਆਂ ਨੂੰ ਗੋਲੀਆਂ ਨਾਲ ਭੁੰਨ ਰਿਹਾ ਹੈ। ਤੇ ਝੂਠੇ ਮੁਕੱਦਮੇ ਦਰਜ ਕਰਕੇ ਬੇਗੁਨਾਹਾਂ ਨੂੰ ਜੇਲ੍ਹਾਂ ਅੰਦਰ ਡੱਕ ਰਿਹਾ ਹੈ। ਸੋ ਸਾਡੀ ਇਹ ਸਰਕਾਰ ਨੂੰ ਸਖਤ ਵਾਰਨਿੰਗ ਹੈ ਕਿ ਉਹ ਇਸ ਸਭ ਤੋਂ ਵੱਡੇ ਗੁੰਡੇ ਨੂੰ ਪਹਿਲੇ ਤਾਂ ਸਖਤ ਸਜ਼ਾ ਦੇਵੇ ਤੇ ਫਿਰ ਪੰਜਾਬ ਵਿਚੋਂ ਕੱਢ ਦੇਵੇ ਤਾਂ ਹੀ ਪੰਜਾਬ ਦਾ ਕੁਝ ਭਲਾ ਹੋ ਸਕਦਾ ਹੈ।

ਅਮਰਜੀਤ ਸਿੰਘ ਖਾਲਸਾ, ਹੁਸ਼ਿਆਰਪੁਰ

## ਦੁਖੀ ਬੀਬੀ ਦੀ ਕਹਾਣੀ

ਸੋ ਸੰਤ-ਸਿਪਾਹੀ ਰਸਾਲਾ ਅਪ੍ਰੈਲ 1986 ਦਾ ਪੜਇਆ ਉਸ ਵਿਚ ਇਕ ਦੁਖੀ ਔਰਤ ਸਤਿੰਦਰ ਕੌਰ ਜੀ ਦੇ ਦੁਖ ਦੀ ਕਹਾਣੀ ਪੜ੍ਹੀ। ਮੈਨੂੰ ਬੜਾ ਅਫਸੋਸ ਹੈ ਕਿ ਜਿਸ ਕੌਮ ਨੇ ਦੇਸ਼ ਦੇ ਵਾਸਤੇ ਇੰਤਨੀਆਂ ਕੁਰਬਾਨੀਆਂ ਦਿਤੀਆਂ ਹਨ ਅੱਜ ਉਸੇ ਕੌਮ ਦਾ ਇਹ ਹਾਲ ਹੈ। ਜਿਨ੍ਹਾਂ ਨੂੰ ਜਿੰਦਾ ਸਾੜਿਆ ਗਿਆ ਹੈ, ਪਾਵਨ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਲਾਇਆ ਗਿਆ ਹੈ। ਅੱਜ ਲੋਕ ਸਿੱਖਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਭੁਲ ਗਏ ਹਨ। ਇਸ ਸਮੇਂ ਸਿੱਖ ਕੌਮ ਉਤੇ ਬੜੇ ਕਸਟ ਹਨ, ਇਸੇ ਕਰਕੇ ਸਾਨੂੰ ਸਾਰਿਆਂ ਨੂੰ ਰੋਜ਼ ਅਰਦਾਸ ਵਿਚ ਵਾਹਿਗੁਰੂ ਕੋਲੋਂ ਏਹੀ ਦਾਤ ਮੰਗਣੀ ਚਾਹੀਦੀ ਹੈ ਕਿ ਸਚੀ ਦਰਗਾਹ ਵਾਲਿਆ ਸਿੱਖ ਕੌਮ ਤੇ ਜਿਹੜੇ ਕਸ਼ਟ ਹਨ ਉਹਨਾਂ ਨੂੰ ਦੂਰ ਕਰੀ ਤੇ ਸਿੱਖਾਂ ਦੀ ਮੁੜ ਇੱਜ਼ਤ ਬਹਾਲ ਕਰੀ।

ਚਰਨਜੀਤ ਸਿੰਘ ਉਰਫ ਰਾਜਾ

ਲੁਧਿਆਣਾ।

## ਸਕੂਲਾਂ ਦਾ ਬਿਲਡਿੰਗ ਫੰਡ

ਨਵੰਬਰ ਦੇ ਕਤਲਾਮ ਤੋਂ ਬਾਅਦ ਅਸੀ ਅਕਾਲੀਆਂ ਦੇ ਕਹਿਣ ਉਤੇ ਦਿੱਲੀ ਸਦਾ ਲਈ ਛੱਡ ਕੇ ਲੁਧਿਆਣੇ ਆ ਕੇ ਅਬਾਦ ਹੋ ਗਏ। ਸਾਨੂੰ ਕਿਹਾ ਜਾਂਦਾ ਸੀ ਕਿ ਪੰਜਾਬ ਵਿਚ ਤੁਹਾਨੂੰ ਸਾਰੀਆਂ ਸਹੂਲਤਾਂ ਮਿਲਣਗੀਆਂ। ਅਸੀਂ ਆਪਣੇ ਬੱਚਿਆਂ ਨੂੰ ਏਥੇ ਦੇ ਇਕ ਮਸ਼ਹੂਰ ਸਕੂਲ ਵਿਚ ਦਾਖਲ ਕਰਵਾਇਆ। ਇਥੇ ਦੀਆਂ ਫੀਸਾਂ ਤੇ ਦਾਖਲੇ ਬਹੁਤ ਜ਼ਿਆਦਾ ਹਨ। ਇਹਨਾਂ ਵਿਚੋਂ 500 ਰੁਪਿਆ ਪ੍ਰਤੀ ਬੱਚਾ ਇਮਾਰਤੀ ਫੰਡ ਵੀ ਲਿਆ ਜਾਂਦਾ ਹੈ। ਇਹ ਫੰਡ ਅਸੀ ਪਿਛਲੇ ਸਾਲ ਵੀ ਦਿਤਾ ਸੀ ਤੇ ਇਸ ਸਾਲ ਵੀ ਮੰਗ ਰਹੇ ਹਨ। ਜੇ ਅਸਾਂ ਕਿਹਾ ਕਿ ਅਸੀਂ ਰਫਿਊਜੀ ਹਾਂ ਸਾਡੇ ਕੋਲੋਂ ਬਿਲਡਿੰਗ ਫੰਡ ਨਾ ਲਿਆ ਜਾਵੇ ਤਾਂ ਕਹਿਣ ਲੱਗੇ ਕਿ ਤੁਸੀਂ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਾ ਦੇਓ। ਇਸੇ ਤਰ੍ਹਾਂ ਦੀ ਠੱਗੀ ਗੁਰੂ ਸਾਹਿਬਾਨਾਂ ਦੇ ਨਾਵਾਂ ਉਤੇ ਚੱਲ ਰਹੇ ਕਈਂ ਸਕੂਲਾਂ ਵਿਚ ਹੋ ਰਹੀ ਹੈ। ਹਰ ਸਾਲ ਬੱਚਿਆਂ ਦੇ ਮਾਂ-ਪਿਓ ਕੋਲੋਂ ਬਿਲਡਿੰਗ ਫੰਡ ਲਿਆ ਜਾਂਦਾ ਹੈ। ਸਾਨੂੰ ਦਸਿਆ ਗਿਆ ਹੈ ਕਿ ਇਹ ਸਕੂਲ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਖੋਹਲਿਆ ਗਿਆ ਹੈ। ਗੁਰੂ ਸਾਹਿਬਾਨ ਦੇ ਨਾਮ ਉਤੇ ਹੋਰ ਵੀ ਕਈ ਸਕੂਲ ਖੁਲ੍ਹੇ ਹੋਏ ਹਨ। ਇਹਨਾਂ ਸਾਰਿਆਂ ਦਾ ਇਕੋ ਹਾਲ ਹੈ ਪਰ ਸ਼ਰੋਮਣੀ ਕਮੇਟੀ ਵਲੋਂ ਖੋਲ੍ਹੇ ਗਏ ਕਿਸੇ ਸਕੂਲ ਦਾ ਵੀ ਇਹ ਹਾਲ ਨਹੀਂ ਹੋਣਾ ਚਾਹੀਦਾ। ਕੀ ਤੁਸੀ ਸਾਡੀ ਇਸ ਵਿਚ ਕੋਈ ਮਦਦ ਕਰ ਸਕਦੇ ਹੋ।

ਗੁਰਮੀਤ ਸਿੰਘ

ਗਿਲ ਰੋਡ, ਲੁਧਿਆਣਾ।

ਐਡੀਟਰ: ਇਹ ਸ਼ਕਾਇਤ ਅੰਗਰੇਜ਼ੀ ਮਧਿਅਮ ਵਾਲੇ ਕਾਫੀ ਸਕੂਲਾਂ ਸਬੰਧੀ ਸੁਣੀ ਹੈ। ਇਹ ਸਕੂਲਾਂ ਦੀ ਥਾਂ ਇਕ ਤਰ੍ਹਾਂ ਨਾਲ ਪੜ੍ਹਾਈ ਦੀਆਂ ਦੁਕਾਨਾਂ ਬਣ ਗਈਆਂ ਹਨ। ਪਰ ਰਫਿਊਜੀਆਂ ਨੂੰ ਇਸ ਤਰ੍ਹਾਂ ਬਿਲਡਿੰਗ ਫੰਡ ਦਾ ਦੰਡ ਲਾਉਣਾ ਸਿੱਖ ਸਕੂਲਾਂ ਨੂੰ ਸੋਭਦਾ ਨਹੀਂ। ਰਫਿਊਜੀਆਂ ਕੋਲੋਂ ਇਹ ਫੰਡ ਨਹੀਂ ਲਿਆ ਜਾਣਾ ਚਾਹੀਦਾ। ਪਰ ਜੋ ਸਕੂਲ ਐਸਾ ਕਰਦੇ ਹਨ ਉਨ੍ਹਾਂ ਪ੍ਰਤੀ ਅਸੀਂ ਸਟੂਡੈਂਟ ਫੈਡਰੇਸ਼ਨ ਦੇ ਨੌਜੁਆਨਾਂ ਨੂੰ ਬੇਨਤੀ ਕਰਾਂਗੇ ਕਿ ਉਹ ਇਸ ਪਾਸੇ ਤਵਜੋਂ ਦੇਣ।

## ਸੰਤ ਸਿਪਾਹੀ ਬਣੀਏ

ਅੱਜ ਲੋੜ ਹੈ ਕਿ ਅਸੀਂ ਆਦਰਸ਼ਕ ਸੰਤ-ਸਿਪਾਹੀ ਬਣੀਏ। ਗਰਹਸਥ ਆਸ਼ਰਮ ਵਿਚ ਰਹਿੰਦੇ ਹੋਏ, ਦੁਨੀਆਂ ਵਿਚ ਵਿਚਰਦੇ ਹੋਏ ਅਸੀਂ ਨਿਰਲੇਪ ਰਹੀਏ। ਸੈਲਫ ਡੀਫੈਂਸ ਸਾਡਾ ਪੈਦਾਇਸ਼ੀ ਹੱਕ ਹੈ। ਅਸੀਂ ਅਵੇਸਲੇ ਨਾ ਰਹੀਏ, ਸਦਾ ਤਿਆਰ-ਬਰ-ਤਿਆਰ ਰਹੀਏ। "ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ" ਸਾਡਾ ਮਾਟੋ ਹੋਣਾ ਚਾਹੀਦਾ ਹੈ।

ਪਰਤਾਪ ਸਿੰਘ (ਗੋਲਡ ਮੈਡਲਿਸਟ)

ਏ-57 ਮਾਲਵੀਆ ਨਗਰ,

ਨਵੀਂ ਦਿੱਲੀ-17

## ਇਸਤ੍ਰੀ ਜਾਤੀ ਦਾ ਦੁਖੜੇ

ਬਿਨੇ ਹੈ ਕੇ ਆਪ ਜੀ ਦਾ ਮਾਰਚ ਦਾ ਸੰਤ-ਸਿਪਾਹੀ ਪੜ੍ਹ ਕੇ ਬਹੁਤ ਖੁਸ਼ੀ ਹੋਈ ਹੈ ਜੋ ਆਪ ਜੀ ਨੇ "ਇਸਤਰੀ ਜਾਤ" ਲੇਖ ਲਿਖਿਆ ਹੈ ਸੋ ਬਹੁਤ ਹੀ ਸਲਾਘਾਯੋਗ ਹੈ। ਇਸ ਆਦਮੀ ਦੀ ਜਾਤ ਨੇ ਵਾਕਈ ਅਤਿ ਚੁੱਕੀ ਹੈ ਔਰਤ ਨੂੰ ਮਾਰਨਾ ਤਾਂ ਇਹਨਾਂ ਨੇ ਇਕ ਖੇਡ ਹੀ ਸਮਝ ਰਖੀ ਹੈ ਮੇਰਾ ਆਦਮੀ 74 ਸਾਲ ਦਾ ਬੁੱਢਾ ਹੈ। ਪੋਤਰੇ ਪੋਤਰੀਆਂ ਜਵਾਨ ਹਨ ਤਦ ਵੀ ਉਸ ਨੂੰ ਮੇਰੇ ਤੇ ਹੱਥ ਚੁਕਦੇ ਸ਼ਰਮ ਨਹੀਂ ਆਉਂਦੀ। ਮੈਂ ਛੋਟੀ ਹੁੰਦੀ ਜ਼ਨਾਨੀਆਂ ਤੋਂ ਸੁਣਦੀ ਸੀ ਜਣਨ ਵਾਲਾ ਸਿਰ ਸੜੇ, ਮਾਰਨ ਵਾਲਾ ਖਸਮ ਮਰੇ, ਪਰ ਜ਼ਾਲਮ ਨਹੀਂ ਮਰਦੇ। ਜੇ ਜ਼ਾਲਮ ਮਰ ਜਾਂਦੇ ਤਾਂ ਜ਼ੁਲਮ ਸਹਿਣ ਵਾਲਿਆਂ ਦਾ ਨਾਂ ਕੋਈ ਨਾ ਲੈਂਦਾ। ਤੁਸੀਂ ਲਿਖੋ ਕੇ ਇਹੋ ਜਿਹਾ ਆਦਮੀਆਂ ਦਾ ਕੀ ਕਰਨਾ ਚਾਹੀਦਾ ਹੈ, ਕੀ ਰੱਬ ਇਹਨਾਂ ਤੋਂ ਬਦਲਾ ਨਹੀਂ ਲਵੇਗਾ। ਜੋ ਬੇਦੋਸ਼ ਔਰਤਾਂ ਤੇ ਤੋਹਮਤਾਂ ਲਾ ਕੇ ਘਰੋਂ ਕੱਢਣ ਦੀ ਕੋਸ਼ਸ਼ ਕਰਦੇ ਹਨ। ਓਹ ਵੀ ਪਿਛਲੀ ਉਮਰ ਵਿਚ ਤੇ ਪੁਤਰ ਨੂੰਹਾਂ ਕੋਲ ਖਲੋ ਕੇ ਤਮਾਸ਼ਾ ਦੇਖਦੇ ਹਨ।

ਸਵਰਨ

ਹੈਦਰਾਬਾਦ, ਆਂਦਰਾ ਪ੍ਰਦੇਸ਼

Sant Sipahi - The oldest Panthic Magazine/ www.santsipahi.org

# ਸੁਆਲ ਜੁਆਬ

**ਗੁਰਬਚਨ ਸਿੰਘ ਤੇ ਜੋਗਾ ਸਿੰਘ, ਮਸਕਟ, ਓਮਾਨ**

**ਸ : ਮਾਰਚ 1986 ਦੇ ਸੰਤ ਨਿਰੰਕਾਰੀ ਰਸਾਲੇ ਦੇ ਸਫਾ 17 ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰੂ ਬਾਰੇ ਲਿਖਿਆ ਹੋਇਆ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਸੰਤ ਰੇਨ ਜੀ ਦੀ ਸ਼ਰਨ ਲਈ ਤੇ ਆਪਣਾ ਪ੍ਰਮ ਗੁਰੂ ਮੰਨਿਆ। ਇਹ ਰਚਨਾ ਰਮੇਸ਼ ਕੁਮਾਰ ਦਾਸ ਮੁਕਤਸਰ ਵਾਲੇ ਦੀ ਲਿਖੀ ਹੋਈ ਹੈ। ਇਸ ਦੀ ਅਸਲੀਅਤ ਬਾਰੇ ਜਾਣਕਾਰੀ ਦੇਣ ਦੀ ਕਿਰਪਾ ਕਰੋ ?**

ਜ : ਇਹ ਸਾਰੇ ਗ਼ਲਤ ਪ੍ਰਚਾਰ ਹੈ। ਅਸਾਂ ਤੇ ਕਦੀ ਸਿੱਖ ਇਤਿਹਾਸ ਵਿਚ ਕਿਸੇ ਸੰਤ ਰੇਨ ਜੀ ਬਾਰੇ ਕੁਝ ਨਹੀਂ ਪੜ੍ਹਿਆ। ਅਸੀਂ ਇਨ੍ਹਾਂ ਲਿਖਤਾਂ ਉਤੇ ਯਕੀਨ ਨਹੀਂ ਕਰ ਸਕਦੇ ਜਦੋਂ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ "ਸ਼ਬਦ ਗੁਰੁ ਭਵ ਸਾਗਰੁ ਤਰੀਐ", ਦਾ ਉਪਦੇਸ਼ ਦਿਤਾ ਹੈ।

**ਬਲਵੰਤ ਸਿੰਘ ਮੁਜ਼ਫਰ ਨਗਰ, ਉਤਰ ਪ੍ਰਦੇਸ਼**

**ਸ : ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਆਦੇਸ਼ ਹੈ ਤੇ ਅਰਦਾਸ ਤੋਂ ਬਾਅਦ ਹੁਕਮ ਨਾਮੇ ਉਤੇ ਵੀ ਬੜਾ ਯਕੀਨ ਰਖਿਆ ਜਾਂਦਾ ਹੈ। ਪੰਜਾਬ ਸਮਝੌਤੇ ਤੋਂ ਪਹਿਲਾਂ ਸੰਤ ਲੌਂਗੋਵਾਲ ਜੀ ਨੇ ਅਰਦਾਸ ਕਰਕੇ ਹੁਕਮਨਾਮਾ ਲਿਆ ਸੀ, "ਹੋਇ ਇਕਤਰ ਮਿਲੋ ਮੇਰੇ ਭਾਈ ਦੁਬਿਧਾ ਦੂਰ ਕਰੋ ਲਿਵ ਲਾਈ।" ਇਸ ਹੁਕਮਨਾਮੇ ਤੋਂ ਪਰੇਰਨਾ ਲੈ ਕੇ ਉਹ ਸਮਝੌਤੇ ਲਈ ਗਏ। ਫਿਰ ਪੰਜਾਬ ਸਮਝੌਤਾ ਲਾਗੂ ਕਿਉਂ ਨਹੀਂ ਹੋਇਆ ?**

ਜ : ਗੁਰੂ ਸਾਹਿਬ ਦਾ ਹੁਕਮ ਸੀ ਕਿ ਸਾਰੇ ਭਰਾ ਇਕੱਠੇ ਹੋ ਕੇ ਬੈਠੋ ਪਰ ਸੰਤ ਲੌਂਗੋਵਾਲ ਨੇ ਦੂਜੀਆਂ ਸਿੱਖ ਸੰਪ੍ਰਦਾਵਾਂ ਤੇ ਜਥੇਬੰਦੀਆਂ ਕੋਲੋਂ ਸਮਝੌਤੇ ਸਬੰਧੀ ਕੀ ਸਲਾਹ ਲੈਣੀ ਸੀ ਉਨ੍ਹਾਂ ਨੇ ਤੇ ਆਪਣੇ ਦੋ ਸਾਥੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਸਰਦਾਰ ਗੁਰਚਰਨ ਸਿੰਘ ਟੋਹੜਾ ਨਾਲ ਵੀ ਸਮਝੌਤੇ ਸਬੰਧੀ ਗੱਲ ਕਰਨੀ ਯੋਗ ਨਹੀਂ ਸਮਝੀ ਸੀ। ਫਿਰ ਇਹ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸੰਤ ਲੌਂਗੋਵਾਲ ਸਾਹਿਬ ਹੁਕਮਨਾਮੇ ਤੋਂ ਪ੍ਰੇਰਨਾ ਲੈ ਕੇ ਗਏ ਸਨ ਤੇ ਸਮਝੌਤਾ ਸਿਰੇ ਨਹੀਂ ਚੜ੍ਹਿਆ।

**ਸ : ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੋਇਆ ਹੈ, "ਸਰਬ ਸੁਖਾ ਕਾ ਦਾਤਾ ਸੁਆਮੀ ਤਾਕੀ ਸ਼ਰਨੀ ਪਇਐ" ਤੇ ਇਹ ਵੀ ਲਿਖਿਆ ਹੈ, "ਨਾਨਕ ਦੁਖੀਆ ਸਭ ਸੰਸਾਰ।" ਇਹ ਕੀ ਚੱਕਰ ਹੈ ?**

ਜ : ਕੋਈ ਚੱਕਰ ਨਹੀਂ। ਮਾਇਆ ਮੋਹ ਵਿਚ ਡੁਬੇ ਹੋਏ ਸੰਸਾਰੀ ਜੀਵ ਦੁਖ ਨਾਲ ਗ੍ਰਸੇ ਹੋਏ ਹਨ। ਮਾਇਆ ਮੋਹ ਦੇ ਨੁਕਤੇ ਤੋਂ ਹਰ ਸੰਸਾਰੀ ਜੀਵ ਕਿਸੇ ਨਾ ਕਿਸੇ ਗੱਲੋਂ ਦੁਖੀ ਹੈ। ਪਰ ਜਦੋਂ ਮਾਇਆ ਮੋਹ ਤੋਂ ਮੁਕਤ ਹੋ ਕੇ ਜੀਵ ਵਾਹਿਗੁਰੂ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਉਸ ਨੂੰ ਸਾਰੇ ਸੁਖ ਪ੍ਰਧਾਨ ਹੋ ਜਾਂਦੇ ਹਨ। ਇਨ੍ਹਾਂ ਸੁਖਾਂ ਤੋਂ ਭਾਵ ਦੁਨਿਆਵੀ ਸੁਖ ਨਹੀਂ ਕਿ ਉਨ੍ਹਾਂ ਕੋਲ ਪੈਸਾ ਬਹੁਤ ਹੋ ਜਾਂਦਾ ਹੈ, ਮਕਾਨ ਵਧੀਆ ਬਣ ਜਾਂਦਾ ਹੈ ਜਾਂ ਕੋਈ ਹੋਰ ਇਹੋ ਜੇਹਾ ਸੁੱਖ ਨਹੀਂ ਆ ਜਾਂਦਾ। ਉਨ੍ਹਾਂ ਨੂੰ ਇਸ ਮੋਹ ਮਾਇਆ ਨਾਲ ਭਰੀ ਹੋਈ ਦੁਨੀਆ ਦੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ ਫਿਰ "ਦੁਖ ਨਹੀ ਸਦਾ ਸੁਖ ਹੀ ਹੈ ਰੇ" ਦੀ ਅਵਸਥਾ ਹੋ ਜਾਂਦੀ ਹੈ। ਇਹ ਤੇ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਡਰਾਮੇ ਵਿਚ ਕੋਈ ਭਿਖਾਰੀ ਦਾ ਖੇਡ ਖੇਡਦਾ ਹੈ ਤੇ ਕੋਈ ਰਾਜੇ ਦਾ ਖੇਡ ਖੇਡਦਾ ਹੈ। ਜਿਸ ਨੂੰ ਗਿਆਨ ਹੋ ਜਾਵੇ ਕਿ ਇਹ ਜ਼ਿੰਦਗੀ ਇਕ ਡਰਾਮੇ ਤੋਂ ਵੱਧ ਕੁਝ ਨਹੀਂ ਉਨ੍ਹਾਂ ਲਈ ਇਸ ਜ਼ਿੰਦਗੀ ਵਿਚ ਭਿਖਾਰੀ ਤੇ ਰਾਜਾ ਬਣਨਾ ਇਕੋ ਜੇਹਾ ਲੱਗਦਾ ਹੈ, "ਰਾਜ ਦੇਏਂ ਤਾਂ ਕਉਨ ਬਡਾਈ ਭੀਖ ਮੰਗਾਏ ਤਾਂ ਕਿਆ ਘਟ ਜਾਈ।" ਏਹੋ ਜੇਹੇ ਗੁਰਮੁਖ ਹਮੇਸ਼ਾ ਅਨੰਦ ਮਈ ਸਹਿਜ ਅਵਸਥਾ ਵਿਚ ਰਤੇ ਰਹਿੰਦੇ ਹਨ।

**ਸ : "ਜੋ ਮਾਗੈ ਠਾਕੁਰ ਆਪਨੇ ਤੇ ਸੋਈ ਸੋਈ ਦੇਵੈ", "ਦੋਇ ਕਰ ਜੋੜਿ ਕਰੋ ਅਰਦਾਸ ਤੁਧ ਭਾਵੈ ਤਾਂ ਆਣੇ ਰਾਸ।" ਇਹ ਦੋਵੇਂ ਗੱਲਾਂ ਇਕ ਟਾਈਮ ਵਿਚ ਕਿਵੇਂ ਠੀਕ ਹੋ ਸਕਦੀਆਂ ਹਨ ?**

ਜ : ਜੇ ਗਹਿਰਾਈ ਵਿਚ ਜਾਇਆ ਜਾਵੇ ਤਾਂ ਇਕੋ ਹੀ ਸੱਚਾਈ ਨੂੰ ਵੱਖਰੇ ਵੱਖਰੇ ਸ਼ਬਦਾਂ ਰਾਹੀਂ ਪ੍ਰਗਟਾਇਆ ਗਿਆ ਹੈ। ਵਾਹਿਗੁਰੂ ਦੇ ਪਿਆਰਿਆਂ ਨੇ ਉਸ ਦਾ ਨਾਮ ਹੀ ਮੰਗਣਾ ਹੈ ਤੇ ਉਹ ਮੰਗਣ ਵਾਲੇ ਨੂੰ ਅਵੱਸ਼ ਮਿਲਦਾ ਹੈ "ਪ੍ਰਭ ਘਾਲਿਆ ਕਿਸੇ ਕਾ ਇਕ ਤਿਲੁ ਨਾ ਗਵਾਈ।" ਪਰ ਜੇ ਆਖੋ ਕਿ ਵਾਹਿਗੁਰੂ ਤੋਂ ਜੋ ਦੁਨਿਆਵੀ ਪਦਾਰਥ ਮੰਗਾਂਗੇ ਉਹ ਵੀ ਦੇਵੇਗਾ ਤਾਂ ਇਹ ਗੁਰਮਤਿ ਅਨੁਸਾਰ ਨਹੀ, "ਵਿਣ ਤੁਧ ਹੋਰ ਜੋ ਮੰਗਣਾ ਸਿਰ ਦੁਖਾਂ ਦੇ ਦੁਖ।" ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੋਰ ਸਾਰੀਆਂ ਦਾਤਾਂ ਹੀ ਦੁਖਾਂ ਦਾ ਘਰ ਹਨ। ਦੋ ਹੱਥ ਜੋੜ ਕੇ ਅਰਦਾਸ ਕਰਨਾ ਨਿਮ੍ਰਤਾ ਨਾਲ ਭਰਿਆ ਹੋਇਆ ਸ਼ਬਦ ਹੈ। ਵਾਹਿਗੁਰੂ ਦੇ ਨਾਮ ਦੀ ਦਾਤ ਮੰਗਣੀ ਹੈ ਪਰ ਜੇ ਉਸ ਨੂੰ ਭਾਵੇਂ ਤਾਂ ਉਹ ਮੇਹਰ ਕਰ ਦੇਵੇ। ਅਰਦਾਸ ਕਰਨੀ ਤੇ ਵਾਹਿਗੁਰੂ ਦੇ ਹੁਕਮ ਵਿਚ ਸੰਤੁਸ਼ਟ ਰਹਿਣਾ ਹੀ ਗੁਰੁ ਸਿੱਖੀ ਦਾ ਜੀਵਨ ਹੈ।

**ਸ : ਗੁਰੂ ਗਰੰਥ ਸਾਹਿਬ ਵਿਚ ਲਿਖਿਆ ਹੋਇਆ ਹੈ "ਗੁਰੂ ਮੇਰੇ ਸੰਗ ਸਦਾ ਹੈ ਨਾਲੈ।" ਫਿਰ ਜੋ ਰਾਗੀ ਗਰੰਥੀ ਇਹ ਗਾਉਂਦੇ ਰਹਿੰਦੇ ਹਨ ਉਨ੍ਹਾਂ ਦੀ ਗੁਰੂ ਨੇ ਬਲਿਊ ਸਟਾਰ ਓਪਰੇਸ਼ਨ ਤੇ ਦਿੱਲੀ ਦੰਗਿਆਂ ਵਿਚ ਕਿਉਂ ਨਹੀਂ ਸਹਾਇਤਾ ਕੀਤੀ ?**

ਜ : ਗੁਰੂ ਦਾ ਅੰਗ ਸੰਗ ਹੋਣਾ ਸਿਰਫ ਇਸ ਜ਼ਿੰਦਗੀ ਵਿਚ ਹੀ ਅੰਗ ਸੰਗ ਹੋਣਾ ਨਹੀਂ। ਇਸ ਜ਼ਿੰਦਗੀ ਤੋਂ ਬਾਅਦ ਦੀ ਜ਼ਿੰਦਗੀ ਵਿਚ ਵੀ ਅੰਗ ਸੰਗ ਹੋਣਾ ਹੈ। ਗੁਰਮਤਿ ਅਨੁਸਾਰ ਇਹ ਕਾਲ ਬਧੀ ਹੋਈ ਜ਼ਿੰਦਗੀ ਸਦੀਵ ਜ਼ਿੰਦਗੀ ਦਾ ਇਕ ਚਮਤਕਾਰ ਹੈ। ਜ਼ਿੰਦਗੀ ਮੌਤ ਲਈ ਇਕ ਤਿਆਰੀ ਹੈ ਤੇ ਮੌਤ ਅਗਲੀ ਜ਼ਿੰਦਗੀ ਦਾ ਅਰੰਭ ਹੈ। ਜ਼ਿੰਦਗੀ ਤੇ ਮੌਤ ਵੀ ਆਤਮਾ ਦੇ ਦੋ ਰੂਪ ਹਨ। ਜੋ ਪੈਦਾ ਹੋਇਆ ਹੈ ਉਸ ਨੇ ਅਵੱਸ਼ ਮਰਨਾ ਹੈ। ਫਿਰ ਜਿਸ ਚੀਜ਼ ਨੇ

Sant Sipahi - The oldest Panthic Magazine/ www.santsipahi.org

ਅਵੱਸ਼ ਹੋਣਾ ਹੈ ਉਸ ਤੋਂ ਬਚਣ ਬਚਾਉਣ ਦੇ ਕੋਈ ਅਰਥ ਨਹੀਂ। ਹਾਂ ਗੁਰੂ ਦੇ ਹੁਕਮ ਵਿਚ ਚੱਲਣ ਵਾਲਿਆਂ ਲਈ ਕੋਈ ਦੁਖ ਹੁੰਦਾ ਹੀ ਨਹੀਂ। ਉਨ੍ਹਾਂ ਲਈ ਹਰ ਅਵਸਥਾ ਵਿਚ ਹੀ ਖੇੜਾ ਖੇੜਾ ਹੈ।

**ਸ : ਜਦੋਂ ਨਵੰਬਰ ਦੇ ਫਸਾਦਾਂ ਵਿਚ ਪਾਵਨ ਬੀੜਾਂ ਸਾੜੀਆਂ ਗਈਆਂ, ਗੁਰੂ ਗਰੰਥ ਸਾਹਿਬ ਦੀ ਬੇ-ਅਦਬੀ ਹੋਈ ਤਾਂ ਇਹ ਕੁਝ ਕਰਨ ਵਾਲਿਆਂ ਨੂੰ ਕੋਹੜ ਕਿਉਂ ਨਾ ਹੋਇਆ ?**

ਜ : ਇਹ ਕੁਝ ਮਲੀਨ ਬੁਧੀ ਵਾਲੇ ਤੇ ਕੋਹੜ ਭਰੇ ਦਿਲ ਦਿਮਾਗ ਵਾਲਿਆਂ ਨੇ ਕੀਤਾ ਹੈ ਤੇ ਇਹ ਕੁਝ ਕਰਨ ਨਾਲ ਉਨ੍ਹਾਂ ਦੀ ਆਤਮਾ ਹੋਰ ਮਲੀਨ ਹੋ ਗਈ ਤੇ ਵਾਹਿਗੁਰੂ ਤੋਂ ਦੂਰ ਜਾ ਕੇ ਚੁਰਾਸੀ ਵਿਚ ਭਟਕਦੇ ਰਹਿਣਗੇ।

**ਸ : ਹਰਮੰਦਿਰ ਸਾਹਿਬ ਜਿਥੇ ਹਰ ਵੇਲੇ ਕੀਰਤਨ ਹੁੰਦਾ ਹੈ ਉਥੇ ਦੀ ਪਵਿੱਤ੍ਰਤਾ ਕਿਉਂ ਭੰਗ ਹੋਈ ? ਵਾਹਿਗੁਰੂ ਦਾ ਨਾਮ ਲੈਣ ਵਾਲੇ ਰਾਗੀ ਵੀ ਹਲੀਂ ਕੈਦ ਵਿਚ ਹਨ ਕਿਉਂ ?**

ਜ : ਤੁਸੀਂ ਸਭ ਕੁਝ ਦੁਨਿਆਵੀ ਦੁਖ, ਸੁਖ ਤੇ ਨਫੇ ਨੁਕਸਾਨ ਦੇ ਮਾਪ ਨਾਲ ਤੋਲਦੇ ਹੋ। ਗੁਰੂ ਨਾਨਕ ਦੇਵ ਜੀ ਨੇ ਕਿਉਂ ਬਾਬਰ ਦੀ ਜੇਲ੍ਹ ਵਿਚ ਬੈਠ ਕੇ ਚੱਕੀ ਪੀਸੀ ਸੀ। ਜਿਸ ਕਾਰਨ ਕਰਕੇ ਗੁਰੂ ਨਾਨਕ ਦੇਵ ਜੀ ਨੇ ਕੈਦ ਕੱਟੀ, ਗੁਰੂ ਅਰਜਨ ਦੇਵ ਜੀ ਤੱਤੀਆਂ ਤੱਵੀਆਂ ਉਤੇ ਬੈਠੇ, ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦੀ ਪਰਾਪਤ ਕੀਤੀ ਉਸੇ ਕਾਰਨ ਹੁਣ ਵੀ ਰਾਗੀ ਸਿੰਘ ਕੈਦ ਵਿਚ ਹਨ। ਨੇਕੀ ਤੇ ਬਦੀ ਦੀ ਹਮੇਸ਼ਾ ਦੁਨੀਆ ਵਿਚ ਟੱਕਰ ਚੱਲਦੀ ਰਹਿੰਦੀ ਹੈ। ਪਰ ਗੁਰੂ ਆਸ਼ੇ ਉਤੇ ਚੱਲਣ ਵਾਲਾ ਅਧਿਆਤਮਿਕ ਤੌਰ ਉਤੇ ਉੱਚਾ ਹੁੰਦਾ ਜਾਂਦਾ ਹੈ। ਇਹ ਦੁਖ ਵੀ ਉਸ ਨੂੰ ਵਾਹਿਗੁਰੂ ਦੇ ਨੇੜੇ ਲਿਜਾਣ ਦਾ ਕਾਰਨ ਬਣਦੇ ਹਨ। ਸਰੀਰਕ ਦੁਖ ਵੇਲੇ ਵਾਹਿਗੁਰੂ ਜ਼ਿਆਦਾ ਯਾਦ ਆਉਂਦਾ ਹੈ। ਇਸ ਕਰਕੇ ਗੁਰੂ ਸਾਹਿਬ ਨੇ ਫੁਰਮਾਇਆ ਹੈ "ਦੁਖ ਦਾਰੂ ਸੁਖ ਰੋਗ ਭਇਆ।"

ਜਿਥੇ ਹਰ ਵਕਤ ਕਥਾ ਕੀਰਤਨ ਹੁੰਦਾ ਹੈ। ਉਹ ਥਾਂ ਸਦਾ ਪਵਿੱਤ੍ਰ ਹੈ। ਜਦੋਂ ਕੋਈ ਦੁਸ਼ਟ ਏਹੋ ਜੇਹੀ ਥਾਂ ਉਤੇ ਕੋਈ ਕੁਕਰਮ ਕਰਦਾ ਹੈ ਤਾਂ ਉਸ ਥਾਂ ਦੇ ਵਾਰਸਾਂ ਨੂੰ ਜੋ ਕਿ ਸਮੁੱਚੀ ਸਿੱਖ ਕੌਮ ਹੈ ਉਸ ਨੂੰ ਉਹ ਕੁਕਰਮ (ਸਿੱਖਾਂ ਨੂੰ) ਇਕ ਵੰਗਾਰ ਜਾਪਦਾ ਹੈ ਤੇ ਅਸੀਂ ਉਸ ਕੁਕਰਮ ਨੂੰ ਗੁਰੂ ਧਾਮਾ ਦੀ ਬੇਅਦਬੀ ਕਹਿੰਦੇ ਹਾਂ।

**ਦਵਿੰਦਰ ਸਿੰਘ ਪਿੰਡ ਓਇੰਦ, ਰੋਪੜ**

**ਸ : ਕੀ ਸਿੱਖ ਸਟੂਡੈਂਟ ਫ਼ਡਰੇਸ਼ਨ ਵਾਲਿਆਂ ਨੇ ਦਿੱਲੀ ਦੰਗਿਆਂ ਵਿਚ ਮਾਰੇ ਗਏ ਸਿੱਖਾਂ ਦੇ ਵਾਰਸਾਂ ਨੂੰ ਚੰਦਾ ਇਕੱਠਾ ਕਰਕੇ ਕੋਈ ਸਹਾਇਤਾ ਦਿੱਤੀ ਹੈ ਕਿ ਨਹੀਂ ? ਜੇ ਨਹੀਂ ਤਾਂ ਇਹ ਕੇਵਲ ਬਿਮਲ ਖਾਲਸਾ ਨੂੰ ਹੀ ਸਹਾਇਤਾ ਦੇਣ ਵਿਚ ਕਿਉਂ ਯਕੀਨ ਰੱਖਦੇ ਹਨ ?**

ਜ : ਸਟੂਡੈਂਟ ਫ਼ਡਰੇਸ਼ਨ ਵਾਲਿਆਂ ਨੇ ਦਿੱਲੀ ਦੰਗਿਆਂ ਵਿਚ ਮਾਰੇ ਗਏ ਸਿੱਖਾਂ ਦੇ ਪ੍ਰਵਾਰਾਂ ਲਈ ਨਾ ਕੋਈ ਚੰਦਾ ਇਕੱਠਾ ਕੀਤਾ ਹੈ ਤੇ ਨਾ ਹੀ ਕੋਈ ਸਹਾਇਤਾ ਦਿੱਤੀ ਹੈ। ਕੇਵਲ ਫ਼ਡਰੇਸ਼ਨ ਵਾਲੇ ਬਿਮਲ ਖਾਲਸਾ ਨੂੰ ਹੀ ਕਿਉਂ ਸਹਾਇਤਾ ਦਿੰਦੇ ਹਨ ਇਸ ਦਾ ਜੁਆਬ ਤੇ ਉਹ ਆਪ ਹੀ ਦੇ ਸਕਦੇ ਹਨ ਪਰ ਬਿਮਲ ਖਾਲਸਾ ਦੀ ਮਦਦ ਕਰਨੀ ਵੀ ਤੇ ਚੰਗੀ ਗੱਲ ਹੀ ਹੈ। ਜਿਸ ਦੀ ਵੀ ਸਹਾਇਤਾ ਕਰਨ ਉਹ ਹੀ ਠੀਕ ਹੈ।

**ਸ : ਲੁਧਿਆਣੇ ਕਤਲ ਕਾਂਡ ਪਿਛੋਂ ਜੋ ਅਤਿਵਾਦੀ ਪਕੜੇ ਗਏ ਹਨ ਉਨ੍ਹਾਂ ਨੇ ਇਕਬਾਲ ਕੀਤਾ ਹੈ ਕਿ ਸਾਡੇ ਦੋ ਸਾਥੀ ਦਰਬਾਰ ਸਾਹਿਬ ਕਾਮਪਲੈਕਸ ਵਿਚ ਚਲੇ ਗਏ ਹਨ। ਜੇ ਇਹ ਸੱਚ ਹੈ ਤਾਂ ਦਰਬਾਰ ਸਾਹਿਬ ਵਿਚ ਅਜੇਹੇ ਬੰਦਿਆਂ ਨੂੰ ਰੱਖਣਾ ਕੋਈ ਚੰਗੀ ਗੱਲ ਹੈ ?**

ਜ : ਕਿਸ ਨੇ ਕੀ ਕਿਹਾ ਤੇ ਕੀ ਇਕਬਾਲ ਕੀਤਾ ਇਸ ਬਾਰੇ ਪੁਲੀਸ ਵਲੋਂ ਦਿੱਤੀਆਂ ਗਈਆਂ ਅਖਬਾਰਾਂ ਵਿਚ ਖਬਰਾਂ ਉਤੇ ਯਕੀਨ ਕਰਨਾ ਮੁਸ਼ਕਲ ਹੁੰਦਾ ਹੈ। ਪਰ ਜੇ ਕੋਈ ਐਸਾ ਕਤਲ ਕਰਨ ਵਾਲਾ ਬੰਦਾ ਦਰਬਾਰ ਸਾਹਿਬ ਆ ਜਾਵੇ ਤਾਂ ਵੀ ਉਸ ਨੂੰ ਰੋਕਿਆ ਨਹੀਂ ਜਾ ਸਕਦਾ। ਦਰਬਾਰ ਸਾਹਿਬ ਹਰ ਪ੍ਰਾਣੀ ਮਾਤਰ ਲਈ ਖੁਲ੍ਹਾ ਹੈ। ਕਿਸੇ ਨੂੰ ਕੀ ਪਤਾ ਕਿ ਕੌਣ ਕੀ ਕਰਕੇ ਦਰਬਾਰ ਸਾਹਿਬ ਆ ਵੜਿਆ ਹੈ। ਦਰਬਾਰ ਸਾਹਿਬ ਰੱਖਦਾ ਕੋਈ ਕਿਸੇ ਨੂੰ ਨਹੀਂ ਤੇ ਰਹਿਣ ਵਾਲੇ ਨੂੰ ਕੋਈ ਕੱਢ ਨਹੀਂ ਸਕਦਾ।

**ਇੰਦਰ ਸਿੰਘ ਮਲਵੇਈ ਬੀ. ਡੀ. ਓ. (ਰਿਟਾਇਰ) ਲੁਧਿਆਣਾ।**

**ਸ : ਕੀ ਸਿੱਖਾਂ ਵਲੋਂ ਦਾੜ੍ਹੀ ਧਾਗਾ ਜਾ ਜਾਲੀ ਲਾ ਕੇ ਸ਼ੋਧ ਕੇ ਰੱਖਣਾ, ਦਾਹੜੀ ਨੂੰ ਕਲਫ ਲਾਣਾ, ਦਾੜ੍ਹੀ ਨੂੰ ਫਿਕਸੋ ਲਾ ਕੇ ਫਿਕਸ ਕਰਨਾ ਆਦਿ ਨਾਲ ਮਰਯਾਦਾ ਭੰਗ ਹੁੰਦੀ ਹੈ ਕਿ ਨਹੀਂ ?**

ਜ : ਰਹਿਤ ਨਾਮਿਆਂ ਅਨੁਸਾਰ ਦਾਹੜੀ ਰੰਗਣ ਦੀ ਮਨਾਹੀ ਹੈ। ਜਿਸ ਕਰਕੇ ਦਾਹੜੀ ਨੂੰ ਕਲਫ ਆਦਿ ਲਗਾਉਣਾ ਵਿਵਰਜਤ ਹੈ ਪਰ ਦਾਹੜੀ ਬੰਨ੍ਹਣੀ ਤੇ ਫਿਕਸੋ ਲਾਣਾ ਸਿੱਖ ਰਹਿਤ ਮਰਯਾਦਾ ਵਿਚ ਕਿਧਰੇ ਵਿਵਰਜਤ ਨਹੀਂ ਕੀਤਾ ਗਿਆ। ਇਸ ਕਰਕੇ ਇਹ ਸਮਝਣਾ ਚਾਹੀਦਾ ਹੈ ਕਿ ਮਰਯਾਦਾ ਕੇਵਲ ਕਲਫ ਲਾਣ ਨਾਲ ਹੀ ਭੰਗ ਹੁੰਦੀ ਹੈ।

**ਗੁਰਦੇਵ ਸਿੰਘ ਕਾਲਾ ਨੰਗਲ, ਗੁਰਦਾਸਪੁਰ**

**ਸ : ਤੁਸਾਂ ਨਕੋਦਰ ਕਾਂਡ ਵਿਚ ਹਰਮਿੰਦਰ ਸਿੰਘ ਦਾ ਨਾਮ ਦਿਤਾ ਹੈ ਬਲਬੀਰ ਸਿੰਘ ਦਾ ਨਾਮ ਕਿਉਂ ਨਹੀਂ ਦਿਤਾ ?**

ਜ : ਇਸ ਦਾ ਕੋਈ ਵਿਸ਼ੇਸ਼ ਕਾਰਨ ਨਹੀਂ। ਜਿਸ ਥਾਂ ਉਤੇ ਪੁਜਕੇ ਪੂਰੀ ਜਾਣਕਾਰੀ ਲਈ ਗਈ ਸੀ ਉਥੇ ਹੀ ਹਰਮਿੰਦਰ ਸਿੰਘ ਸ਼ਹੀਦ ਹੋਇਆ ਸੀ ਇਸ ਕਰਕੇ ਉਸਦਾ ਨਾਮ ਆ ਗਿਆ ਸੀ ਤੇ ਬਲਬੀਰ ਸਿੰਘ ਫ਼ੌਜੀ ਦਾ ਨਾਮ ਰਹਿ ਗਿਆ ਸੀ।

**ਸ : ਤਮਾਕੂ ਦੀਆਂ ਡੱਬੀਆਂ ਉਤੇ ਗੁਰੂ ਨਾਨਕ ਦੇਵ ਜੀ ਦੀ ਫ਼ੋਟੋ ਕਿਉਂ ਛਾਪਦੇ ਹਨ ?**

ਜ : ਇਸ ਬਾਰੇ ਤੇ ਛਾਪਣ ਵਾਲੇ ਹੀ ਦਸ ਸਕਦੇ ਹਨ। ਇਕ ਵਾਰ ਸਿਗਰਟ ਦੀਆਂ ਡੱਬੀਆਂ ਉਤੇ ਗੁਰੂ ਨਾਨਕ ਦੇਵ ਜੀ ਦੀ ਫ਼ੋਟੋ ਛਪਣ ਦੀ ਖ਼ਬਰ ਮਿਲੀ ਸੀ। ਬਾਅਦ ਵਿਚ ਕੋਈ ਖ਼ਬਰ ਨਹੀਂ ਮਿਲੀ ਹੋ ਸਕਦਾ ਹੈ ਕਿ ਹੁਣ ਕੰਪਨੀ ਵਾਲਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਫ਼ੋਟੋ ਛਾਪਣੀ ਬੰਦ ਕਰ ਦਿੱਤੀ ਹੋਵੇ। ਜੇ ਆਪ ਕੋਲ ਇਸ ਬਾਰੇ ਕੋਈ ਸਬੂਤ ਹੈ ਤਾਂ ਜ਼ਰੂਰ ਭੇਜਣ ਦੀ ਕ੍ਰਿਪਾਲਤਾ ਕਰਨੀ ਤਾਂ ਕਿ ਇਸ ਤਮਾਕੂ ਕੰਪਨੀ ਵਾਲਿਆਂ ਦੇ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

**ਜਸਬੀਰ ਸਿੰਘ, ਪਟਿਆਲਾ।**

**ਸ : ਦਰਬਾਰ ਸਾਹਿਬ ਦੂਜੀ ਵਾਰ ਪੁਲੀਸ ਨੀਮ ਫ਼ੌਜੀ ਦਸਤੇ ਤੇ ਫ਼ੌਜੀ ਕਮਾਂਡੋ ਦੇ ਜਾਣ ਦਾ ਬਹੁਤ ਦੁਖ ਹੋਇਆ ਹੈ। ਕੀ ਖਾਲਸਤਾਨ ਦੀ ਲੜਾਈ ਦਰਬਾਰ ਸਾਹਿਬ ਦੇ ਬਾਹਰੋਂ ਨਹੀਂ ਲੜੀ ਜਾ ਸਕਦੀ। ਗੁਰੂ ਹਰਗੋਬਿੰਦ ਸਾਹਿਬ ਨੇ ਤੇ ਦਰਬਾਰ ਸਾਹਿਬ ਤੋਂ ਬਾਹਰ ਆ ਕੇ ਲੜਾਈਆਂ ਲੜੀਆਂ ਸਨ ਤੇ ਹੁਣ ਸਿੱਖ ਨੌਜੁਆਨ ਦਰਬਾਰ ਸਾਹਿਬ ਦੇ ਅੰਦਰੋਂ ਖਾਲਸਤਾਨ ਦੀ ਕਿਉਂ ਲੜਾਈ ਲੜਨਾ**

(ਬਾਕੀ ਸਫ਼ਾ 66 'ਤੇ)

Sant Sipahi - The oldest Panthic Magazine/ www.santsipahi.org

ਸੰਪਾਦਕੀ

# ਰਾਜ ਧਰਮ ਲਈ

ਸਿੱਖਾਂ ਨੂੰ ਰਾਜਸੀ ਸ਼ਕਤੀ ਚਾਹੀਦੀ ਹੈ ਆਪਣ ਧਰਮ ਦੀ ਰਖਿਆ ਲਈ ਤੇ ਆਪਣੇ ਧਰਮ ਦੀ ਪ੍ਰਫੁਲਤੀ ਲਈ। ਇਕ ਐਸਾ ਸਮਾਜਿਕ ਤੇ ਰਾਜਸੀ ਢਾਂਚਾ ਹੋਂਦ ਵਿਚ ਲਿਆਉਣ ਲਈ ਜਿਸ ਵਿਚ ਸਿੱਖੀ ਕਦਰਾਂ ਕੀਮਤਾਂ ਪ੍ਰਫੁਲਤ ਹੋਣ, ਇਨ੍ਹਾਂ ਕੀਮਤਾਂ ਦੀ ਪ੍ਰਫੁਲਤਾ ਦੀ ਖੁਸ਼ਬੂ ਨਾਲ ਅਨ-ਧਰਮੀਏ ਵੀ ਸਿੱਖੀ ਵੱਲ ਆਪਣੇ ਆਪ ਹੀ ਪ੍ਰੇਰੇ ਜਾਣ। ਸਿੱਖ ਧਰਮ ਹੀ ਇਕ ਐਸਾ ਧਰਮ ਹੈ ਜਿਸ ਵਿਚ ਕਿਸੇ ਨੂੰ ਡਰ ਜਾ ਲਾਲਚ ਨਾਲ ਸਿੱਖੀ ਧਾਰਨ ਲਈ ਪ੍ਰੇਰਿਆ ਨਹੀਂ ਜਾਂਦਾ। ਸਿੱਖ ਇਤਿਹਾਸ ਵਿਚ ਕੋਈ ਇਕ ਵੀ ਐਸੀ ਮਿਸਾਲ ਨਹੀਂ ਜਿਸ ਵਿਚ ਕਿਸੇ ਦੂਜੇ ਧਰਮ ਦੇ ਧਾਰਨੀ ਨੂੰ ਸਿੱਖ ਬਣਨ ਲਈ ਮਜਬੂਰ ਕੀਤਾ ਗਿਆ ਹੋਵੇ ਜਾਂ ਕਿਸੇ ਦੂਜੇ ਧਰਮ ਦੇ ਧਾਰਨੀ ਨਾਲ ਧੱਕਾ ਇਸ ਕਰਕੇ ਕੀਤਾ ਗਿਆ ਹੋਵੇ ਕਿ ਉਹ ਸਿੱਖ ਨਹੀਂ। ਸਿੱਖਾਂ ਦਾ ਇਸ ਪੰਜਾਬ ਉਤੇ ਰਾਜ ਰਿਹਾ ਹੈ ਜਿਥੇ ਕਿ ਹਿੰਦੂਆਂ ਮੁਸਲਮਾਨਾਂ ਨਾਲ ਬਰਾਬਰ ਦਾ ਸਲੂਕ ਕੀਤਾ ਜਾਂਦਾ ਸੀ।

ਸਿੱਖ ਧਰਮ ਸਮੁੱਚੀ ਇਨਸਾਨੀਅਤ ਦਾ ਧਰਮ ਹੈ। ਇਸ ਦੇ ਹਰਮੰਦਰ ਦੇ ਦਰਵਾਜੇ ਚਾਰੇ ਪਾਸੇ ਖੁਲ੍ਹੇ ਹਨ ਜਿਨ੍ਹਾਂ ਵਿਚ ਹਰ ਵਰਣ ਤੇ ਹਰ ਧਰਮ ਵਾਲੇ ਦਾਖਿਲ ਹੋ ਸਕਦੇ ਹਨ। ਸਿੱਖਾਂ ਦਾ ਹੀ ਦੁਨੀਆਂ ਵਿਚ ਇਕ ਐਸਾ ਧਰਮ ਗ੍ਰੰਥ ਹੈ ਜਿਸ ਵਿਚ ਦੂਜੇ ਧਰਮਾਂ ਨੂੰ ਮੰਨਣ ਵਾਲਿਆਂ ਦੀ ਬਾਣੀ ਸਾਮਿਲ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਮੁਸਲਮਾਨ ਸਾਂਈ ਬਾਬਾ ਫਰੀਦ ਜੀ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਲਈ ਪ੍ਰੇਰ ਰਹੇ ਹਨ, "ਫਰੀਦਾ ਬੇ ਨਵਾਜਾ ਕੁਤਿਆ ਇਹ ਨਾ ਭਲੀ ਰੀਤ ਕਬੀ ਚਲ ਨਾ ਆਇਓ ਪੰਜੇ ਵਕਤ ਮਸੀਤ", ਇਥੇ ਹੀ ਇਕ ਹਿੰਦੂ ਭਗਤ ਗਾ ਰਿਹਾ ਹੈ, "ਰਾਮ ਬੋਲੇ, ਰਾਮਾ ਬੋਲੈ, ਸਭੈ ਘਟ ਰਾਮ ਬੋਲੈ॥ ਰਾਮ ਬਿਨ੍ਹਾ ਕੋਈ ਬੋਲੈ ਨਾ।" ਸਿਰਫ ਏਥੇ ਹੀ ਬਸ ਨਹੀਂ ਗੁਰਬਾਣੀ ਵਿਚ ਸਾਰੇ ਧਰਮਾਂ ਦੇ ਧਾਰਨੀਆਂ ਵਲੋਂ ਲਏ ਜਾਂਦੇ ਵਾਹਿਗੁਰੂ ਦੇ ਨਾਮ ਗਾਏ ਗਏ ਹਨ ਅੱਲ੍ਹਾ, ਕਾਦਰ, ਕਰੀਮ, ਰਹੀਮ ਆਦਿ ਤੇ ਕ੍ਰਿਸ਼ਨ ਮੁਰਾਰੀ, ਨੀਲ ਕੰਠ, ਰਾਮ, ਨਰਾਇਣ ਆਦਿ।

ਸਿੱਖ ਧਰਮ ਹੀ ਇਕ ਐਸਾ ਧਰਮ ਹੈ ਜਿਸ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਜਾਨ ਦੀ ਅਹੂਤੀ ਦਿਤੀ ਸੀ, ਸਿੱਖ ਧਰਮ ਲਈ ਨਹੀਂ, ਹਿੰਦੂ ਧਰਮ ਲਈ ਜਿਸ ਵਿਚ ਕਿ ਆਪ ਯਕੀਨ ਨਹੀਂ ਰੱਖਦੇ ਸਨ। ਗੁਰੂ ਨਾਨਕ ਦੇਵ ਜੀ ਆਪਣੇ ਪਹਿਲੇ ਰੂਪ ਵਿਚ ਤਿਲਕ ਜੰਞੂ ਨੂੰ ਧਾਰਨ ਤੋਂ ਇਨਕਾਰੀ ਹਨ ਤੇ ਆਪਣੇ ਨੌਵੇਂ ਰੂਪ ਵਿਚ ਉਸੇ ਤਿਲਕ ਜੰਞੂ ਦੀ ਰਾਖੀ ਲਈ ਆਪਣੀ ਜਾਨ ਦੀ ਅਹੂਤੀ ਦੇ ਰਹੇ ਹਨ। ਇਸ ਲਈ ਨਹੀਂ ਕਿ ਉਨ੍ਹਾਂ ਨੂੰ ਹਿੰਦੂ ਧਰਮ ਬੜਾ ਪਿਆਰਾ ਸੀ। ਇਹ ਕੁਰਬਾਨੀ ਇਨਸਾਨ ਦੀ ਮੁੱਢਲੀ ਧਰਮ ਦੀ ਅਜ਼ਾਦੀ ਲਈ ਕੁਰਬਾਨੀ ਸੀ ਕਿ ਉਹ ਜਿਸ ਵਿਚ ਚਾਵ੍ਹੇ ਯਕੀਨ ਰੱਖੇ।

ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਹੀ ਨਿਰਾਲੀਆਂ ਹਨ ਜਿਸ ਵਿਚ ਮਜ਼ਲੂਮ ਦੀ ਰਖਿਆ ਕਰਨੀ ਹਰ ਇਕ ਸਿੱਖ ਦਾ ਧਾਰਮਿਕ ਫਰਜ਼ ਹੈ। ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਆਪਣੀ ਮੌਜ ਵਿਚ ਬੈਠੇ ਸਿੱਖਾਂ ਨੂੰ ਉਪਦੇਸ਼ ਕਰ ਰਹੇ ਸਨ ਕਿ ਜੰਗ ਦੇ ਸਮੇਂ ਕਿਸੇ ਡਿੱਗੇ ਹੋਏ ਉਤੇ ਵਾਰ ਨਹੀਂ ਕਰਨਾ, ਛੁਪ ਕੇ ਵਾਰ ਨਹੀਂ ਕਰਨਾ, ਨਿਹੱਥੇ ਉਤੇ ਵਾਰ ਨਹੀਂ ਕਰਨਾ, ਦੌੜੇ ਉਤੇ ਵਾਰ ਨਹੀਂ ਕਰਨਾ, ਨਿਰਦੋਸ਼ ਨੂੰ ਨਹੀਂ ਮਾਰਨਾ, ਬੱਚੇ, ਬੁੱਢੇ, ਤੇ ਜ਼ਨਾਨੀ ਉਤੇ ਹੱਥ ਨਹੀਂ ਚੁੱਕਣਾ। ਦੁਸ਼ਮਣ ਨੂੰ ਜਿੱਤ ਕੇ ਉਨ੍ਹਾਂ ਦੀਆਂ ਜ਼ਨਾਨੀਆਂ ਨੂੰ ਹੱਥ ਨਹੀਂ ਲਾਉਣਾ।

ਸਾਡੇ ਵਰਗੇ ਉਸ ਵਕਤ ਵੀ ਛੋਟੀ ਬੁੱਧੀ ਵਾਲੇ ਗੁਰੂ ਸਾਹਿਬ ਦੀਆਂ ਗੱਲਾਂ ਸੁਣ ਰਹੇ ਸਨ। ਉਹ ਗੁਰੂ ਜੀ ਨੂੰ ਕਹਿਣ ਲੱਗੇ ਕਿ ਮਾਹਰਾਜ ਸਾਡੇ ਦੁਸ਼ਮਣ ਤੇ ਉਹ ਸਭ ਕੁਝ ਕਰਦੇ ਹਨ ਜਿਨ੍ਹਾਂ ਤੋਂ ਤੁਸੀਂ ਸਾਨੂੰ ਰੋਕ ਰਹੇ ਹੋ ਤਾਂ ਗੁਰੂ ਮਾਹਰਾਜ ਨੇ ਫੁਰਮਾਇਆ, "ਮੈਂ ਇਹ ਪੰਥ ਲੈ ਜਾਊਂ ਉਚੇਰੇ।" ਭਾਵ ਇਸ ਪੰਥ ਦੀਆਂ ਕਦਰਾਂ ਕੀਮਤਾਂ ਮੈਂ ਬਹੁਤ ਉੱਚੀਆਂ ਮਿਥ ਰਿਹਾ ਹਾਂ।

ਸਿੱਖੀ ਦੇ ਕੇਂਦਰ ਅੰਮ੍ਰਿਤਸਰ ਤੇ ਸਮੁੱਚੇ ਮਾਝੇ ਦੀ ਧਰਤੀ ਦਾ ਚੱਪਾ ਚੱਪਾ ਸ਼ਹੀਦ ਸਿੰਘਾਂ ਦੇ ਖੂਨ ਨਾਲ ਸਿੰਝਿਆ ਹੋਇਆ ਹੈ ਜਿਨ੍ਹਾਂ ਨੇ ਮਜ਼ਲੂਮਾਂ ਦੀ ਰਖਿਆ ਲਈ ਆਪਣੀ ਜਾਨ ਦੀ ਅਹੂਤੀ ਦਿਤੀ। ਪਰ ਅੱਜ ਇਸ ਧਰਤੀ ਉਤੇ ਕਿਸੇ ਨਿਰਦੋਸ਼ ਬੰਦੇ ਦਾ ਖੂਨ ਡੁੱਲਦਾ ਹੈ ਜੋ ਕਿ ਸਿੱਖ ਨਹੀਂ ਤੇ ਇਸ ਖੂਨ ਦੀ ਜ਼ਿਮੇਵਾਰੀ ਸਿੱਖਾਂ ਉਤੇ ਆਉਂਦੀ ਵੀ ਹੈ ਤੇ ਥੱਪੀ ਵੀ ਜਾਂਦੀ ਹੈ। ਇਸ ਗੁਰੂ ਦੀ ਵਰਸੋਂਦੀ ਹੋਈ ਧਰਤੀ ਉਤੇ ਕਿਸੇ ਮਜ਼ਲੂਮ ਦਾ ਖੂਨ ਇਸ ਕਰਕੇ ਡੁਲ੍ਹੇ ਕਿ ਉਹ ਸਿੱਖ ਨਹੀਂ, ਕਿਤਨੀ ਅਫਸੋਸ ਵਾਲੀ ਤੇ ਸਿੱਖ ਇਤਿਹਾਸ ਨੂੰ ਕਲੰਕਤ ਕਰਨ ਵਾਲੀ ਗੱਲ ਹੈ। ਸਾਡੇ ਲਈ ਸ਼ਰਮ ਦੀ ਗੱਲ ਹੈ ਜੇ ਕੋਈ ਹਿੰਦੂ ਪੰਜਾਬ ਛੱਡ ਜਾਵੇ ਜਾਂ ਸਿਰ ਉਤੇ ਡਰਦਾ ਮਾਰਾ ਪਗੜੀ ਇਸ ਕਰਕੇ ਬੰਨ੍ਹੇ ਕਿ ਉਹ ਮਾਰਿਆ ਨਾ ਜਾਵੇ, ਕਿਸੇ ਨੂੰ ਪਤਾ ਨਾ ਲੱਗੇ ਕਿ ਉਹ ਤਿਲਕ ਜੰਞੂ ਦਾ ਧਾਰਨੀ ਹੈ ਜਿਸ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਸਾਹਿਬ ਨੇ ਸੀਸ ਦਿਤਾ ਸੀ। ਜੇ ਅਸੀਂ ਅੱਜ ਤਿਲਕ ਜੰਞੂ ਲੁਹਾਈਏ ਤਾਂ ਅਸੀਂ ਔਰੰਗਜ਼ੇਬ ਦੀ ਔਲਾਦ ਹੋਏ ਗੁਰੂ ਤੇਗ ਬਹਾਦਰ ਸਾਹਿਬ ਦੀ ਔਲਾਦ ਅਖਵਾਉਣ ਦੇ ਹੱਕਦਾਰ ਨਹੀਂ। ਕਿਸੇ ਨੂੰ ਪੰਜਾਬ ਛੱਡ ਜਾਣ ਦੀਆਂ ਤੇ ਸਮਾਜਿਕ ਬਾਈਕਾਟ ਦੀਆਂ ਧਮਕੀਆਂ ਦੇਣੀਆਂ ਸਿੱਖੀ ਦੀਆਂ ਉਚੇਰੀਆਂ ਇਖਲਾਕੀ ਕੀਮਤਾਂ ਤੋਂ ਡਿੱਗੀ ਹੋਈ ਗੱਲ ਹੈ।

ਸਿੱਖਾਂ ਨੂੰ ਰਾਜਸੀ ਸ਼ਕਤੀ ਚਾਹੀਦੀ ਹੈ ਸਿੱਖੀ ਦੀਆਂ ਉੱਚੀਆਂ ਇਖ਼ਲਾਕੀ ਕੀਮਤਾਂ ਨੂੰ ਉਜਾਗਰ ਕਰਨ ਲਈ ਨਾ ਕਿ ਉਨ੍ਹਾਂ ਤੋਂ ਡਿੱਗ ਕੇ ਚੁਰਾਸੀ ਦੀਆਂ ਕੀਮਤਾਂ ਅਪਨਾਉਣ ਨਾਲ। ਸਿਖ ਪੰਥ ਦੀ ਅਜ਼ਾਦ ਰਾਜਸੀ ਸ਼ਕਤੀ ਦਾ ਸੰਕਲਪ ਜਿਥੇ ਮਹਾਨ ਹੈ ਉਥੇ ਉਸਦੀ ਪੂਰਤੀ ਲਈ ਅਪਣਾਏ ਜਾ ਰਹੇ ਰਸਤੇ ਵੀ ਉਤਨੇ ਹੀ ਮਹਾਨ ਹੋਣੇ ਚਾਹੀਦੇ ਹਨ। ਜੇ ਅਸੀਂ ਗੁਰੂ ਸਾਹਿਬ ਦੇ ਪਾਏ ਹੋਏ ਪੂਰਨੇ ਤੇ ਉਨ੍ਹਾਂ ਦੇ ਦਰਸਾਏ ਹੋਏ ਰਾਹ ਤੋਂ ਭਟਕਾਂਗੇ ਤਾਂ ਗੁਰੂ ਸਾਡੀ ਕਦੀ ਸਹਾਇਤਾ ਨਹੀਂ ਕਰੇਗਾ। ਗੁਰੂ ਨੂੰ ਸਿਖ ਨਹੀਂ ਪਿਆਰਾ ਸਿਖੀ ਪਿਆਰੀ ਹੈ। ਸਿਖੀ ਉਤੇ ਚਲੀਏ, ਮਜ਼ਲੂਮ ਦੀ ਰਖਿਆ ਕਰੀਏ, ਗਰੀਬ ਦੀ ਸਹਾਇਤਾ ਕਰੀਏ। ਸਾਡਾ ਵੈਰ ਸਿਰਫ ਜ਼ੁਲਮ ਨਾਲ ਹੋਵੇ ਤਾਂ ਗੁਰੂ ਸਾਡੇ ਅੰਗ ਸੰਗ ਹੋਵੇਗਾ ਨਹੀਂ ਤੇ ਏਥੇ ਵੀ ਧਕੇ ਪੈਣਗੇ ਤੇ ਅਗੇ ਵੀ ਦਰਗਾਹ ਵਿਚ ਵੀ ਧਕੇ ਪੈਣਗੇ।

ਹਾਲੀ ਬਹੁਤ ਵਕਤ ਹੈ। ਪਿੰਡ ਪਿੰਡ ਮਜ਼ਲੂਮ ਤੇ ਤਸ਼ਦਦ ਦਾ ਸ਼ਿਕਾਰ ਹੋ ਰਹੇ ਲੋਕਾਂ ਦੀ ਬਾਂਹ ਪਕੜੋ ਉਨ੍ਹਾਂ ਦੀ ਰਾਖੀ ਦੀ ਜ਼ਿਮੇਂਵਾਰੀ ਲਵੋ ਗੁਰੂ ਸਾਡੀ ਬਾਂਹ ਆਪ ਪਕੜੇਗਾ ਤੇ ਸਾਡੀ ਰਾਖੀ ਆਪੇ ਹੀ ਕਰੇਗਾ। ਅਸੀਂ ਸਿਖੀ ਨਿਭਾਈਏ ਗੁਰੂ ਆਪਣੀ ਗੁਰਆਈ ਅਵਸ਼ ਨਿਭਾਵੇਗਾ, "ਸਤਿਗੁਰੂ ਸਾਚਾ ਕਿਆ ਕਰੇ ਜਾ ਸਿਖੋਂ ਮੇਂ ਚੂਕ।" ਗੁਰੂ ਦੀ ਮੇਹਰ ਤੋਂ ਬਿਨਾਂ ਅਸੀਂ ਕੋਡੀ ਦੇ ਨਹੀਂ ਤੇ ਗੁਰੂ ਦੀ ਮੇਹਰ ਗੁਰੂ ਉਪਦੇਸ਼ ਉਤੇ ਚਲੇ ਤੋਂ ਬਿਨ੍ਹਾਂ ਨਹੀਂ ਹੋ ਸਕਦੀ।

Sant Sipahi - The oldest Panthic Magazine/ www.santsipahi.org

# ਬਲਊ ਸਟਾਰ ਦੀ ਬਰਸੀ




ਸੰਤ ਭਿੰਡਰਾਂ ਵਾਲੇ ਦੀ ਸ੍ਰੀ ਅਕਾਲ ਤਖਤ ਅੰਦਰ ਆਖਰੀ ਅਰਦਾਸ ।

ਬਲਊ ਸਟਾਰ ਓਪਰੇਸ਼ਨ ਨੂੰ ਹੋਇਆਂ ਦੋ ਸਾਲ ਹੋ ਗਏ ਹਨ ਪਰ ਉਸ ਨਾਲ ਹੋਏ ਜ਼ਖਮੀ ਦਿਲਾਂ ਵਿਚੋਂ ਹਾਲੀ ਵੀ ਖ਼ੂਨ ਸਿੰਮ ਰਿਹਾ ਹੈ। ਉਹ ਵੇਲਾ ਨਹੀਂ ਭੁਲਦਾ ਜਦੋਂ ਸਾਰੇ ਅੰਮ੍ਰਿਤਸਰ ਵਿਚ ਕਰਫੀਊ ਲਗਾ ਹੋਇਆ ਸੀ । ਸਮੁਚਾ ਪੰਜਾਬ ਹੀ ਸਾਰੀ ਦੁਨੀਆਂ ਨਾਲੋਂ ਟੁਟਾ ਹੋਇਆ ਸੀ । ਨਾ ਕਿਧਰੇ ਫ਼ੋਨ ਹੋ ਸਕਦਾ ਸੀ ਤੇ ਨਾ ਹੀ ਕੋਈ ਅਖਬਾਰ ਪੜ੍ਹਨ ਨੂੰ ਮਿਲਦੀ ਸੀ । ਬਾਹਰ ਸੜਕਾਂ ਦੀ ਤੇ ਗੱਲ ਪਾਸੇ ਰਹੀ ਗਲੀਆਂ ਮਹਲਿਆਂ ਵਿਚ ਵੀ ਫੌਜ; ਸੀ. ਆਰ. ਪੀ ਤੇ ਬੀ. ਐਸ, ਐਫ ਹਰਲ ਹਰਲ ਕਰਦੀ ਫਿਰਦੀ ਸੀ । ਕਿਧਰੇ ਕਿਧਰੇ ਪੰਜਾਬ ਪੁਲੀਸ ਵੀ ਨਜ਼ਰ ਆਂ ਜਾਂਦੀ ਸੀ । ਜਿਥੇ ਫੌਜ ਤੇ ਨੀਮ ਫੌਜੀ ਦਸਤਿਆਂ ਕੋਲ ਕਈ ਤਰ੍ਹਾਂ ਦਾ ਮਾਰੂ ਹਥਿਆਰ ਸਨ ਉਥੇ ਪੰਜਾਬ ਪੁਲੀਸ ਕੋਲ ਜ਼ਿਆਦਾ ਡਾਂਗਾਂ ਹੀ ਨਜ਼ਰ ਆਉਂਦੀਆਂ ਸਨ । ਸ਼ਾਇਦ ਪੰਜਾਬ ਪੁਲੀਸ ਵਿਚ ਸਿਖਾਂ ਦੀ ਬਹੁ-ਗਿਣਤੀ ਹੋਣ ਕਾਰਨ ਉਨ੍ਹਾਂ ਉਤੇ ਇਤਬਾਰ ਨਹੀਂ ਕੀਤਾ ਜਾ ਰਿਹਾ ਸੀ ।

ਸਖਤ ਗਰਮੀ ਦਾ ਦਿਨ ਅੰਦਰ ਬੈਠਿਆਂ ਸਾਹ ਘੁਟਿਆ ਜਾਂਦਾ ਸੀ । ਨਾ ਸ਼ਹਿਰ ਵਿਚ ਬਿਜਲੀ ਸੀ ਤੇ ਨਾ ਪਾਣੀ । ਘਬਰਾਹਟ ਦੇ ਮਾਰੇ ਲੋਕ ਇਕ ਇਕ ਘੁਟ ਪਾਣੀ ਨੂੰ ਤਰਸ ਰਹੇ ਸਨ । ਤੇ ਦੂਜੇ ਪਾਸੇ ਦਰਬਾਰ ਸਾਹਿਬ ਦੇ ਉਤੇ ਲਾਲ ਅਸਮਾਨ ਹੋਇਆ ਸੀ ਤੇ ਗੋਲਿਆਂ ਦੀਆਂ ਅਵਾਜ਼ਾਂ ਬੜੀ ਤੇਜ਼ੀ ਨਾਲ ਆ ਰਹੀਆਂ ਸਨ । ਜਿਉਂ ਜਿਉਂ ਦਰਬਾਰ ਸਾਹਿਬ ਵਲੋਂ ਅੱਗ ਦੇ ਸ਼ੋਹਲੇ ਉਠਦੇ ਸਨ ਤਿਉਂ ਤਿਉਂ ਸਿਖਾਂ ਦੇ ਮਨਾਂ ਵਿਚੋਂ ਅਗ ਦੇ ਭਾਂਬੜ ਨਿਕਲਦੇ ਸਨ । ਇਹ ਮਨਾਂ ਦੀ ਅਗ ਇਸ ਕਰਕੇ ਵੀ ਜ਼ਿਆਦਾ ਦੁਖਦਾਈ ਸੀ ਕਿ ਹਰ ਇਕ ਸਿਖ ਇਨ੍ਹਾਂ ਭਾਂਬੜਾਂ ਨੂੰ ਦਿਲ ਵਿਚ ਹੀ ਸਮੇਟ ਰਖਣ ਉਤੇ ਮਜਬੂਰ ਸੀ ਕਿਉਂਕਿ ਉਹ ਕਿਸੇ ਤਰ੍ਹਾਂ ਵੀ ਦਿਲ ਦੀ ਅੱਗ ਕਢਣੋਂ ਬੇਬਸ ਸੀ । ਉਸਦੀ ਕੋਈ ਪੇਸ਼ ਨਹੀਂ ਜਾ ਰਹੀ ਸੀ ।

ਮੈਨੂੰ ਪਹਿਲੀ ਜੂਨ ਦਾ ਦਿਨ ਨਹੀਂ ਭੁਲਦਾ । ਮੈਂ ਉਸ ਦਿਨ ਦਿਲੀ ਸਾਂ ਤੇ ਰਾਤ ਦੀਆਂ ਖ਼ਬਰਾਂ

Sant Sipahi - The oldest Panthic Magazine/ www.santsipahi.org




ਸੰਤਾਂ ਦੇ ਸਮਰਥਕ ਅਕਾਲ ਤਖਤ ਸਾਹਿਬ ਉਤੇ ਪੈਹਰੇ ਤੇ ।

ਵਿਚ ਖਬਰ ਆਈ ਕਿ ਦਰਬਾਰ ਸਾਹਿਬ ਦੇ ਅੰਦਰੋਂ ਅਤਿਵਾਦੀਆਂ ਨੇ ਗੋਲੀ ਚਲਾਈ ਤੇ ਬਾਹਰੋਂ ਸੀ. ਆਰ. ਪੀ. ਵਾਲਿਆਂ ਨੇ ਗੋਲੀ ਚਲਾਈ ਹੈ ਜਿਸ ਨਾਲ ਕੁਝ ਮੌਤਾਂ ਵੀ ਹੋ ਗਈਆਂ ਹਨ। ਮੈਂ 2 ਜੂਨ ਸਵੇਰੇ ਹੀ ਸ਼ਾਨੇ ਪੰਜਾਬ ਜੋ ਦੁਪਹਿਰੇ ਦੋ ਵਜੇ ਅੰਮ੍ਰਿਤਸਰ ਪੁਜਦੀ ਹੈ ਉਸ ਉਤੇ ਅੰਮ੍ਰਿਤਸਰ ਆ ਗਈ। ਆਉਂਦਿਆਂ ਹੀ ਸ਼ਰੋਮਣੀ ਕਮੇਟੀ ਦੇ ਸ਼: ਅਬਨਾਸ਼ੀ ਸਿੰਘ ਨੂੰ ਫੋਨ ਕੀਤਾ ਉਸਨੇ ਦਸਿਆ ਕਿ ਹਰਮੰਦਰ ਸਾਹਿਬ ਦੇ ਗੁੰਬਦਾਂ ਨੂੰ 28 ਗੋਲੀਆਂ ਲਗੀਆਂ ਹਨ ਤੇ ਬਾਰਾਂ ਸਿਖ ਮਾਰੇ ਗਏ ਹਨ। ਇਕ ਬੀਬੀ ਪ੍ਰਕਰਮਾਂ ਵਿਚ ਵੀ ਮਾਰੀ ਗਈ ਹੈ। ਮੈਂ ਸਰਦਾਰ ਅਬਨਾਸ਼ੀ ਸਿੰਘ ਨੂੰ ਪੁਛਿਆ ਕਿ ਹੋਰ ਕੌਣ ਆਇਆ ਹੈ ਤਾਂ ਉਸਨੇ ਦਸਿਆ ਕਿ ਟੌਹੜਾ ਸਾਹਿਬ ਪੁਜ ਗਏ ਹਨ ਤੇ ਜੇ ਮੈਂ ਆਉਣਾ ਚਾਹਵਾਂ ਤਾਂ ਉਹ ਮੈਨੂੰ ਗਡੀ ਭੇਜ ਸਕਦੇ ਹਨ। ਮੈਂ ਜੁਆਬ ਦਿਤਾ ਕਿ ਮੇਰੇ ਕੋਲ ਕਰਫੀਊ ਪਾਸ ਹੈ ਗਡੀ ਦੀ ਕੀ ਲੋੜ ਹੈ। ਸਰਦਾਰ ਅਬਨਾਸ਼ੀ ਸਿੰਘ ਨੇ ਦਸਿਆ ਕਿ ਉਹ ਕਰਫੀਊ ਪਾਸ ਨਹੀਂ ਚਲਣੇ। ਮੈਂ ਕਿਹਾ ਟੌਹੜਾ ਸਾਹਿਬ ਪੁਜ ਗਏ ਹਨ ਆਪੇ ਮਾਮਲਾ ਨਜਿਠ ਲੈਣਗੇ। ਮੈਂ ਥਕੀ ਹੋਈ ਹਾਂ ਹੁਣ ਕਲ ਹੀ ਆਵਾਂਗੀ। ਕਲ ਮੀਟਿੰਗ ਵੀ ਹੈ। ਦੁਪਹਿਰੇ ਸੁਤਿਆਂ ਉਠਕੇ ਫੋਨ ਕੀਤਾ ਤਾਂ ਫੋਨ ਕਟਿਆ ਜਾ ਚੁਕਾ ਸੀ। ਕਰਫੀਊ ਤੇ ਦੋ ਜੂਨ ਦਾ ਹੀ ਲਗਾ ਹੋਇਆ ਸੀ। ਪਰ ਇਹ ਕਰਫੀਊ ਸਿਰਫ ਅੰਮ੍ਰਿਤਸਰ ਦਿਵਾਰ ਦੇ ਅੰਦਰ ਅੰਦਰ ਸ਼ਹਿਰ ਵਿਚ ਸੀ। ਹੁਣ ਕਈ ਵਾਰ ਖਿਆਲ ਆਉਂਦਾ ਹੈ ਕਿ ਟੌਹੜਾ ਸਾਹਿਬ ਆਪਣੀ ਜਿਮੇਂਵਾਰੀ ਸਮਝਕੇ ਖਤਰੇ ਦੇ ਵਕਤ ਦਰਬਾਰ ਸਾਹਿਬ ਪੁਜ ਗਏ। ਉਹ ਬਾਅਦ ਵਿਚ ਬੜੇ ਮਾੜੇ ਸਮਝੇ ਜਾਣ ਲੱਗ ਪਏ ਤੇ ਮੇਰੇ ਵਰਗੇ ਘਰ ਸੁਤੇ ਬੜੇ ਚੰਗੇ। ਖੈਰ !

ਤਿੰਨ ਜੂਨ ਸ਼ਹੀਦੀ ਪੁਰਬ ਸੀ। ਅਬਾਦੀਆਂ ਵਿਚ ਕਿਧਰੇ ਕਿਧਰੇ ਛਬੀਲਾਂ ਲਗੀਆਂ ਹੋਈਅ ਸਨ ਪਰ ਸ਼ਹਿਰ ਵਿਚ ਪਤਾ ਲਗਾ ਕਿ ਕਰਫੀਊ ਹੈ। ਮੇਰੇ ਕੋਲ ਗੁਰਦਾਸਪੁਰ ਦਾ ਸਰੂਪ ਸਿੰਘ ਸ਼ਹੂਰ ਤੇ ਉਸਦਾ ਛੋਟਾ ਭਰਾ ਆਏ ਤੇ ਗਿਲਾ ਕਰਨ ਕਿ ਮੈਂ ਉਨ੍ਹਾਂ ਦੇ ਸਦੇ ਉਤੇ ਉਨ੍ਹਾਂ ਦੇ ਇਲਾਕੇ ਵਿਚ ਕੀਤੀ ਗਈ ਕਾਨਫਰੰਸ ਤੇ ਕਿਉਂ ਨਹੀਂ ਪੁਜੀ। ਉਨ੍ਹਾਂ ਦਾ ਦਰਬਾਰ ਸਾਹਿਬ ਜਾਣ ਦਾ ਮਨ ਸੀ। ਮੈਂ ਉਨ੍ਹਾਂ ਨੂੰ ਰੋਕਿਆ ਕਿ ਕਰਫਿਊ ਲਗਾ ਹੋਇਆ ਹੈ ਕਰਫੀਊ ਵਿਚ ਜਾਣ ਦੀ ਕੋਸ਼ਸ਼ ਨਾ ਕਰਿਓ। ਉਨ੍ਹਾਂ ਨੇ ਆਖਿਆ ਕਿ ਅਸੀਂ ਪਿੰਗਲਵਾੜੇ ਜਾਕੇ ਭਗਤ ਜੀ ਕੋਲ ਬੈਠਦੇ ਹਾਂ। ਜੇ ਕਰਫੀਊ ਹਟ ਗਿਆ ਤਾਂ ਚਲੇ ਜਾਵਾਂਗੇ ਨਹੀਂ ਤੇ ਭਗਤ ਜੀ ਕੋਲ ਹੀ ਬੈਠੇ ਰਹਵਾਂਗੇ।

ਇਨ੍ਹਾਂ ਦੀ ਬਦ ਕਿਸਮਤੀ 3 ਜੂਨ ਨੂੰ ਕੁਝ ਦੇਰ ਲਈ ਕਰਫੀਊ ਖੁਲ੍ਹਾ ਤੇ ਉਹ ਉਸ ਵੇਲੇ ਦਰਬਾਰ ਸਾਹਿਬ ਅੰਦਰ ਚਲੇ ਗਏ। ਤੇ ਛੋਟਾ ਭਰਾ ਉਥੇ ਹੀ ਸ਼ਹੀਦੀ ਪਾ ਗਿਆ ਤੇ ਸਰੂਪ ਸਿੰਘ ਜ਼ਖਮੀ ਹੋ ਗਿਆ। ਉਸਨੂੰ ਕੁਝ ਦੇਰ ਜੇਲ੍ਹ ਵਿਚ ਰਖਿਆ ਗਿਆ ਤੇ ਫਿਰ ਜ਼ਮਾਨਤ ਉਤੇ ਰਿਹਾ ਕਰ ਦਿਤਾ। ਸਰੂਪ ਸਿੰਘ ਭਗਤ ਪੂਰਨ ਸਿੰਘ ਨਾਲ ਹੀ ਸੇਵਾ ਕਰਦਾ ਸੀ। ਭਗਤ ਜੀ ਨੇ ਉਸਨੂੰ ਡੀਊਟੀ ਉਤੇ ਪਟਿਆਲੇ ਭੇਜ ਦਿਤਾ। ਕੁਝ ਦਿਨ ਹੀ ਪਟਿਆਲੇ ਰਿਹਾ ਤੇ ਪੁਲੀਸ ਨੇ ਮੁੜ ਗ੍ਰਿਫਤਾਰ ਕਰਕੇ ਜੋਧਪੁਰ ਜੇਲ੍ਹ ਭੇਜ ਦਿਤਾ ਤੇ ਹਾਲੀ ਤੱਕ ਉਥੇ ਹੀ ਹੈ। ਇਸ ਤਰ੍ਹਾਂ ਦੇ ਕਈ ਹੋਰ ਦਰਬਾਰ ਸਾਹਿਬ ਗਏ ਅੰਦਰੋਂ ਹੀ ਪਕੜੇ ਗਏ ਸਨ ਜਿਨ੍ਹਾਂ ਨੇ ਦਰਬਾਰ ਸਾਹਿਬ ਫੌਜ ਦੇ ਦਾਖਲੇ ਸਮੇਂ ਵੀ ਕਿਸੇ ਤਰ੍ਹਾਂ ਦੀ ਕੋਈ ਜੁਆਬੀ ਕਾਰਵਾਈ ਨਾ ਕੀਤੀ ਹੈ ਤੇ ਨਾ ਹੀ ਕਰਨ ਜੋਗੇ ਸਨ। ਏਹੋ ਜੇਹੇ ਸਿੰਘਾਂ ਨੂੰ ਨਜਾਇਜ਼ ਦੋ ਸਾਲ ਕੈਦ ਰਖਣਾ ਕਿਧਰੋਂ ਦਾ ਵੀ ਇਨਸਾਫ

Sant Sipahi - The oldest Panthic Magazine/ www.santsipahi.org



ਬਾਹਰ ਵਲ ਨਿਸ਼ਾਨਾ ਬੰਨ੍ਹੀ ਖੜੇ ਫੌਜੀ।




ਜਨਰਲ ਬਰਾੜ ਜੋ ਬਲਿਊ ਸਟਾਰ ਓਪਰੇਸ਼ਨ ਦਾ ਇੰਚਾਰਜ ਸੀ।




ਜਨਰਲ ਦਿਆਲ ਜੋ ਗਵਰਨਰ ਦਾ ਸੈਕਿਓਰਟੀ ਦਾ ਇੰਚਾਰਜ ਸੀ।

**ਦੋ ਸਾਲ ਵਿਚ ਦੂਜੀ ਵਾਰ ਅਸਾਂ ਫ਼ੌਜ ਦਰਬਾਰ ਸਾਹਿਬ ਵਿਚ ਬਰਦਾਸ਼ਤ ਕੀਤੀ ਹੈ। ਗੁਰੂ ਤੂੰ ਆਪ ਹੀ ਬੋਹੜ ਸਾਡਾ ਇਮਤਿਹਾਨ ਹੋਰ ਨਾ ਲੈ, ਸਾਡੇ ਸਬਰ ਨੂੰ ਹੋਰ ਨਾ ਅਜ਼ਮਾ। ਅਸੀਂ ਤੇਰੇ ਹਾਂ ਤੂੰ ਹੀ ਕੋਈ ਰਸਤਾ ਦਿਖਾ। ਰੋਜ਼ ਰੋਜ਼ ਤੇਰੇ ਘਰ ਦੀ ਬੇਅਦਬੀ ਨਹੀਂ ਬਰਦਾਸ਼ਤ ਹੁੰਦੀ।**



ਦਰਬਾਰ ਸਾਹਿਬ ਪਰਕਰਮਾਂ ਵਿਚ ਟੈਂਕ

Sant Sipahi - The oldest Panthic Magazine/ www.santsipahi.org



ਗੋਲੀਆਂ ਨਾਲ ਖੰਡਰ ਕੀਤਾ ਸ੍ਰੀ ਅਕਾਲ ਤਖਤ ਸਾਹਿਬ ।

ਨਹੀਂ ਸਗੋਂ ਸਰਾ ਸਰ ਸਿਖਾਂ ਨਾਲ ਧਕਾ ਹੈ ।

ਪਰ ਇਕ ਸੋਚ ਆਉਂਦੀ ਹੈ ਕਿ ਜੋ ਨੌਜੁਆਨ ਦਰਬਾਰ ਸਾਹਿਬ ਅੰਦਰੋਂ ਪਕੜੇ ਗਏ ਸਨ ਉਨ੍ਹਾਂ ਨੇ ਫੌਜ ਦਾ ਪੂਰਾ ਅਨਰਥ ਵੇਖਿਆ ਹੈ । ਬੇ-ਕਸੂਰੇ ਨੂੰ ਜਦੋਂ ਸਜ਼ਾ ਦਿਤੀ ਜਾਵੇ ਤਾਂ ਉਸਦੇ ਮਨ ਵਿਚ ਸਜ਼ਾ ਦੇਣ ਵਾਲੇ ਵਿਰੁਧ ਜ਼ਿਆਦਾ ਗੁਸਾ ਹੁੰਦਾ ਹੈ । ਜਦੋਂ ਏਹੋ ਜੇਹੇ ਨਿਰਦੋਸ਼ ਬੰਦੇ ਜੋਧਪੁਰ ਤੋਂ ਛੁਟਣਗੇ ਤਾਂ ਨਿਰਸੰਦੇਹ ਉਹ ਆਪਣੀ ਦਾਸਤਾਨ ਪਿੰਡਾਂ ਵਿਚ ਜਾਕੇ ਸੁਨਾਉਣਗੇ ਤਾਂ ਸਿਖਾਂ ਦੇ ਮਨਾਂ ਵਿਚ ਸਰਕਾਰ ਵਿਰੁਧ ਗੁਸਾ ਵਧੇਗਾ ਹੀ । ਸ਼ਾਇਦ ਇਸੇ ਕਰਕੇ ਸਰਕਾਰ ਇਨ੍ਹਾਂ ਨੂੰ ਛੱਡਣ ਨੂੰ ਤਿਆਰ ਨਹੀਂ । ਪਰ ਇਸ ਤਰ੍ਹਾਂ ਨਿਰਦੋਸ਼ਿਆਂ ਨੂੰ ਜੇਲ੍ਹ ਵਿਚ ਰਖਣਾ ਵੀ ਸਰਕਾਰ ਵਿਰੁਧ ਗੁਸੇ ਦਾ ਕਾਰਨ ਬਣ ਰਿਹਾ ਹੈ ।

3 ਜੂਨ ਰਾਤ ਤੇ ਲੰਘ ਗਈ ਤੇ 4 ਜੂਨ ਸਵੇਰੇ ਚਾਰ ਵਜੇ ਹੀ ਗੋਲਾਬਾਰੀ ਸ਼ੁਰੂ ਹੋ ਗਈ। ਫਿਰ ਜੋ ਦਰਬਾਰ ਸਾਹਿਬ ਅੰਦਰ ਹੋਇਆ ਉਸਨੇ ਅਬਦਾਲੀ ਤੇ ਜ਼ਕਰੀਆ ਖਾਨ ਦੇ ਜ਼ੁਲਮ ਦੀ ਯਾਦ ਨੂੰ ਮਾਤ ਪਾ ਦਿਤਾ । ਸਿਖਾਂ ਦਾ ਕਤਲਾਮ ਤੇ ਅਗੇ ਵੀ ਦਰਬਾਰ ਸਾਹਿਬ ਅੰਦਰ ਹੋਇਆ ਹੈ । ਦਰਬਾਰ ਸਾਹਿਬ ਢਾਹ ਢੇਰੀ ਵੀ ਹੋਇਆ । ਇਥੇ ਇਸ਼ਨਾਨ ਕਰਨ ਆਉਂਦੇ ਸਿੰਘਾਂ ਨੂੰ ਗੋਲੀ ਦਾ ਨਿਸ਼ਾਨਾ ਵੀ ਬਣਾਇਆ ਗਿਆ । ਪਰ ਸਿਖ ਇਤਿਹਾਸ ਵਿਚ ਪਹਿਲੀ ਵਾਰ ਛੋਟੇ ਛੋਟੇ ਮਾਸੂਮ ਬਚੇ ਜੀਉਂਦੇ ਹੀ ਅੱਗ ਵਿਚ ਸਾੜੇ ਗਏ । ਇਸ ਅਜ਼ਾਦ ਦੇਸ਼ ਦੀ ਫੌਜ ਨੇ ਸਿਰਫ ਲੜਨ ਵਾਲੇ ਸਿੰਘ ਹੀ ਸ਼ਹੀਦ ਨਹੀਂ ਕੀਤੇ ਸਗੋਂ ਅਨਜਾਣ ਯਾਤਰੂ ਜਿਨ੍ਹਾਂ ਨੇ ਹੱਥ ਉਤੇ ਕਰਕੇ ਆਤਮ ਸਮਰਪਣ ਕੀਤਾ ਸੀ ਉਨ੍ਹਾਂ ਨੂੰ ਵੀ ਗੋਲੀ ਨਾਲ ਉਡਾਇਆ ਗਿਆ । ਹੋਰ ਤੇ ਹੋਰ ਗਰੀਬ, ਮਜ਼ਦੂਰ ਤੇ ਬੰਗਲਾ ਦੇਸ਼ੀ ਜੋ ਕਿ ਪਾਕਿਸਤਾਨ ਜਾਣ ਲਈ ਅੰਮ੍ਰਿਤਸਰ ਲੰਘਦੇ ਹਨ ਤੇ ਲੰਗਰ ਦਾ ਪ੍ਰਸ਼ਾਦਾ ਮੁਫਤ ਮਿਲਣ ਕਰਕੇ ਦਰਬਾਰ ਸਾਹਿਬ ਆ ਜਾਂਦੇ ਹਨ, ਉਨ੍ਹਾਂ ਨੂੰ ਵੀ ਕਿਸੇ ਨੇ ਬਖਸ਼ਿਆ ਨਾ । ਬੰਗਲਾ ਦੇਸ਼ੀ ਕਿਉਂਕਿ ਮੁਸਲਮਾਨ ਸਨ ਇਸ ਕਰਕੇ ਆਲ ਇੰਡੀਆ ਰੇਡੀਓ ਤੋਂ ਐਲਾਨ ਕਰ ਦਿਤਾ ਗਿਆ ਕਿ ਦਰਬਾਰ ਸਾਹਿਬ ਅੰਦਰੋਂ ਮਿਲੀਆਂ ਲਾਸ਼ਾਂ ਦਾ ਪੋਸਟ ਮਾਰਟਮ ਕਰਨ ਤੋਂ ਪਤਾ ਲਗਾ ਹੈ ਕਿ ਇਨ੍ਹਾਂ ਵਿਚੋਂ ਕਈ ਪਾਕਿਸਤਾਨੀ ਸਨ । ਪਾਕਿਸਤਾਨ ਰੇਡੀਓ ਨੇ ਵੀ ਵਧੀਆ ਤਨਜ਼ ਮਾਰੀ ਸੀ ਕਿ ਭਾਰਤ ਹੀ ਇਕ ਐਸਾ ਦੇਸ਼ ਹੈ ਜਿਥੇ ਬੰਦੇ ਦੇ ਮਰ ਜਾਣ ਤੋਂ ਬਾਅਦ ਪੋਸਟ ਮਾਰਟਮ ਤੋਂ ਉਸਦੀ ਕੌਮੀਅਤ ਜਾਣੀ ਜਾਂਦੀ ਹੈ ।

ਬਲਉ ਸਟਾਰ ਓਪਰੇਸ਼ਨ ਵੇਲੇ ਸਿਖਾਂ ਦਾ ਜਾਨੀ ਨੁਕਸਾਨ ਹੋਇਆ ਮਾਲੀ ਨੁਕਸਾਨ ਹੋਇਆ ਤੇ ਸਭ ਤੋਂ ਵਡਾ ਨੁਕਸਾਨ ਹੋਇਆ ਕਿ ਸਿਖਾਂ ਦਾ ਇਤਿਹਾਸਿਕ ਸਰਮਾਇਆ ਸੜ ਕੇ ਤਬਾਹ ਹੋ ਗਿਆ ਜਿਸ ਵਿਚ ਕਈ ਗੁਰੂ ਸਾਹਿਬਾਨ ਦੇ ਹੁਕਮਨਾਮੇ ਸਨ, ਕਈ ਗੁਰੂ ਗ੍ਰੰਥ ਸਾਹਿਬ ਜੀ ਦੀਆਂ



ਕੋਲ ਪਈਆਂ ਲਾਸ਼ਾਂ ਤੋਂ ਜਿਆਦਾ ਜ਼ਰੂਰੀ ਮਲਬਾ ਚੁਕਣਾ ਸੀ ।

ਹਥ ਲਿਖਤ ਬੀੜਾਂ ਸਨ ਤੇ ਦੋ ਬੀੜਾਂ ਉਤੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤ ਵੀ ਹੋਏ ਸਨ । ਜੋ ਇਤਿਹਾਸਕ ਚੀਜ਼ਾਂ ਪਿਛਲੇ ਦੋ ਘਲੂਘਾਰਿਆਂ ਤੋਂ ਵੀ ਬਚ ਗਈਆਂ ਸਨ ਉਹ ਇਸ ਘਲੂਘਾਰੇ ਵਿਚ ਤਬਾਹ ਹੋ ਗਈਆਂ ।



ਸੰਤਾਂ ਦੇ ਸਮਰਥਕ ਫਿਰ ਦਰਬਾਰ ਸਾਹਿਬ ਅੰਦਰ ।

ਬਲਊ ਸਟਾਰ ਓਪਰੇਸ਼ਨ ਸਿਖ ਕੋਮ ਦੀ ਜ਼ਿੰਦਗੀ ਵਿਚ ਇਕ ਬੜਾ ਮਹਤਵ ਪੂਰਨ ਮੋੜ ਬਣ ਗਿਆ ਹੈ ਜਿਸਨੇ ਸਮੁਚੀ ਸਿਖ ਕੋਮ ਦਾ ਮੂੰਹ ਭਾਰਤ ਸਰਕਾਰ ਵਲੋਂ ਮੋੜਾ ਦਿਤਾ ਹੈ । ਹਜ਼ਾਰਾਂ ਫੌਜੀ ਆਪਣੀਆਂ ਛਾਉਣੀਆਂ ਛਡਕੇ ਅੰਮ੍ਰਿਤਸਰ ਨੂੰ ਤੁਰ ਪਏ । ਕਈਆਂ ਨੇ ਸਰਕਾਰੀ ਅਹੁਦਿਆ ਤੋਂ ਅਸਤੀਫੇ ਦੇ ਦਿਤੇ । ਬਲਊ ਸਟਾਰ ਓਪਰੇਸ਼ਨ ਨੇ ਸਿਖਾਂ ਤੇ ਭਾਰਤ ਸਰਕਾਰ ਵਿਚ ਇਤਨੀ ਡੂੰਘੀ ਖਾਈ ਪਾ ਦਿਤੀ ਹੈ ਜੋ ਕਿ ਭਰਨੀ ਔਖੀ ਹੋਈ ਹੋਈ ਹੈ । ਬਲਊ ਸਟਾਰ ਓਪਰੇਸ਼ਨ ਤੋਂ ਬਾਅਦ ਜਿਤਨਾ ਪਾੜਾ ਸਿਖਾਂ ਤੇ ਭਾਰਤ ਸਰਕਾਰ ਦੇ ਵਿਚਕਾਰ ਪੈ ਗਿਆ ਹੈ ਉਹ ਉਤਨੀ ਦੇਰ ਨਹੀਂ ਮਿਟਾਇਆ ਜਾ ਸਕਦਾ ਜਿਤਨੀ ਦੇਰ ਤਕ ਕੇਂਦਰ ਵਿਚ ਕਾਂਗਰਸ ਪਾਰਟੀ ਦਾ ਰਾਜ ਹੈ । ਇਹ ਪਾੜਾ ਕੁਝ ਘਟ ਸਕਦਾ ਸੀ ਜੇ ਜਿਸ ਵਕਤ ਸ੍ਰੀ ਮਤੀ ਇੰਦ੍ਰਾ ਗਾਧੀ ਬਲਊ ਸਟਾਰ ਓਪਰੇਸ਼ਨ ਤੋਂ ਬਾਅਦ ਦਰਬਾਰ ਸਾਹਿਬ ਆਈ ਸੀ ਤਾਂ ਅਫਸੋਸ ਦੇ ਚਾਰ ਸ਼ਬਦ ਹੀ ਕਹਿ ਦਿੰਦੀ । ਜੇ ਉਸਨੂੰ ਦਰਬਾਰ ਸਾਹਿਬ ਉਤੇ ਫੋਜੀ ਹਮਲਾ ਕਰਵਾਉਣ ਦਾ ਦਿਲੋਂ ਕੋਈ ਦੁਖ ਨਹੀਂ ਸੀ ਤਾਂ ਘਟੋ ਘਟ ਸਿਖਾਂ ਦੇ ਜਜ਼ਬਾਤ ਠੰਢੇ ਕਰਨ ਲਈ ਪਾਖੰਡ ਵਜੋਂ ਹੀ ਚਾਰ ਲਫਜ਼ ਕਹਿ ਦਿੰਦੀ ।

ਬਲਊ ਸਟਾਰ ਓਪਰੇਸ਼ਨ ਸ੍ਰੀ ਮਤੀ ਇੰਦ੍ਰਾ ਗਾਂਧੀ ਦਾ ਵੀ ਜਾਨ ਲੇਵਾ ਸਿਧ ਹੋਇਆ । ਸ੍ਰੀ ਮਤੀ ਗਾਂਧੀ ਦੀ ਮੌਤ ਤੋਂ ਬਾਅਦ ਹੋਏ ਸਿਖਾਂ ਦੇ ਕਤਲਾਮ ਪ੍ਰਤੀ ਵੀ ਕਈ ਸਿਖ ਇਹ ਕਹਿੰਦੇ ਸੁਣੇ ਹਨ ਕਿ ਇਸਨੇ ਜਿਉਂਦਿਆਂ ਵੀ ਸਿਖ ਮਰਵਾਏ ਤੇ ਮਰਕੇ ਵੀ ਸਿਖਾਂ ਨੂੰ ਮਰਵਾ ਗਈ । ਇਤਨਾ ਜ਼ਿਆਦਾ ਗੁਸਾ ਹੈ ਸਿਖਾਂ ਦੇ ਮਨ ਵਿਚ ਇੰਦ੍ਰਾ ਗਾਂਧੀ ਵਿਰੁਧ ।

ਸਿਖ ਬਲਊ ਸਟਾਰ ਓਪਰੇਸ਼ਨ ਤੇ ਭੁਲਾ



ਜਨਰਲ ਸ਼ਾਬੇਗ ਸਿੰਘ ।



Sant Sipahi - The oldest Panthic Magazine/ www.santsipahi.org

ਨਹੀਂ ਸਕਦੇ। ਇਹ ਤੇ ਅਸੰਭਵ ਹੈ ਪਰ ਇਸਦਾ ਦੁਖ ਘਟ ਸਕਦਾ ਹੈ, ਜ਼ਖ਼ਮੀਂ ਦਿਲਾਂ ਵਿਚੋਂ ਖ਼ੂਨ ਸਿਮਣਾ ਬੰਦ ਹੋ ਸਕਦਾ ਹੈ ਜੇ ਅਗੋਂ ਵੀ ਕੋਈ ਸੁਖ ਭਰੇ ਦਿਨ ਨਜ਼ਰ ਆਉਂਦੇ ਹੋਣ। ਬਲਊ ਸਟਾਰ ਓਪਰੇਸ਼ਨ ਹੋਇਆ ਅਜੇ ਦੋ ਸਾਲ ਨਹੀਂ ਹੋਏ ਕਿ ਪੁਲੀਸ ਤੇ ਨੀਮ ਫੌਜੀ ਦਸਤੇ ਫਿਰ ਦਰਬਾਰ ਸਾਰਿਬ ਗਏ। ਇਸ ਲੇਖ ਦੇ ਲਿਖਣ ਵੇਲੇ ਤਕ ਪੁਲੀਸ ਅਮਲੀ ਤੌਰ ਉਤੇ ਦਰਬਾਰ ਸਾਹਿਬ ਦੇ ਅੰਦਰ ਤੇ ਪਰਕਰਮਾ ਉਤੇ ਕਾਬਜ਼ ਹੈ ਭਾਵੇਂ ਉਨ੍ਹਾਂ ਨੇ ਵਰਦੀ ਨਹੀਂ ਪਾਈ ਹੋਈ। ਬੀ. ਐਸ. ਐਫ ਤੇ ਸੀ. ਆਰ. ਪੀ ਸਰਾਵਾਂ ਤੇ ਕਾਮਪਲੈਕਸ ਦੇ ਹੋਰ ਹਿਸਿਆਂ ਉਤੇ ਕਾਬਜ਼ ਹੈ ਤੇ ਉਹ ਜਲਦੀ ਏਥੋਂ ਜਾਂਦੀ ਨਜ਼ਰ ਵੀ ਨਹੀਂ ਆਉਂਦੀ।

ਬਰਨਾਲਾ ਸਾਹਿਬ ਦਾ ਕਹਿਣਾ ਹੈ ਕਿ ਉਹ ਦਰਬਾਰ ਸਾਹਿਬ ਤੋਂ ਪੁਲੀਸ ਕਢਣ ਨੂੰ ਤਿਆਰ ਹਨ ਪਰ ਜੇ ਅਤਿਵਾਦੀ ਮੁੜ ਆਕੇ ਦਰਬਾਰ ਸਾਹਿਬ ਉਤੇ ਕਾਬਜ਼ ਨਾ ਹੋਣ। ਅਸਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਪ੍ਰਬੰਧ ਕਰਨ ਦਾ ਅਧਿਕਾਰ ਛੱਡ ਦਿਤਾ ਹੈ। ਬਲਊ ਸਟਾਰ ਓਪਰੇਸ਼ਨ ਤੇ ਉਸ ਤੋਂ ਬਾਅਦ ਜੋ ਪਿੰਡਾਂ ਵਿਚ ਹੋਇਆ ਹੈ ਉਸ ਨਾਲ ਆਮ ਸਿਖਾਂ ਦੀ ਹਮਦਰਦੀ ਕਥਿਤ ਅਤਿਵਾਦੀਆਂ ਨਾਲ ਹੋ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਉਨ੍ਹਾਂ ਨੂੰ ਕੁਝ ਕਹਿਣੋਂ, ਕੁਝ ਲੋਕਾਂ ਤੋਂ ਡਰਦੇ ਤੇ ਕੁਝ ਉਨ੍ਹਾਂ ਦੀਆਂ ਬੰਦੂਕਾਂ ਤੋਂ ਡਰਦੇ, ਸੰਕੋਚ ਕਰਦੇ ਹਨ। ਆਖਿਰ ਇਹ ਮੁੰਡੇ ਤੇ ਆਪਣੇ ਹੀ ਹਨ। ਕੀ ਇਨ੍ਹਾਂ ਨੂੰ ਹੁਣ ਸਿਖਾਂ ਵਿਚੋਂ ਕੋਈ ਨਹੀਂ ਸਮਝਾ ਸਕਦਾ ਕਿ ਜੇ ਤੁਸੀਂ ਗੈਰ ਕਾਨੂੰਨੀ ਕਾਰਵਾਈਆਂ ਕਰਨੀਆਂ ਹਨ ਤਾਂ ਦਰਬਾਰ ਸਾਹਿਬ ਦੀ ਹੱਦ ਤੋਂ ਬਾਹਰ ਕਰੋ। ਤੁਸੀਂ ਦ੍ਰਬਾਰ ਸਾਹਿਬ ਪੁਲੀਸ ਲਿਆਉਣ ਦੇ ਜ਼ਿਮੇਂਵਾਰ ਕਿਉਂ ਬਣਦੇ ਹੋ?

ਬਰਨਾਲਾ ਸਰਕਾਰ ਦੀ ਪੁਜ਼ੀਸ਼ਨ ਕੇਂਦਰੀ ਸਰਕਾਰ ਵਲੋਂ ਦਿਤੀ ਗਈ ਸੂਬੇਦਾਰੀ ਤੋਂ ਵੱਧ ਕੁਝ ਨਹੀਂ। ਇਹ ਨਾ ਕੇਂਦਰੀ ਸਰਕਾਰ ਨੂੰ ਨਰਾਜ਼ ਕਰ ਸਕਦੀ ਹੈ ਤੇ ਨਾ ਹੀ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕਰ ਸਕਦੀ ਹੈ। ਇਨ੍ਹਾਂ ਕੋਲੋਂ ਉਤਨੀ ਹੀ ਆਸ ਰਖਣੀ ਚਾਹੀਦੀ ਹੈ ਜਿਤਨੇ ਇਹ ਜੋਗੇ ਹਨ। ਬਰਨਾਲਾ ਸਰਕਾਰ ਦੇ ਆਪਣੇ ਹਿਤਾਂ ਵਿਚ ਹੈ ਕਿ ਜਲਦੀ ਤੋਂ ਜਲਦੀ ਦਰਬਾਰ ਸਾਹਿਬ ੱ ਪੁਲੀਸ ਕਢ ਦਿਤੀ ਜਾਵੇ। ਆਖਿਰ ਇਨ੍ਹਾਂ ਨੇ ਰਹਿਣਾ ਤੇ ਸਿਖਾਂ ਵਿਚ ਹੀ ਹੈ। ਸਿਖਾਂ ਨੂੰ ਨਰਾਜ਼ ਕਰਕੇ ਇਹ ਚੰਦਰਮਾ ਉਤੇ ਦੌੜਨੋਂ ਰਹੇ। ਸਾਡੀ ਗੁਰੂ ਅਗੇ ਅਰਦਾਸ ਹੈ ਹੈ ਕਿ ਤੂੰ ਆਪ ਹੀ ਬੌਹੜ। ਆਪ ਹੀ ਆਪਣੇ ਘਰ ਦੀ ਰਾਖੀ ਕਰ। ਅਸੀਂ ਤੇ ਤੇਰੇ ਘਰ ਦੀ ਰਾਖੀ ਨਹੀਂ ਕਰ ਸਕੇ। ਦੋ ਸਾਲ ਵਿਚ ਦੂਜੀ ਵਾਰ ਅਸਾਂ ਫੌਜ ਦਰਬਾਰ ਸਾਹਿਬ ਵਿਚ ਬਰਦਾਸ਼ਤ ਕੀਤੀ ਹੈ। ਗੁਰੂ ਤੂੰ ਆਪ ਹੀ ਬੌਹੜ ਸਾਡਾ ਇਮਤਿਹਾਨ ਹੋਰ ਨਾ ਲੈ, ਸਾਡੇ ਸਬਰ ਨੂੰ ਹੋਰ ਨਾ ਅਜ਼ਮਾ। ਅਸੀਂ ਤੇਰੇ ਹਾਂ ਤੂੰ ਹੀ ਕੋਈ ਰਸਤਾ ਦਿਖਾ। ਰੋਜ਼ ਰੋਜ਼ ਤੇਰੇ ਘਰ ਦੀ ਬੇਅਦਬੀ ਨਹੀਂ ਬਰਦਾਸ਼ਤ ਹੁੰਦੀ।

ਕਿਹਾ ਜਾਂਦਾ ਸੀ ਕਿ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਕਥਿਤ ਅਤਿਵਾਦੀ ਸਾਥੀਆਂ ਨੂੰ ਖਤਮ ਕਰਨ ਲਈ ਬਲਿਊ ਸਟਾਰ ਓਪਰੇਸ਼ਨ ਕੀਤਾ ਗਿਆ ਸੀ। ਕੀ ਇਸ ਬਲਿਊ ਸਟਾਰ ਓਪਰੇਸ਼ਨ ਨਾਲ ਸਰਕਾਰ ਸੰਤ ਭਿੰਡਰਾਂ-ਵਾਲਿਆਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਖਤਮ ਕਰ ਸਕੀ ਹੈ? ਨਹੀਂ, ਬਲਊ ਸਟਾਰ ਓਪਰੇਸ਼ਨ ਤੋਂ ਬਾਅਦ ਸੰਤ ਭਿੰਡਰਾਂਵਾਲਿਆਂ ਦੀ ਉਮਤ ਵਧੀ ਹੈ ਘਟੀ ਨਹੀਂ। ਸੰਤ ਭਿੰਡਰਾਂਵਾਲੇ ਜੇ ਦਰਬਾਰ ਸਾਹਿਬ ਬੈਠੇ ਹੋਏ ਇਕ ਲੱਖ ਦੇ ਸੀ ਤਾਂ ਹੁਣ ਦਸ ਲੱਖ ਦੇ ਹਨ। ਬਲਿਊ ਸਟਾਰ ਓਪਰੇਸ਼ਨ ਨਾਲ ਸਰਕਾਰ ਨੇ ਸਿੱਖਾਂ ਦੀ ਨਰਾਜ਼ਗੀ ਤੋਂ ਵੱਧ ਹੋਰ ਕੁਝ ਨਹੀਂ ਖਟਿਆ।



ਸੰਤ ਭਿੰਡਰਾਂਵਾਲੇ ਦੇ ਸਮਰਥਕਾਂ ਨੇ ਫ਼ਿਰ ਦਰਬਾਰ ਸਾਹਿਬ ਅੰਦਰ ਦਫਤਰ ਖੋਹਲ ਲਿਆ।



Sant Sipahi - The oldest Panthic Magazine/ www.santsipahi.org

Sant Sipahi - The oldest Panthic Magazine/ www.santsipahi.org

# ਖਾਲਸਤਾਨ ਦਾ ਐਲਾਨ



ਪਾੜਾ ਵਧਦਾ ਗਿਆ—ਚੰਡੀਗੜ੍ਹ ਪੁਲਿਸ ਤੇ ਸੰਯੁਕਤ ਅਕਾਲੀ ਦਲ 'ਚ ਟਕਰ।

ਕਹਿੰਦੇ ਹੁੰਦੇ ਹਨ ਕਿ ਇਕ ਕਿਸਾਨ ਦੇ ਖੇਤਾਂ ਨੂੰ ਇਕ ਪਹਾੜ ਨੁਕਸਾਨ ਪੁਚਾਇਆ ਕਰਦਾ ਸੀ। ਉਹ ਪਹਾੜ ਨਾ ਖੇਤਾਂ ਨੂੰ ਧੁੱਪ ਲੱਗਣ ਦਿੰਦਾ ਸੀ ਤੇ ਜਦੋਂ ਮੀਂਹ ਪਵੇ ਤਾਂ ਪਹਾੜ ਤੇ ਹੜ੍ਹਕੇ ਆਇਆ ਪਾਣੀ ਉਸ ਦੇ ਖੇਤ ਰੋੜ੍ਹ ਲੈ ਜਾਂਦਾ ਸੀ। ਕਿਸਾਨ ਨੂੰ ਗੁੱਸਾ ਆਇਆ ਤੇ ਉਹ ਕਹੀ ਲੈ ਕੇ ਪਹਾੜ ਦੀਆਂ ਜੜ੍ਹਾਂ ਪੁੱਟਣ ਲੱਗ ਪਿਆ। ਪਹਾੜ ਨੇ ਦੇਵਤਿਆਂ ਨੂੰ ਸ਼ਕਾਇਤ ਕੀਤੀ ਕਿ ਇਹ ਕਿਸਾਨ ਤੇ ਮੇਰੀਆਂ ਜੜ੍ਹਾਂ ਪੁਟ ਦੇਵੇਗਾ। ਦੇਵਤੇ ਹੱਸ ਕੇ ਕਹਿਣ ਲੱਗੇ ਕਿ ਤੂੰ ਏਡਾ ਵੱਡਾ ਪਹਾੜ ਹੋ ਕੇ ਇਕ ਕਿਸਾਨ ਕੋਲੋਂ ਡਰਦਾ ਹੈਂ। ਪਹਾੜ ਨੇ ਅਗੋਂ ਜੁਆਬ ਦਿਤਾ ਕਿ ਠੀਕ ਹੈ ਕਿ ਮੈਂ ਬੜਾ ਵੱਡਾ ਹਾਂ ਤੇ ਮੈਨੂੰ ਇਸ ਛੋਟੇ ਜੇਹੇ ਕਿਸਾਨ ਕੋਲੋਂ ਕੋਈ ਡਰ ਨਹੀਂ ਲੱਗਦਾ ਪਰ ਮੈਨੂੰ ਇਸ ਕਿਸਾਨ ਦੀ ਦ੍ਰਿੜ੍ਹਤਾ ਤੋਂ ਡਰ ਲੱਗਦਾ ਹੈ। ਇਸ ਦੀ ਦ੍ਰਿੜਤਾ ਵੇਖ ਕੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਇਹ ਅਵੱਸ਼ ਕਾਮਯਾਬ ਹੋਵੇਗਾ।

ਅੱਜ ਜੋ ਸਿੱਖ ਨੌਜਵਾਨ ਹਨ ਜਿਨ੍ਹਾਂ ਨੂੰ ਕਿ ਸਰਕਾਰ ਤੇ ਸਾਰੇ ਦੇਸ਼ ਦੇ ਪ੍ਰਸ਼ਾਰਨ ਦੇ ਮਾਧੀਅਮ ਜਿਸ ਤਰ੍ਹਾਂ ਕਿ ਅਖਬਾਰਾਂ, ਰਸਾਲੇ, ਰੇਡੀਓ ਤੇ ਟੈਲੀਵੀਯਨ ਵਾਲੇ ਅਤਿਵਾਦੀ, ਉਗਰਵਾਦੀ, ਵੱਖਵਾਦੀ, ਅਤੰਕਵਾਦੀ ਤੇ ਦਹਿਸ਼ਤਵਾਦੀ ਨਾਮਾਂ ਨਾਲ ਯਾਦ ਕਰਦੇ ਹਨ, ਇਨ੍ਹਾਂ ਨੌਜੁਆਨਾਂ ਦੀ ਦ੍ਰਿੜ੍ਹਤਾ ਸਿਰਫ ਸਿੱਖ ਹੀ ਨਹੀਂ, ਸਰਕਾਰ ਤੇ ਦੂਜੇ ਸਾਰੇ ਲੋਕ ਵੀ ਮੰਨਦੇ ਹਨ ਕਿਉਂਕੇ ਇਹ ਜੋ ਕੁਝ ਕਹਿੰਦੇ ਹਨ ਉਹ ਕਰਕੇ ਵਿਖਾਉਂਦੇ ਹਨ। ਇਨ੍ਹਾਂ ਲੋਕਾਂ ਵਲੋਂ ਅਪਣਾਏ ਗਏ ਤਰੀਕਿਆਂ ਨਾਲ ਕਈਂ ਲੋਕਾਂ ਦੀ ਸੰਮਤੀ ਨਹੀਂ। ਮੇਰੀ ਤੇ ਹਰਗਿਜ਼ ਨਹੀਂ। ਪਰ ਇਨ੍ਹਾਂ ਦੀ ਦ੍ਰਿੜਤਾ ਦਾ ਹਰ ਕੋਈ ਕਾਇਲ ਹੈ। ਇਨ੍ਹਾਂ ਦੀ ਦ੍ਰਿੜਤਾ ਤੋਂ ਸਰਕਾਰ ਵੀ ਘਬਰਾਉਂਦੀ ਹੈ। ਸ਼ਾਇਦ ਇਸੇ ਕਰਕੇ ਇਹਨਾਂ ਨੌਜਆਨਾਂ ਵਲੋਂ ਖਾਲਿਸਤਾਨ ਬਨਾਉਣ ਦੇ ਐਲਾਨ ਦਾ ਸਰਕਾਰ ਨੇ ਗੰਭੀਰ ਨੋਟਿਸ ਲਿਆ ਹੈ। ਦਿੱਲੀ ਬੈਠੀ ਕਾਂਗਰਸ ਸਰਕਾਰ ਤੇ ਚੰਡੀਗੜ੍ਹ ਬੈਠੀ ਬਰਨਾਲਾ ਸਰਕਾਰ ਦੋਨੋਂ ਹੀ ਤਲਮਲਾ ਉਠੀਆਂ ਹਨ।

ਕੇਂਦਰ ਸਰਕਾਰ ਲਈ ਜ਼ਰੂਰ ਇਹ ਐਲਾਨ ਖਤਰੇ ਦੀ ਘੰਟੀ ਸੀ ਤੇ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਕੰਨ ਖਿਚੇ ਕਿ ਜਾਂ ਤੇ ਇਨ੍ਹਾਂ ਨੌਜੁਆਨਾਂ ਨੂੰ ਦਬਾਉ ਜਾਂ ਵਜ਼ਾਰਤ ਛੱਡੋ। ਇਨ੍ਹਾਂ ਨੇ ਪਹਿਲਾ ਰਸਤਾ ਅਪਣਾਇਆ। ਇਹਨਾਂ ਅਤਿਵਾਦੀਆਂ ਤੇ ਵੱਖਵਾਦੀਆਂ ਨੂੰ ਕੁਚਲਣ ਵਾਸਤੇ ਸ੍ਰੀ ਦਰਬਾਰ ਸਾਹਿਬ ਉਤੇ ਨੀਮ ਫੋਜੀ ਦਸਤਿਆਂ ਤੇ ਪੁਲੀਸ ਵਲੋਂ ਕਾਰਵਾਈ ਕੀਤੀ ਗਈ ਜਿਸ ਨੂੰ ਅੱਜ ਕੱਲ ਸਾਰੇ ਛੋਟਾ ਬਲਊਸਟਾਰ ਓਪਰੇਸ਼ਨ ਕਹਿੰਦੇ ਹਨ। ਇਸ ਕਾਰਵਾਈ ਨਾਲ ਪੰਜਾਬ ਸਰਕਾਰ ਨੇ ਕੇਂਦਰੀ ਸਰਕਾਰ ਨੂੰ ਖੁਸ਼ ਕਰਕੇ ਆਪਣੀ ਗੱਦੀ ਤੇ ਪੱਕੀ ਕਰ ਲਈ ਹੈ ਪਰ ਸਿੱਖਾਂ ਵਿਚ ਇਨ੍ਹਾਂ ਦੀ ਸ਼ਾਖ ਬਹੁਤ ਮਧਮ ਪੈ ਗਈ ਹੈ।

ਪਰ ਸੁਆਲ ਹੈ ਕਿ ਖਾਲਿਸਤਾਨ ਦੇ ਐਲਾਨ ਉਤੇ ਇਹ ਕਾਰਵਾਈ ਕਿਉਂ ਕੀਤੀ ਗਈ ਕਿਉਂਕੇ ਇਸ ਤਰ੍ਹਾਂ ਦਾ ਐਲਾਨ ਪਹਿਲੀ ਵਾਰ ਦਰਬਾਰ ਸਾਹਿਬ ਨਹੀਂ ਹੋਇਆ। ਇਹ ਤੀਸਰੀ ਵਾਰ ਹੈ। ਪਹਿਲਾਂ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਦੇ ਪ੍ਰਧਾਨ ਡਾਕਟਰ ਜਗਜੀਤ ਸਿੰਘ ਚੌਹਾਨ ਨੇ ਖਾਲਿਸਤਾਨ ਦਾ ਐਲਾਨ ਕੀਤਾ ਸੀ।

Sant Sipahi - The oldest Panthic Magazine/ www.santsipahi.org

ਉਨ੍ਹਾਂ ਨੇ ਆਪਣੇ ਆਂਪ ਨੂੰ ਖਾਲਿਸਤਾਨ ਦਾ ਰਾਸ਼ਟਰਪਤੀ ਬਣਨ ਦਾ ਐਲਾਨ ਕੀਤਾ ਸੀ ਤੇ ਆਪਣਾ ਵਜ਼ਾਰਤੀ ਮੰਡਲ ਵੀ ਬਣਾਇਆ ਸੀ। ਪਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ ਸੀ। ਇਸ ਤੋਂ ਪਹਿਲਾਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਵੀ ਸਿੱਖ ਰਾਜ ਦਾ ਝੰਡਾ ਕੁਤਵਾਲੀ ਜਾ ਕੇ ਲਹਿਰਾਇਆ ਸੀ। ਇਸ ਝੰਡਾ ਲਹਿਰਾਉਣ ਦਾ ਪਿਛੋਕੜ ਭਾਵੇਂ ਕੁਝ ਹੋਰ ਸੀ ਇਸ ਕਰਕੇ ਸਰਕਾਰ ਨੂੰ ਫਿਕਰ ਹੋ ਹੀ ਨਹੀਂ ਸਕਦਾ ਸੀ।

ਇਸ ਤੋਂ ਬਾਅਦ 1983 ਵਿਚ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਦੇ ਸੈਕਟਰੀ ਜਨਰਲ ਸਰਦਾਰ ਬਲਬੀਰ ਸਿੰਘ ਸੰਧੂ ਨੇ ਵੀ ਗੁਰੂ ਨਾਨਕ ਨਿਵਾਸ ਦੀ ਉਤਲੀ ਛੱਤ ਉਤੇ ਖਾਲਿਸਤਾਨ ਦਾ ਝੰਡਾ ਲਹਿਰਾਇਆ ਸੀ ਤੇ ਖਾਲਿਸਤਾਨ ਸਰਕਾਰ ਦਾ ਵਿਧਾਨ ਵੀ ਅਖਬਾਰਾਂ ਵਾਲਿਆਂ ਨੂੰ ਦਿਤਾ ਸੀ। ਇਸ ਤੋਂ ਪਹਿਲਾਂ ਡਾਕਟਰ ਜਗਜੀਤ ਸਿੰਘ ਚੌਹਾਨ ਨੇ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹਲੇ ਵਾਲੇ ਦਿਨ 1979 ਵਿਚ ਖਾਲਿਸਤਾਨ ਦਾ ਝੰਡਾ ਲਹਿਰਵਾਇਆ ਸੀ ਤੇ ਇਸ ਲੇਖਕ ਨੇ ਹੀ ਲਹਿਰਾਇਆ ਸੀ।


ਇਨ੍ਹਾਂ ਖਾਲਿਸਤਾਨ ਦੇ ਐਲਾਨਾਂ ਵੇਲੇ ਵਾਤਾਵਰਣ ਹੋਰ ਸੀ ਤੇ ਇਹ ਐਲਾਨ ਇਕ ਡਰਾਮੇ ਬਾਜ਼ੀ ਤੋਂ ਵੱਧ ਕੁਝ ਨਹੀਂ ਲੱਗਦੇ ਸਨ। ਪਰ ਇਸ ਵਾਰੀ ਪੰਥਕ ਕਮੇਟੀ ਦੇ ਮੈਂਬਰਾਂ ਵਲੋਂ ਕੀਤੇ ਗਏ ਖਾਲਿਸਤਾਨ ਦੇ ਐਲਾਨ ਨੇ ਸਾਰੇ ਦੇਸ਼ ਨੂੰ ਹਿਲਾ ਦਿਤਾ ਹੈ। ਥਾਂ ਥਾਂ ਉਤੇ ਤੇ ਵੱਖਰੇ ਵੱਖਰੇ ਲੀਡਰਾਂ ਵਲੋਂ ਇਸ ਐਲਾਨ ਦੀ ਨਿੰਦਾ ਕੀਤੀ ਗਈ ਹੈ।

ਇਕ ਪਾਸੇ ਤੇ ਸਰਕਾਰ ਕਹਿੰਦੀ ਹੈ ਕਿ ਖਾਲਿਸਤਾਨ ਦੀ ਮੰਗ ਦੀ ਪ੍ਰੋੜਤਾ ਕਰਨ ਵਾਲੇ ਕੁਝ ਸਿਰ ਫਿਰੇ ਹੋਏ ਨੌਜੁਆਨ ਹਨ ਜਿਨ੍ਹਾਂ ਦੀ ਗਿਣਤੀ ਕੋਈ ਬਹੁਤੀ ਨਹੀਂ। ਤੇ ਇਹ ਵੀ ਸਰਕਾਰ ਵਲੋਂ ਘੜੀ ਮੁੜੀ ਕਿਹਾ ਜਾਂਦਾ ਹੈ ਕਿ ਇਸ ਮੰਗ ਦੇ ਪਿਛੇ ਬਦੇਸ਼ੀ ਤਾਕਤਾਂ ਹਨ ਤੇ ਖਾਸ ਕਰਕੇ ਇਸ ਮੰਗ ਨੂੰ ਉਭਾਰਨ ਦਾ ਦੋਸ਼ ਪਾਕਿਸਤਾਨ ਉਤੇ ਲਾਇਆ ਜਾਂਦਾ ਹੈ। ਸ਼ੁਰੂ ਸ਼ੁਰੂ ਵਿਚ ਤੇ ਇਸ ਮੰਗ ਨੂੰ ਉਭਾਰਨ ਵਾਲਿਆਂ ਦੀ ਕਈ ਕਾਂਗਰਸੀ ਵੀ ਮਦਦ ਕਰਦੇ ਰਹੇ ਹਨ, ਤਾਂ ਕਿ ਖਾਲਿਸਤਾਨ ਦਾ ਹਊਆ ਬਣਾ ਕੇ ਹਿੰਦੂ ਵੋਟਾਂ ਪੱਕੀ ਤਰ੍ਹਾਂ ਕਾਬੂ ਕੀਤੀਆਂ ਜਾ ਸਕਣ। ਪਰ ਹੁਣ ਲੱਗਦਾ ਹੈ ਕਿ ਪਾਸਾ ਪੁਠਾ ਪੈਂਦਾ ਵੇਖ ਕੇ ਕਾਂਗਰਸੀਆਂ ਨੂੰ ਵੀ ਆਪਣੀ ਗਲਤੀ ਦਾ ਅਹਿਸਾਸ ਹੋਇਆ ਹੈ। ਜਿਨ੍ਹਾਂ ਕਾਂਗਰਸੀਆਂ ਨੇ ਖਾਲਿਸਤਾਨੀ ਪੱਖੀਆਂ ਦੀ ਕਿਸੇ ਵੇਲੇ ਮਦਦ ਕੀਤੀ ਸੀ ਉਨ੍ਹਾਂ ਨੂੰ ਰਾਜੀਵ ਗਾਂਧੀ ਨੇ ਪਿਛਲੀਆਂ ਚੋਣਾਂ ਵਿਚ ਪਿਛੇ ਸੁਟਿਆ ਹੈ। ਪਰ ਤੀਰ ਇਕ ਵਾਰ ਕਮਾਨ ਵਿਚੋਂ ਨਿਕਲਿਆ ਹੋਇਆ ਕਦੀ ਵਾਪਸ ਨਹੀਂ ਆਇਆ।

ਜੇ ਕਾਂਗਰਸ ਵਾਲੇ ਆਪਣੇ ਰਾਜਸੀ ਲਾਭਾਂ ਲਈ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਮਜ਼ਬੂਤੀ ਨੂੰ ਤਲਾਂਜਲੀ ਦੇ ਕੇ ਵੱਖਵਾਦੀ ਵਿਚਾਰਧਾਰਾ ਨੂੰ ਸ਼ਹਿ ਦੇ ਸਕਦੇ ਹਨ ਤਾਂ ਦੇਸ਼-ਵਿਰੋਧੀ ਸ਼ਕਤੀਆਂ ਕਿਉਂ ਨਾ ਇਸ ਵੱਖਵਾਦੀ ਲਹਿਰ ਦਾ ਲਾਭ ਉਠਾਉਣ ਲਈ ਇਸ ਨੂੰ ਸ਼ਹਿ ਦੇਣ। ਦੇਸ਼-ਵਿਰੋਧੀ ਸ਼ਕਤੀਆਂ ਖਾਸ ਕਰਕੇ ਪਾਕਿਸਤਾਨ ਵਿਰੁਧ ਤੇ ਗੁਸਾ ਕਰਨਾ ਹੀ ਗਲਤ ਹੈ ਕਿਉਂਕਿ ਭਾਰਤ ਨੇ ਵੀ ਤੇ ਪਾਕਿਸਤਾਨ ਦੇ ਦੋ ਟੋਟੇ ਕਰਵਾ ਕੇ ਬੰਗਲਾ ਦੇਸ਼ ਹੋਂਦ ਵਿਚ ਲਿਆਂਦਾ ਸੀ ਤੇ ਪਾਕਿਸਤਾਨ ਆਪਣਾ ਬਦਲਾ ਕਿਉਂ ਨਾ ਲਵੇ।

ਪਰ ਜੇ ਵੱਖਵਾਦੀ ਵਿਚਾਰਧਾਰਾ ਦੇ ਕੁਝ ਕਮਲੇ ਨੌਜਆਨ ਹੀ ਧਾਰਨੀ ਹਨ ਤਾ ਸਰਕਾਰ ਨੂੰ ਫਿਕਰ ਕਰਨ ਦੀ ਲੋੜ ਨਹੀਂ। ਪਰ ਸਰਕਾਰ ਘਬਰਾਈ ਹੋਈ ਹੈ ਜਿਸ ਤੋਂ ਇੰਝ ਲੱਗਦਾ ਹੈ ਕਿ ਇਨ੍ਹਾਂ ਨੌਜੁਆਨਾਂ ਦੀ ਦ੍ਰਿੜਤਾ ਵੇਖ ਕੇ ਸਰਕਾਰ ਘਬਰਾ ਗਈ ਹੈ। ਜੇ ਇਨ੍ਹਾਂ ਨੌਜੁਆਨਾਂ ਨੇ ਐਲਾਨ ਕੀਤਾ ਕਿ ਅਸੀਂ ਦਰਬਾਰ ਸਾਹਿਬ ਹੋਈ ਪੁਲੀਸ ਕਾਰਵਾਈ ਦਾ ਬਦਲਾ ਲਵਾਂਗੇ ਤਾਂ ਦਿੱਲੀ ਬੈਠੇ ਵੀ. ਆਈ. ਪੀ. ਘਬਰਾ ਗਏ। ਸੜਕਾਂ ਉਤੇ ਪੁਲੀਸ ਦਾ ਪਹਿਰਾ ਲੱਗ ਗਿਆ। ਆਉਂਦੇ ਜਾਂਦੇ ਸਿੱਖਾਂ ਦੀ ਨਿਗਰਾਨੀ ਤੇ ਤਲਾਸ਼ੀ ਸ਼ੁਰੂ ਹੋ ਗਈ।

ਖਾਲਿਸਤਾਨ ਦੇ ਐਲਾਨ ਦਾ ਫਿਕਰ ਸਰਕਾਰ ਨੂੰ ਸਿਰਫ ਇਨ੍ਹਾ ਨੌਜੁਆਨਾਂ ਦੀ ਦ੍ਰਿੜਤਾ ਕਾਰਨ ਹੀ ਨਹੀਂ ਕਈ ਹੋਰ ਕਾਰਨ ਵੀ ਹਨ। ਸਰਕਾਰ ਨੂੰ ਪੂਰੀ ਤਰ੍ਹਾਂ ਪਤਾ ਹੈ ਕਿ ਇਸ ਵਕਤ ਸਿਰਫ ਚੰਦ ਨੌਜੁਆਨ ਨਹੀਂ ਸਮੁੱਚੇ ਸਿੱਖ ਨੌਜੁਆਨ ਕਿਸ ਰੌ ਵਿਚ ਵਹਿਆ ਹੋਇਆ ਹੈ। ਅੱਜ ਚਾਲੀ ਸਾਲ ਤੋਂ ਉਤੇ ਉਮਰ ਦੇ ਸਿੱਖ ਹੋਰ ਤਰ੍ਹਾਂ ਸੋਚਦੇ ਹਨ ਤੇ ਚਾਲੀ ਸਾਲ ਤੋਂ ਥੱਲੇ ਦੇ ਕੁਝ ਹੋਰ ਤਰ੍ਹਾਂ ਸੋਚਦੇ ਹਨ। ਚਾਲੀ ਸਾਲ ਤੋਂ ਉਤੇ ਦੇ ਸਿੱਖਾਂ ਦੇ ਮਨਾਂ ਵਿਚ ਹਿੰਦੂਆਂ ਨਾਲ ਸਮਾਜਿਕ ਸਾਂਝ ਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਗੱਲ ਦਾ ਕੋਈ ਅਸਰ ਹੁੰਦਾ ਹੈ। ਪਰ ਨੌਜੁਆਨ ਤਬਕਾ ਇਸ ਸਭ ਕੁਝ ਨੂੰ ਤਲਾਂਜਲੀ ਦੇਈ ਬੈਠਾ ਹੈ। ਉਸ ਦੇ ਮਨ ਵਿਚ ਬਲਊਸਟਾਰ ਓਪਰੇਸ਼ਨ ਤੇ ਉਸ ਤੋਂ ਬਾਅਦ ਵੁਡ ਰੋਜ਼ ਓਪਰੇਸ਼ਨ ਜਿਸ ਨੂੰ ਸਰਕਾਰ "ਮਾਪਿੰਗ ਔਪ" ਅਥਵਾ ਪਿੰਡ ਵਿਚ ਹੋਈ ਫੌਜੀ ਕਾਰਵਾਈ ਕਿਹਾ ਜਾਂਦਾ ਹੈ, ਉਸ ਦੀ ਯਾਦ ਤਾਜ਼ਾ ਹੈ। ਉਨ੍ਹਾਂ ਦੇ ਮਨਾਂ ਵਿਚ ਨਵੰਬਰ ਦੇ ਫਸਾਦਾਂ ਦਾ ਅਸਰ ਗਿਆ ਨਹੀਂ। ਸਭ ਤੋਂ ਵੱਡਾ ਉਨ੍ਹਾਂ ਨੂੰ



ਭਾਈ ਵਸਨ ਸਿੰਘ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਅਗੇ ਪੇਸ਼ ਹੋਏ।

ਦੁਖ ਹੈ ਕਿ ਨਵੰਬਰ ਕਤਲਾਮ ਸਮੇਂ ਦੇ ਕਾਤਲਾਂ ਤੇ ਵਿਰੁਧ ਕੋਈ ਕਾਰਵਾਈ ਨਹੀਂ ਹੋਈ। ਕਿਸੇ ਇਕ ਕਾਤਲ ਵਿਰੁਧ ਕੇਸ ਰਜਿਸਟਰ ਨਹੀਂ ਹੋਇਆ। ਜਿਨ੍ਹਾਂ ਲੋਕਾਂ ਉਤੇ ਮੁਜਰਮਾਂ ਨੂੰ ਪਨਾਹ ਦੇਣ ਦੇ ਦੋਸ਼ ਵਿਚ ਮੁਕੱਦਮੇ ਚਲਣੇ ਚਾਹੀਦੇ ਸਨ ਉਨ੍ਹਾਂ ਨੂੰ ਕੇਂਦਰੀ ਸਰਕਾਰ ਦੇ ਮੰਤਰੀ ਮੰਡਲ ਦਾ ਵਜ਼ੀਰ ਬਣਾਇਆ ਗਿਆ।

ਨੌਜੁਆਨਾਂ ਨੂੰ ਇਸ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਹੈ ਕਿ ਇਸ ਦੇਸ਼ ਦਾ ਕਾਨੂੰਨ ਸਿੱਖਾਂ ਲਈ ਕੁਝ ਹੋਰ ਹੈ ਤੇ ਬਹੁ-ਗਿਣਤੀ ਲਈ ਕੁਝ ਹੋਰ ਹੈ। ਦਿੱਲੀ ਦੇ ਕਤਲਾਮ ਦਾ ਕੁਝ ਸਿੱਖਾਂ ਨੇ ਆਪਣੇ ਵਲੋਂ ਬਦਲਾ ਲਿਆ। ਕੁਝ ਬੰਬ ਧਮਾਕੇ ਹੋਏ ਜਿਸ ਨਾਲ ਕੁਝ ਦਰਜਨਾਂ ਬੰਦੇ ਮਾਰੇ ਗਏ। ਦਿੱਲੀ ਕਤਲਾਮ ਦੇ ਦੋ ਦੋਸ਼ੀ ਸ੍ਰੀ ਅਰਜਨ ਦਾਸ ਤੇ ਲਲਿਤ ਮਾਕਨ ਮਾਰੇ ਗਏ। ਇਹਨਾਂ ਦੋਹਾਂ ਦੇ ਕਾਤਲਾਂ ਨੂੰ ਲੱਭਣ ਲਈ ਪੁਲੀਸ ਲੋੜ ਤੋਂ ਵਧੀਕ ਹਰਕਤ ਵਿਚ ਆਈ ਤੇ ਕਈ ਸਿੱਖ ਨੌਜੁਆਨ ਪੁਛ-ਤਾਛ ਵੇਲੇ ਹੀ ਪੁਲੀਸ ਨੇ ਕੁੱਟ ਕੁੱਟ ਮਾਰ ਦਿਤੇ।

ਇਕ ਪਾਸੇ ਸਿੱਖਾਂ ਦੇ ਕਤਲਾਂ ਸਬੰਧੀ ਪੁਲੀਸ ਨੇ ਚੁਪ ਸਾਧੀ ਹੋਈ ਹੈ ਤੇ ਜੇ ਕੋਈ ਮਿਸ਼ਰਾ ਕਮਿਸ਼ਨ ਸਾਹਮਣੇ ਆਪਣੀ ਦੁਖੀ ਦਾਸਤਾਨ ਦੀ ਗਵਾਹੀ ਦੇਣ ਜਾਂਦਾ ਹੈ ਤਾਂ ਉਸ ਨੂੰ ਗੁੰਡੇ ਵੀ ਡਰਾਉਂਦੇ ਹਨ ਤੇ ਪੁਲੀਸ ਵੀ ਦਬਕਾਉਂਦੀ ਹੈ। ਦੂਜੇ ਪਾਸੇ ਜਿਨ੍ਹਾਂ ਕਾਤਲਾਂ ਬਾਰੇ ਕੋਈ ਚਸ਼ਮ-ਦੀਦ ਗਵਾਹ ਨਹੀਂ ਦਸ ਸਕਦਾ ਕਿ ਕੇਹੜਾ ਕਾਤਲ ਸੀ, ਕਿਉਂਕੇ ਕਤਲ ਹੋਣ ਵਾਲਿਆਂ ਨੇ ਸਿੱਖਾਂ ਨੂੰ ਕਤਲ ਕਰਵਾਇਆ ਸੀ ਇਸ ਕਰਕੇ ਕੋਈ ਸਿੱਖ ਵੀ ਇਨ੍ਹਾਂ ਨੂੰ ਕਤਲ ਕਰ ਸਕਦਾ ਸੀ, ਇਸ ਲਈ ਸਾਰੇ ਸਿੱਖਾਂ ਨੂੰ ਹੀ ਕਾਤਲ ਸਮਝ ਕੇ ਤੰਗ ਕੀਤਾ ਗਿਆ। ਦਰਜਨਾਂ ਦੇ ਹਿਸਾਬ ਸਿਰ ਸਿੱਖ ਨੌਜੁਆਨ ਪਕੜ ਕੇ ਪੁਲੀਸ ਨੇ ਕੁਟੇ।

ਅੱਜ ਦਾ ਸਿੱਖ ਨੌਜੁਆਨ ਪੁੱਛਣ ਉਤੇ ਮਜਬੂਰ ਹੈ ਕਿ ਕਿਸ ਚੀਜ਼ ਦਾ ਨਾਮ ਦੇਸ਼ ਲਿਆ ਜਾਂਦਾ ਹੈ? ਕੀ ਇਕ ਹਕੂਮਤ ਵੱਲੋਂ ਵਾਲਾ ਇਲਾਕਾ ਦੇਸ ਗਿਣਿਆ ਜਾਂਦਾ ਹੈ? ਜੇ ਇਸ ਨੂੰ ਦੇਸ਼ ਕਿਹਾ ਜਾਂਦਾ ਹੈ ਤਾਂ ਪਾਕਿਸਤਾਨ, ਬੰਗਲਾ ਦੇਸ਼ ਤੇ ਕਦੀ ਬਰਮਾ ਆਦਿ ਵੀ ਇਕ ਦੇਸ਼ ਦੇ ਹੀ ਹਿੱਸੇ ਹੁੰਦੇ ਸਨ। ਦੇਸ਼ ਜ਼ਮੀਨ ਦਾ ਟੋਟਾ ਨਹੀਂ ਉਸ ਵਿਚ ਵਸਣ ਵਾਲੇ ਲੋਕ ਹੋਇਆ ਕਰਦੇ ਹਨ। ਉਸ ਦੇਸ਼ ਨੂੰ ਉਹ ਹੁਣ ਦੇਸ਼ ਕਬੂਲਣ ਨੂੰ ਤਿਆਰ ਨਹੀਂ ਜਿਥੇ ਉਹ ਤੀਜੇ ਦਰਜੇ ਨਾਲੋਂ ਵੀ ਘਟੀਆ ਦਰਜੇ ਦੇ ਸ਼ਹਿਰੀ ਬਣਾ ਦਿਤੇ ਗਏ ਹਨ। ਸਾਰੇ ਦੇਸ਼ ਵਿਚ ਥਾਂ ਥਾਂ ਉਤੇ ਸਿੱਖਾਂ ਦੀ ਬੇਇਜ਼ਤੀ ਕੀਤੀ ਜਾ ਰਹੀ ਹੈ। ਗੁੰਡੇ ਬਦਮਾਸ਼ ਸਿੱਖਾਂ ਦੇ ਗੁਰਦੁਆਰਿਆਂ ਉਤੇ ਕਬਜ਼ੇ ਕਰੀ ਜਾ ਰਹੇ ਹਨ। ਬਹੁਤੀਆਂ ਥਾਵਾਂ ਉਤੇ ਤੇ ਸਥਾਨਿਕ ਲੋਕ ਡਰਦੇ ਮਾਰੇ ਚੁੱਪ ਕਰੀ ਬੈਠੇ ਹਨ ਪਰ ਬਨਾਰਸ ਨੌਵੀਂ ਪਾਤਸ਼ਾਹੀ ਦੇ ਗੁਰਦੁਆਰੇ ਉਤੇ ਕੁਝ ਗੁੰਡਿਆਂ ਨੇ ਜ਼ਬਰਦਸਤੀ ਕਬਜ਼ਾ ਕਰਕੇ ਉਥੇ ਮੂਰਤੀ ਸਥਾਪਿਤ ਕਰ ਦਿਤੀ ਹੈ। ਪੁਲੀਸ ਉਸ ਗੁਰਦੁਆਰੇ ਵਿਚੋਂ ਬਦਮਾਸ਼ਾਂ ਨੂੰ ਕੱਢ ਕੇ ਹਲੀਂ ਤਕ ਉਹ ਗੁਰਦੁਆਰਾ ਸਿੱਖਾਂ ਦੇ ਹਵਾਲੇ ਨਹੀਂ ਕਰ ਸਕੀ ਜਾਂ ਨਹੀਂ ਕਰਨਾ ਚਾਹੁੰਦੀ। ਕਾਰਨ ਕੁਝ ਵੀ ਹੋਵੇ ਨਤੀਜਾ ਇਕ ਹੀ ਹੈ।

ਜਿਸ ਦੇਸ਼ ਵਿਚ ਸਿੱਖਾਂ ਨੂੰ ਦੇਸ਼ ਦੇ ਸ਼ਹਿਰੀ ਹੀ ਨਹੀਂ ਗਿਣਿਆ ਜਾਂਦਾ। ਉਨ੍ਹਾਂ ਨਾਲ ਬਰਾਬਰ ਸ਼ਹਿਰੀਆਂ ਵਾਲਾ ਸਲੂਕ ਹੀ ਨਹੀਂ ਕੀਤਾ ਜਾਂਦਾ ਫਿਰ ਜੇ ਸਿੱਖ ਨੌਜੁਆਨ ਬਗ਼ਾਵਤ ਕਰਕੇ ਆਪਣਾ ਵੱਖਰਾ ਦੇਸ਼ ਬਨਾਉਣ ਲਈ ਤੁਰ ਪੈਣ ਤਾਂ ਇਸ ਦਾ ਦੋਸ਼ ਉਨ੍ਹਾਂ ਨੌਜੁਆਨਾਂ ਨੂੰ ਦੇਣ ਦੀ ਥਾਂ ਸਰਕਾਰ ਨੂੰ ਆਪਣੇ ਗਲਵਾਣ ਵਿਚ ਵੀ ਝਾਤੀ ਮਾਰਨੀ ਚਾਹੀਦੀ ਹੈ। ਪਰ ਸਰਕਾਰਾਂ ਜੇ ਆਪਣੇ ਔਗੁਣ ਫੋਲਣ ਜੋਗੀਆਂ ਹੋਣ ਤਾਂ ਕਦੀ ਵੱਖਵਾਦੀ ਲਹਿਰਾਂ ਕਿਸੇ ਦੇਸ਼ ਵਿਚ ਜਨਮ ਲੈਣ ਹੀ ਨਾ। ਜੇ ਸਾਂਝੇ ਪ੍ਰਵਾਰ ਵਿਚ ਸਾਰਿਆਂ ਨਾਲ ਇਕੋ ਜੇਹਾ ਇਨਸਾਫ ਭਰਿਆ ਸਲੂਕ ਹੋਵੇ ਤਾਂ ਕੋਈ ਵੱਖਰਾ ਹੋਣ ਦੀ ਸੋਚੇ ਹੀ ਨਾ। ਸਰਕਾਰਾਂ ਵਧੀਕੀਆਂ ਕਰਨ ਤੋਂ ਟਲਦੀਆਂ ਨਹੀਂ ਤੇ ਵਧੀਕਿਆਂ ਦਾ ਸ਼ਿਕਾਰ ਹੋਈਆਂ ਹੋਈਆਂ ਕੌਮਾਂ ਬਗ਼ਾਵਤ ਦੇ ਰਸਤੇ ਉਤੇ ਜਲਦੀ ਜਾਂ ਦੇਰ ਨਾਲ ਤੁਰ ਹੀ ਪੈਂਦੀਆਂ ਹਨ।

ਦੇਸ਼ ਭਰ ਦੀਆਂ ਅਖਬਾਰਾਂ ਤੇ ਰਸਾਲਿਆਂ ਵਿਚ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਸੰਤ ਭਿੰਡਰਾਂਵਾਲਿਆਂ ਨੇ ਅਤਿਵਾਦ ਨੂੰ ਸ਼ਹਿ ਦਿਤੀ ਤੇ ਸਿੱਖਾਂ ਨੂੰ ਖਾਲਿਸਤਾਨ ਦੀਆਂ ਲੀਹਾਂ ਉਤੇ ਤੋਰਿਆ। ਪਰ ਕਦੀ ਕਿਸੇ ਨੇ ਇਹ ਸੋਚਣ ਦੀ ਕੋਸ਼ਿਸ ਨਹੀਂ ਕੀਤੀ ਕਿ ਸੰਤ ਭਿੰਡਰਾਂਵਾਲਿਆਂ ਦੀਆਂ ਗੱਲਾਂ ਦਾ ਆਮ ਸਿੱਖਾਂ ਉਤੇ ਕਿਉਂ ਅਸਰ ਹੁੰਦਾ ਸੀ। ਉਸ ਦਾ ਕਾਰਨ ਸੀ ਕਿ ਉਹ ਨਿਤਾ ਪ੍ਰਤੀ ਸਿੱਖਾਂ ਨਾਲ ਹੋ ਰਹੇ ਧਕਿਆਂ ਵਿਰੁਧ ਸਿੱਖਾਂ ਨੂੰ ਜੂਝਣ ਲਈ ਵੰਗਾਰਦੇ ਸਨ। ਇਸ ਵੰਗਾਰ ਦੇ ਨਾਲ ਜੇ ਉਹ ਕੋਈ ਗੱਲ ਗਲਤ ਵੀ ਕਹਿੰਦੇ ਸਨ ਤਾਂ ਉਸ ਦਾ ਵੀ ਆਮ ਲੋਕਾਂ ਉਤੇ ਅਸਰ ਹੁੰਦਾ ਸੀ। ਸੰਤ ਭਿੰਡਰਾਂਵਾਲੇ ਆਮ ਮਰਨ ਮਾਰਨ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਹੋ ਸਕਦਾ ਹੈ ਕਿ ਉਨ੍ਹਾਂ ਦਾ ਵੀ ਕੁਝ ਨੌਜੁਆਨਾਂ ਉਤੇ ਅਸਰ ਹੋਇਆ ਹੋਵੇ ਤੇ ਉਹ ਸਮਝਦੇ ਹੋਣ ਕਿ ਹਿੰਸਕ ਕਾਰਵਾਈਆਂ ਹੀ ਸਿੱਖਾਂ ਨੂੰ ਅਜ਼ਾਦੀ ਦਵਾ ਸਕਦੀਆਂ ਹਨ। ਭਾਵੇਂ ਨਜਾਇਜ਼ ਹਿੰਸਕ ਕਾਰਵਾਈਆਂ ਸਿੱਖਾਂ ਨੂੰ ਅਜ਼ਾਦੀ ਦਵਾਉਣ ਦੀ ਥਾਂ ਉਨ੍ਹਾਂ ਲਈ ਬਦਨਾਮੀ ਦਾ ਕਾਰਨ ਬਣਦੀਆਂ ਜਾਦੀਆਂ ਹਨ। ਹੋ ਸਕਦਾ ਹੈ ਕਿ ਸਿੱਖਾ ਨੂੰ ਬਦਨਾਮ ਕਰਨ ਲਈ ਕਈ ਹਿੰਸਕ ਕਾਰਵਾਈਆਂ ਕੇਂਦਰੀ ਸਰਕਾਰ ਹੀ ਕਰਵਾਉਂਦੀ ਹੋਵੇ। ਮਾਰਚ ਤੇ ਅਪ੍ਰੈਲ ਦੇ ਸੰਤ-ਸਿਪਾਹੀ ਦੇ ਅੰਕਾਂ ਵਿਚ ਕਨੇਡਾ ਦੇ ਅਖਬਾਰ ਗਲੋਬ ਮੇਲ ਵਿਚੋਂ ਦੋ ਲੇਖਾਂ ਦਾ ਉਲਥਾ ਕਰਕੇ ਛਾਪਿਆ ਸੀ ਜਿਸ ਵਿਚ ਲਿਖਾਰੀ ਨੇ ਇਹ ਸਿਧ ਕੀਤਾ ਸੀ ਕਿ ਕਨੇਡਾ ਵਿਚ ਚਲ ਰਹੀ ਖਾਲਿਸਤਾਨ ਦੀ ਲਹਿਰ ਵਿਚ ਕਿਸ ਤਰ੍ਹਾਂ ਭਾਰਤੀ ਦੂਤ ਘਰ ਹਿੰਸਕ ਕਾਰਵਾਈਆਂ ਕਰਵਾਉਣ ਦਾ ਜ਼ਿਮੇਵਾਰ ਹੈ ਤਾਂ ਕਿ ਲਹਿਰ ਬਦਨਾਮ ਹੋ ਜਾਵੇ ਤੇ ਦੁਨੀਆਂ ਦੀ ਲੋਕ ਰਾਏ ਸਿੱਖਾਂ ਦੇ ਖਿਲਾਫ ਹੋ ਜਾਵੇ।

ਜੇ ਭਾਰਤ ਸਰਕਾਰ ਦੇ ਬਦੇਸ਼ੀ ਦੂਤ ਘਰ ਬਦੇਸ਼ਾਂ ਵਿਚ ਚਲ ਰਹੀ ਖਾਲਸਤਾਨ ਦੀ ਲਹਿਰ ਨੂੰ ਬਦਨਾਮ ਕਰਨ ਲਈ ਹਿੰਸਕ ਕਾਰਵਾਈਆਂ ਕਰਵਾ ਸਕਦੇ ਹਨ ਤਾਂ ਉਹ ਕੁਝ ਦੇਸ਼ ਦੀ ਸਰਕਾਰ ਆਪਣੇ ਦੇਸ਼ ਵਿਚ ਤੇ ਸੌਖਾ ਕਰਵਾ ਸਕਦੀ ਹੈ। ਇਸ ਲਈ ਕਈ ਵਾਰ ਸ਼ੱਕ ਪੈਂਦਾ ਹੈ ਕਿ ਦੇਸ਼ ਅੰਦਰ ਹਿੰਸਕ ਕਾਰਵਾਈਆਂ ਕਿਧਰੇ ਕੇਂਦਰੀ ਸਰਕਾਰ ਹੀ ਸਿੱਖਾ ਨੂੰ ਤੇ ਖਾਲਿਸਤਾਨ ਦੀ ਲਹਿਰ ਨੂੰ ਬਦਨਾਮ ਕਰਨ ਲਈ ਆਪ ਹੀ ਤੇ ਨਹੀਂ ਕਰਵਾ ਰਹੀ। ਇਹ ਭਾਰਤ ਦੇਸ਼ ਹੈ। ਇਥੇ ਪੈਸਾ ਦੇ ਕੇ ਤੇ ਲੋਕ ਆਪਣੇ ਪਿਓ ਨੂੰ ਕਤਲ ਕਰਨ ਵਾਲੇ ਮਿਲ ਜਾਂਦੇ ਹਨ। ਪੈਸੇ ਦੇ ਕੇ ਆਮ ਆਦਮੀ ਕਤਲ ਕਰਵਾਉਣੇ ਤੇ ਮਾਮੂਲੀ ਗੱਲ ਹੈ।

ਖਾਲਿਸਤਾਨ ਲਹਿਰ ਨੂੰ ਸ਼ਕਤੀ ਤੇ ਮਿਲੀ ਹੈ ਬਲਊਸਟਾਰ ਓਪਰੇਸ਼ਨ 'ਚੋਂ', ਦਿੱਲੀ ਤੇ ਹੋਰ ਥਾਵਾਂ ਉਤੇ ਸਿੱਖਾਂ ਦੇ ਕਤਲਾਮ ਤੋਂ ਤੇ ਸਭ ਤੋਂ ਵੱਧ ਇਸ ਗੱਲ ਤੋਂ ਕਿ ਸਿੱਖਾਂ ਦੇ ਕਾਤਲ ਵਿਰੁਧ ਕੋਈ ਕਾਨੂੰਨੀ ਕਾਰਵਾਈ ਨਾ ਹੋਈ ਹੈ ਤੇ ਨਾ ਹੋਣ ਦੀ ਆਸ ਹੈ। ਆਮ ਸਿੱਖ ਸੋਚਦਾ ਹੈ ਕਿ ਉਸ ਦੇਸ਼ ਵਿਚ ਰਹਿ ਕੇ ਕੀ ਕਰਨਾ ਹੈ ਜਿਥੇ ਵੇਲੇ ਦੀ ਸਰਕਾਰ ਨੇ ਸਾਡਾ ਜੀਊਣਾ ਹੀ ਹਰਾਮ ਕੀਤਾ ਹੋਇਆ ਹੈ। ਏਹੋ ਜੇਹੀ ਜਦੋਂ ਇਕ ਕੌਮ ਦੀ ਮਾਨਸਿਕ ਅਵਸਥਾ ਬਣ ਗਈ ਹੋਵੇ ਤਾਂ ਬਦੇਸ਼ੀ ਏਜੰਸੀਆਂ ਦਾ ਵਿਚ ਆ ਕੇ ਆਪਣੇ ਹਿੱਤਾਂ ਖਾਤਿਰ ਦਖਲ ਦੇਣਾ ਆਮ ਜੇਹੀ ਸੁਭਾਵਿਕ ਗੱਲ ਹੁੰਦੀ ਹੈ। ਹਰ ਮੁਲਕ ਕਹਿੰਦਾ ਹੈ ਕਿ ਮੈਂ ਦੂਜੇ ਮੁਲਕਾਂ ਦੇ ਅੰਦਰੂਨੀ ਮਸਲਿਆਂ ਵਿਚ ਦਖ਼ਲ ਨਹੀਂ ਦਿੰਦਾ ਪਰ ਮੌਕਾ ਮਿਲਣ ਉਤੇ ਕੋਈ ਵੀ ਮੁਲਕ ਦਖ਼ਲ ਦੇਣੋਂ ਨਹੀਂ ਟਲਦਾ।

ਪਾਕਿਸਤਾਨ, ਰੂਸ, ਚੀਨ ਤੇ ਅਮਰੀਕਾ ਸਾਰਿਆਂ ਦੇ ਹਿੱਤ ਪੰਜਾਬ ਦੀ ਇਸ ਬਦਅਮਨੀ

Sant Sipahi - The oldest Panthic Magazine/ www.santsipahi.org



ਅਨੰਦਪੁਰ ਸਾਹਿਬ ਵਿਚ ਜਦੋਂ ਪਹਿਲੀ ਵਾਰ ਖਾਲਿਸਤਾਨ ਦਾ ਨਿਸ਼ਾਨ ਸਾਹਿਬ ਲਹਿਰਾਇਆ ਗਿਆ ਤਾਂ ਆਮ ਲੋਕੀਂ ਇਸ ਨੂੰ ਬੱਚਿਆਂ ਦੀ ਖੇਡ ਸਮਝਦੇ ਸਨ

ਵਿਚ ਹਨ। ਪਾਕਿਸਤਾਨ ਜ਼ਰੂਰ ਚਾਹੁੰਦਾ ਹੋਵੇਗਾ ਕਿ ਪੰਜਾਬ ਵਿਚ ਗੜਬੜ ਪਵੇ। ਜੇ ਸਿਖ ਆਪਣਾ ਵੱਖਰਾ ਦੇਸ਼ ਬਣਾ ਲੈਣ ਤਾਂ ਵੀ ਉਹ ਭਾਰਤ ਸਰਕਾਰ ਨਾਲ ਲੜ ਕੇ ਬਣਾਉਣਗੇ। ਮੌਜੂਦਾ ਪੰਜਾਬ ਜੇ ਖਾਲਿਸਤਾਨ ਵਿਚ ਬਦਲ ਜਾਵੇ ਤਾਂ ਇਸ ਕੋਲ ਕੋਈ ਬੰਦਰਗਾਹ ਨਹੀਂ ਹੋਵੇਗੀ। ਇਤਨਾ ਛੋਟਾ ਮੁਲਕ ਭਾਰਤ ਦੇ ਮੁਕਾਬਲੇ ਵਿਚ ਆਪਣੀ ਰਖਿਆ ਨਹੀਂ ਕਰ ਸਕੇਗਾ ਤੇ ਉਸ ਨੂੰ ਮਜ਼ਬੂਰਨ ਆਪਣੀ ਮਦਦ ਵਾਸਤੇ ਪਾਕਿਸਤਾਨ ਵੱਲ ਦੇਖਣਾ ਪਵੇਗਾ। ਜੇ ਸਿੱਖਾਂ ਦਾ ਕੁਝ ਵੀ ਨਾ ਬਣੇ ਤਾਂ ਵੀ ਪੰਜਾਬ ਹੁਣ ਗੜਬੜ ਵਾਲਾ ਇਲਾਕਾ ਹੀ ਰਵ੍ਹੇਗਾ ਤੇ ਸਿੱਖ ਅਸੰਤੁਸ਼ਟ ਹੀ ਰਹਿਣਗੇ। ਸਿੱਖ ਦੀ ਅਸੰਤੁਸ਼ਟਤਾ ਭਾਰਤ ਦੀ ਰਖਿਆ ਲਈ ਹਾਨੀ-ਕਾਰਕ ਹੋਵੇਗੀ ਤੇ ਪੰਜਾਬ ਦੇ ਪਿੰਡਾਂ ਦੇ ਲੋਕ ਹੁਣ ਪਾਕਿਸਤਾਨ ਨਾਲ ਹੋਈ ਲੜਾਈ ਵਿਚ ਸ਼ਾਇਦ ਹੀ ਭਾਰਤ ਦੀਆਂ ਫ਼ੌਜਾਂ ਦੀ ਮਦਦ ਕਰਨ।

ਰੂਸ ਤੇ ਚੀਨ ਦੇ ਆਪਣੇ ਮੁਫਾਦ ਹਨ। ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕਰਨ ਲੱਗਿਆਂ ਜੋ ਦਾਸਤਵੇਜ਼ ਅਖਬਾਰਾਂ ਵਾਲਿਆਂ ਨੂੰ ਦਿਤੀ ਹੈ ਉਸ ਦੀ ਸ਼ਬਦਾਵਲੀ ਵਿਚ ਕਮਿਊਨਿਸਟ ਸ਼ਬਦਾਵਲੀ ਦੀ ਭਰਮਾਰ ਹੈ। ਇਹ ਦਾਸਤਵੇਜ਼ ਪੂਰੀ ਦੀ ਪੂਰੀ ਇਸੇ ਅੰਕ ਵਿਚ ਛਾਪੀ ਜਾ ਰਹੀ ਹੈ। ਇਨ੍ਹਾਂ ਕਥਿਤ ਅਤਿਵਾਦੀਆਂ ਵਿਚੋਂ ਕਈਆਂ ਦਾ ਪਿਛੋਕੜ ਕਮਿਊਨਿਸਟ ਜਾਂ ਨੈਕਸਲਾਈਟ ਹੈ ਜਿਸ ਕਰਕੇ ਕਿਹਾ ਜਾ ਸਕਦਾ ਹੈ ਕਿ ਉਹਨਾਂ ਦੀ ਏਹੋ ਜੇਹੀ ਸ਼ਬਦਾਵਲੀ ਬਣ ਹੀ ਗਈ ਹੈ ਤੇ ਇਹ ਵੀ ਹੋ ਸਕਦਾ ਹੈ ਕਿ ਨੈਕਸਲਾਈਟਾਂ ਦੀ ਆਪਣੀ ਲਹਿਰ ਖਤਮ ਹੋ ਗਈ ਹੈ ਤੇ ਉਹ ਮੌਜੂਦਾ ਸਿੱਖ ਲਹਿਰ ਰਾਹੀਂ ਹੀ ਆਪਣੀ ਵਿਚਾਰਧਾਰਾ ਨੂੰ ਮੂਰਤੀਮਾਨ ਹੁੰਦਾ ਦੇਖਣ ਦੇ ਇਛੁਕ ਹੋਣ। ਕੁਝ ਵੀ ਹੋ ਸਕਦਾ ਹੈ।

ਦੂਜਾ ਇਸ ਦਾਸਤਵੇਜ਼ ਵਿਚ ਹਿੰਦੂਆਂ ਤੇ ਸਿੱਖਾਂ ਨੂੰ ਬਿਲਕੁਲ ਅਲਗ ਪਲਗ ਕਰਨ ਵਾਲੀ ਸ਼ਬਦਾਵਲੀ ਲਿਖੀ ਹੋਈ ਹੈ। ਜੋ ਸਿੱਖ ਹਿੰਦੂਆਂ ਨਾਲ ਸਾਂਝਾਂ ਦੀਆਂ ਗੱਲਾਂ ਕਰਦੇ ਹਨ ਉਨ੍ਹਾਂ ਲਈ ਕੇਸਾ-ਧਾਰੀ ਹਿੰਦੂ ਸ਼ਬਦ ਲਿਖਿਆ ਗਿਆ ਹੈ ਤੇ ਨਾਲ ਹੀ ਉਨ੍ਹਾਂ ਨੂੰ ਸੋਧਣ ਦੀ ਵੀ ਧਮਕੀ ਦਿਤੀ ਹੋਈ ਹੈ। ਜੋ ਵੀ ਬਦੇਸ਼ੀ ਸ਼ਕਤੀ ਪੰਜਾਬ ਦੀ ਤਨਾਅ ਭਰੀ ਸਥਿਤੀ ਵਿਚ ਦਖਲ ਦੇਣਾ ਚਾਹ੍ਵੇਗੀ ਉਸ ਦੀ ਇਹ ਕੋਸ਼ਸ਼ ਹੋਵੇਗੀ ਕਿ ਹਿੰਦੂ ਸਿੱਖਾਂ ਵਿਚ ਇਤਨਾ ਵੱਡਾ ਪਾੜਾ ਪੈ ਜਾਵੇ ਕਿ ਮੁੜ ਉਹ ਕਿਸੇ ਵੇਲੇ ਵੀ ਇਕੱਠੇ ਨਾ ਹੋ ਸਕਣ।

ਇਸ ਦਾਸਤਵੇਜ਼ ਦੀ ਹਿੰਸਕ ਸ਼ਬਦਾਵਲੀ ਤੋਂ ਕਿਸੇ ਏਜੰਟ ਦਾ ਵੀ ਇਸ ਦਸਤਾਵੇਜ਼ ਬਨਾਉਣ ਵਾਲਿਆਂ ਉਤੇ ਸਿਧਾ ਜਾਂ ਟੇਡਾ ਅਸਰ ਹੋਇਆ ਮਾਲੂਮ ਹੁੰਦਾ ਹੈ। ਸਿੱਖ ਜਜ਼ਬਾਤਾਂ ਅਨੁਸਾਰ ਤੇ ਇਸ ਦਸਤਾਵੇਜ਼ ਦੀ ਸ਼ਬਦਾਵਲੀ ਐਸੀ ਹੋਣੀ ਚਾਹੀਦੀ ਸੀ ਜਿਸ ਤੋਂ ਮਹਿਸੂਸ ਹੋਵੇ ਕਿ ਖਾਲਸਤਾਨ ਦਾ ਐਲਾਨ ਸਿੱਖ ਧਰਮ, ਸਭਿਆਚਾਰ ਤੇ ਸੰਸਕ੍ਰਿਤੀ ਦੀ ਰਾਖੀ ਲਈ ਕਰਨਾ ਜ਼ਰੂਰੀ ਸੀ। ਇਸ ਦੀ ਸ਼ਬਦਾਵਲੀ ਤੋਂ ਇਸ ਤਰ੍ਹਾਂ ਭਾਸਣਾ ਚਾਹੀਦਾ ਸੀ ਜਿਸ ਤਰ੍ਹਾਂ ਕਿ ਇਹ ਐਲਾਨ ਸਵੈ ਰਖਿਆ ਲਈ ਕੀਤਾ ਗਿਆ ਹੈ। ਪਰ ਇਸ ਦਸਤਾਵੇਜ਼ ਦੀ ਸ਼ਬਦਾਵਲੀ ਤੋਂ ਇਸ ਤਰ੍ਹਾਂ ਲੱਗਦਾ ਹੈ ਜਿਸ ਤਰ੍ਹਾਂ ਕਿ ਸਿੱਖ ਆਪਣੀ ਪ੍ਰਫੁਲਤਾ ਲਈ ਵੱਖਰਾ ਖਾਲਿਸਤਾਨ ਚਾਹੁੰਦੇ ਹਨ। ਸਵੈ ਰਖਿਆ ਤੇ ਸਵੈ ਪ੍ਰਫੁਲਤਾ ਦੋਹਾਂ ਦੇ ਪ੍ਰਭਾਵ ਵਿਚ ਬਹੁਤ ਅੰਤਰ ਹੈ।

ਖਾਲਿਸਤਾਨ ਦੇ ਐਲਾਨ ਦੀ ਦਸਤਾਵੇਜ਼ ਦੀ ਕੀ ਸ਼ਬਦਾਵਲੀ ਹੈ ਤੇ ਇਸ ਦਾ ਗ਼ੈਰ ਸਿੱਖਾਂ ਉਤੇ ਕੀ ਪ੍ਰਭਾਵ ਪੈਂਦਾ ਹੈ ਇਸ ਦਾ ਆਮ ਸਾਧਾਰਨ ਸਿੱਖ ਉਤੇ ਕੋਈ ਖਾਸ ਅਸਰ ਨਹੀਂ। ਜੋ ਖਾਲਿਸਤਾਨ ਦੇ ਸਮਰਥਕ ਹਨ ਉਨ੍ਹਾਂ ਨੂੰ ਤੇ

Sant Sipahi - The oldest Panthic Magazine/ www.santsipahi.org

ਐਲਾਨ ਹੀ ਚਾਹੀਦਾ ਹੈ। ਉਹ ਤੇ ਇਹ ਸੁਣਨ ਨੂੰ ਵੀ ਤਿਆਰ ਨਹੀਂ ਕਿ ਜੇ ਖਾਲਿਸਤਾਨ ਬਣ ਜਾਵੇ ਤਾਂ ਜੋ ਸਮਸਿਆਵਾਂ ਖੜੀਆਂ ਹੋਣਗੀਆਂ ਉਨ੍ਹਾਂ ਨੂੰ ਹਲ ਕਰਨ ਵਾਸਤੇ ਉਹਨਾਂ ਕੋਲ ਕੀ ਸੁਝਾ ਹੈ ਜਿਸ ਤਰ੍ਹਾਂ ਕਿ ਪੰਜਾਬ ਖੇਤੀ ਦੀ ਉਪਜ ਕਰਨ ਵਾਲਾ ਸੂਬਾ ਹੈ। ਉਸ ਦੀ ਉਪਜ ਸਮੁਚੇ ਦੇਸ਼ ਵਿਚ ਜਾਂਦੀ ਹੈ। ਜੇ ਪੰਜਾਬ ਨੂੰ ਇਕ ਵੱਖਰਾ ਦੇਸ਼ ਬਣਾ ਦਿਤਾ ਗਿਆ ਤਾਂ ਇਸ ਦੀ ਉਪਜ ਦੀ ਖਪਤ ਲਈ ਮੰਡੀ ਕੇਹੜੀ ਹੋਵੇਗੀ? ਇਸ ਉਪਜ ਨੂੰ ਵੇਚੋਗੇ ਕੇਹੜੀ ਥਾਂ ਉਤੇ? ਫਿਰ ਖੇਤੀ ਵੀ ਅੱਜ ਕੱਲ ਇਕ ਸਨਅਤ ਹੋ ਗਈ ਹੈ ਜਿਸ ਲਈ ਲੋੜੀਂਦਾ ਮਾਲ ਬਾਹਰੋਂ ਲੈਣਾ ਪੈਂਦਾ ਹੈ। ਪੰਜਾਬ ਪਟਰੋਲ, ਡੀਜ਼ਲ ਤੇ ਕੋਲੇ ਆਦਿ ਤੋਂ ਕਿਸ ਤਰ੍ਹਾਂ ਵਾਂਝਾ ਰਹਿ ਕੇ ਆਪਣੀ ਹੋਂਦ ਕਾਇਮ ਰੱਖ ਸਕੇਗਾ? ਖਾਲਿਸਤਾਨ ਇਕ ਛੋਟਾ ਜੇਹਾ ਦੇਸ਼ ਹੋਵੇਗਾ ਜੋ ਕਿ ਭਾਰਤ ਤੇ ਪਾਕਿਸਤਾਨ ਦੋਹਾਂ ਦੇਸ਼ਾਂ ਦੇ ਵਿਚਕਾਰ ਘਿਰਿਆ ਹੋਇਆ ਹੋਵੇਗਾ। ਇਸ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਦੋਹਾਂ ਵਿਚੋਂ ਇਕ ਵੱਲ ਵੇਖਣਾ ਪਵੇਗਾ। ਫਿਰ ਕੀ ਇਹ ਚੰਗਾ ਨਹੀਂ ਕਿ ਪਾਕਿਸਤਾਨ ਜਿਥੇ ਸਿੱਖ ਹੁਣ ਕੋਈ ਵਿਰਲਾ ਹੀ ਹੈ ਨਾਲੋਂ ਅਸੀਂ ਭਾਰਤ ਨੂੰ ਤਰਜੀਹ ਦੇਈਏ ਜਿਸ ਦੇ ਕੋਨੇ ਕੋਨੇ ਵਿਚ ਸਿੱਖ ਫੈਲੇ ਹੋਏ ਹਨ। ਜੇ ਖਾਲਿਸਤਾਨ ਬਣਾ ਕੇ ਭਾਰਤ ਨਾਲ ਹੀ ਜੁੜਨਾ ਹੈ ਤਾਂ ਪਹਿਲਾਂ ਬਿਲਕੁਲ ਅਲਗ ਹੋਣ ਦੀ ਕੀ ਲੋੜ ਹੈ?

ਜੇ ਸਿੱਖ ਇਸੇ ਦੇਸ਼ ਵਿਚ ਆਤਮ ਨਿਰਣੇ ਦਾ ਅਧਿਕਾਰ ਲੈ ਕੇ ਆਪਣੀ ਹੋਂਦ ਤੇ ਅਜ਼ਾਦੀ ਬਰਕਰਾਰ ਰੱਖ ਸਕਦੇ ਹਨ ਤਾਂ ਵੱਖਰਾ ਦੇਸ਼ ਬਣਾ ਕੇ ਉਲਝਣਾਂ ਪੈਦਾ ਕਰਨ ਦਾ ਕੀ ਲਾਭ ਹੈ? ਇਸ ਤੋਂ ਇਲਾਵਾ ਸਿੱਖੀ ਪ੍ਰਚਾਰ ਲਈ ਭਾਰਤ ਇਕ ਬੜਾ ਵੱਡਾ ਖੇਤ੍ਰ ਹੈ। ਅਗੇ ਵੀ ਸਿੱਖਾਂ ਦੀ ਬਹੁ-ਗਿਣਤੀ ਹਿੰਦੂ ਸਮਾਜ ਵਿਚੋਂ ਹੀ ਸਿੰਘ ਸਜੀ ਹੋਈ ਹੋਈ ਹੈ ਤੇ ਅਗੋਂ ਵੀ ਹਿੰਦੂਆਂ ਨੇ ਹੀ ਸਿੰਘ ਸਜਣਾ ਹੈ। ਫਿਰ ਜਿਸ ਸਮਾਜ ਵਿਚ ਅਸੀਂ ਸਿੱਖੀ ਦਾ ਪ੍ਰਚਾਰ ਕਰਨਾ ਹੈ ਉਸ ਤੋਂ ਬਿਲਕੁਲ ਵੱਖਰਾ ਹੋਣ ਦਾ ਕੀ ਲਾਭ ਹੈ? ਮੁਸਲਮਾਨ ਮੁਲਕਾਂ ਵਿਚ ਤੇ ਕਿਸੇ ਦੂਜੇ ਧਰਮ ਦਾ ਪ੍ਰਚਾਰ ਮੁਸਲਮਾਣਾਂ ਵਿਚ ਨਹੀਂ ਕੀਤਾ ਜਾ ਸਕਦਾ। ਕੀ ਕੇਂਦਰੀ ਸਰਕਾਰ ਤੇ ਕਾਂਗਰਸ ਪਾਰਟੀ ਦੇ ਨਾਲ ਗੁਸੇ ਹੋ ਕੇ ਹਿੰਦੂ ਸਮਾਜ ਨਾਲੋਂ ਹੀ ਨਾਤਾ ਤੋੜ ਲੈਣਾ ਸਾਡੇ ਲਈ ਲਾਭਵੰਦ ਰਵ੍ਹੇਗਾ?

ਇਹ ਠੀਕ ਹੈ ਕਿ ਦੇਸ਼ ਦੀ ਇਸ ਵਕਤ ਹਾਕਮ ਪਾਰਟੀ ਕਾਂਗਰਸ ਹੈ। ਕਾਂਗਰਸ ਵਾਲਿਆਂ ਨੇ ਸਾਰੇ ਦੇਸ਼ ਵਿਚ ਸਿੱਖਾਂ ਨੂੰ ਕੁਟਿਆ ਤੇ ਕੁਟਵਾਇਆ ਹੈ। ਪਰ ਇਸ ਤੇਸ਼ ਵਿਚ ਉਹ

# 29 ਅਪਰੈਲ ਨੂੰ ਐਲਾਨ ਕਿਉਂ?

ਖਿਆਲ ਸੀ ਦਰਬਾਰ ਸਾਹਿਬ ਤੋਂ ਖਾਲਸਤਾਨ ਦਾ ਐਲਾਨ ਵਿਸਾਖੀ ਵਾਲੇ ਦਿਨ ਕਰ ਦਿੱਤਾ ਜਾਵੇਗਾ। ਉਸ ਦੇ ਨੇੜ ਤੇੜ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਤੇ ਪੰਜ ਮੈਂਬਰੀ ਪੰਥਕ ਕਮੇਟੀ ਦੀ ਆਪਸ ਵਿਚ ਖਟ ਪਟ ਹੋ ਗਈ। ਭਾਈ ਜਗਜ਼ੀਤ ਸਿੰਘ ਜੀ ਰੋਡੇ, ਮਾਰੇ ਜਾਂ ਹਾਦਸੇ ਵਿਚ ਅਕਾਲ ਚਲਾਣਾ ਕਰ ਗਏ ਤੇ ਉਨ੍ਹਾਂ ਦੇ ਭੋਗ ਸਮੇਂ ਸਿਖ ਸਟੂਡੈਂਟ ਫ਼ੈਡਰੇਸ਼ਨ ਦੇ ਜੋਧਪੁਰ ਜੇਲ੍ਹ ਵਿਚ ਬੰਦ ਲੀਡਰਾਂ ਨੇ ਸਟੂਡੈਂਟ ਫ਼ਡਰੇਸ਼ਨ ਦੇ ਕਨਵੀਨਰ ਸਰਦਾਰ ਹਰਿੰਦਰ ਸਿੰਘ ਕਾਹਲੋਂ ਨੂੰ ਹਟਾਕੇ ਉਸ ਦੀ ਥਾਂ ਪੰਜ ਮੈਂਬਰੀ ਫ਼ੈਡਰੇਸ਼ਨ ਦੀ ਪ੍ਰਜ਼ੀਡੀਅਮ ਬਣਾ ਦਿਤੀ। ਇਸ ਪ੍ਰਜੀਡੀਅਮ ਨੂੰ ਭਾਈ ਗੁਰਦੇਵ ਸਿੰਘ ਜੀ ਨੇ ਮਾਨਤਾ ਦਿਤੀ ਹੈ। ਕਾਹਲੋਂ ਗਰੁਪ ਉਨ੍ਹਾਂ ਨਾਲ ਨਰਾਜ਼ ਹੋ ਗਿਆ ਤੇ ਉਨ੍ਹਾਂ ਦੇ ਖਿਲਾਫ ਕਾਹਲੋਂ ਧੜੇ ਦੇ ਬੰਦਿਆਂ ਨੇ ਬਿਆਨ ਵੀ ਦਿਤੇ। ਇਸ ਤਰ੍ਹਾਂ ਦੋ ਧੜੇ ਹੋਣ ਕਰਕੇ ਖਾਲਸਤਾਨ ਦਾ ਐਲਾਨ ਅਪ੍ਰੈਲ ਵਾਲੇ ਦਿਨ ਨਾ ਕੀਤਾ ਗਿਆ। ਹੁਣ ਖਿਆਲ ਸੀ ਕਿ ਬਲਿਊ ਸਟਾਰ ਓਪਰੇਸ਼ਨ ਦੀ ਦੂਜੀ ਬਰਸੀ ਵਾਲੇ ਦਿਨ ਚਾਰ ਜੂਨ ਨੂੰ ਦਰਬਾਰ ਸਾਹਿਬ ਤੋਂ ਖਾਲਸਤਾਨ ਦੀ ਸਥਾਪਨਾ ਦਾ ਐਲਾਨ ਕੀਤਾ ਜਾਵੇਗਾ।

29 ਅਪ੍ਰੈਲ ਨੂੰ ਤੇ ਐਲਾਨ ਹੋਣ ਦਾ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ। ਇਸ ਤਰ੍ਹਾਂ ਇਕ ਦਮ ਖਾਲਸਤਾਨ ਦਾ ਐਲਾਨ ਹੋਣਾ ਵੀ ਸਰਕਾਰ ਦੀਆਂ ਖੁਫੀਆਂ ਏਜੰਸੀਆਂ ਲਈ ਵੀ ਹੈਰਾਨ ਕਰਨ ਵਾਲੀ ਗੱਲ ਸੀ। ਸਰਕਾਰੀ ਖੁਫੀਆ ਏਜੰਸੀਆਂ ਦੀ ਜਾਣਕਾਰੀ ਅਨੁਸਾਰ ਬਲਿਊ ਸਟਾਰ ਓਪਰੇਸ਼ਨ ਤੋਂ ਬਾਅਦ ਜੋ ਖਾਲਸਤਾਨੀਏ ਬਦੇਸ਼ਾਂ ਵਿਚ ਦੌੜ ਗਏ ਸਨ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ ਵਾਪਿਸ ਮੰਗਵਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਸਨ। ਉਨ੍ਹਾਂ ਨੇ ਪੰਜਾਬ ਵਿਚ ਆਪਣੇ ਸਾਥੀਆਂ ਉਤੇ ਦਬਾ ਪਾਇਆ ਕਿ ਖਾਲਸਤਾਨ ਦਾ ਐਲਾਨ ਫੌਰਨ ਕੀਤਾ ਜਾਵੇ ਕਿਉਂਕਿ ਸਿਖਾਂ ਦੇ ਕੇਂਦਰੀ ਧਾਰਮਿਕ ਸਥਾਨ ਤੋਂ ਖਾਲਸਤਾਨ ਦਾ ਐਲਾਨ ਹੋਣ ਨਾਲ ਇਹ ਮਹਿਸੂਸ ਹੋਵੇਗਾ ਕਿ ਸਿਖ ਆਪਣੀ ਅਜ਼ਾਦੀ ਦੀ ਲੜਾਈ ਲੜ ਰਹੇ ਹਨ ਤੇ ਉਨ੍ਹਾਂ ਨੂੰ ਕਈ ਮੁਲਕਾਂ ਵਿਚ ਰਾਜਸੀ ਪਨਾਹ ਮਿਲ ਸਕੇਗੀ।

ਜਿਨ੍ਹਾਂ ਸਿਖਾਂ ਨੂੰ ਬਦੇਸ਼ਾਂ ਵਿਚੋਂ ਕਢੇ ਜਾਣ ਦਾ ਖਤਰਾ ਹੈ ਉਹ ਚਾਰ ਜੂਨ ਤਕ ਉਡੀਕਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਦੇ ਦਬਾ ਥਲੇ 29 ਅਪ੍ਰੈਲ ਨੂੰ ਹੀ ਖਾਲਸਤਾਨ ਦਾ ਐਲਾਨ ਕਰ ਦਿਤਾ ਗਿਆ।

ਕਈ ਖੁਫੀਆ ਵਿਭਾਗ ਵਾਲੇ ਤੇ ਅਖਬਾਰਾਂ ਵਾਲੇ ਇਹ ਵੀ ਕਿਆਫੇ ਲਗਾਂਦੇ ਹਨ ਕਿ ਚਾਰ ਜੂਨ ਦੀ ਥਾਂ 29 ਅਪ੍ਰੈਲ ਨੂੰ ਹੀ ਖਾਲਸਤਾਨ ਦਾ ਐਲਾਨ ਕਰਵਾਉਣ ਵਿਚ ਪਾਕਿਸਤਾਨ ਦਾ ਹੱਥ ਹੈ ਕਿਉਂਕਿ ਪਾਕਿਸਤਾਨ ਦੀ ਫੌਜੀ ਹਕੂਮਤ ਦੇ ਖਿਲਾਫ ਬੇ-ਨਜ਼ੀਰ ਭੁਟੋ ਨੇ ਪਾਕਿਸਤਾਨੀ ਅਵਾਮ ਦੇ ਜਜ਼ਬਾਤ ਉਭਾਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜ਼ਿਆ ਸਿਖਾਂ ਦੀ ਮਦਦ ਕਰ ਰਿਹਾ ਹੈ ਤੇ ਜੇ ਖਾਲਸਤਾਨ ਬਣ ਗਿਆ ਤਾਂ ਸਿਖਾਂ ਨੇ ਲਾਹੌਰ ਵੀ ਮੰਗਣਾ ਹੈ ਜੋ ਕਦੀ ਸਿਖ ਰਾਜ ਦੀ ਰਾਜਧਾਨੀ ਹੁੰਦੀ ਸੀ। ਪਾਕਿਸਤਾਨੀ ਅਵਾਮ ਨੂੰ ਠੰਡਾ ਕਰਨ ਲਈ ਕਿ ਉਹ ਜਨਰਲ ਜ਼ਿਆ ਦੀ ਸਿਖਾਂ ਦੀ ਖਾਲਸਤਾਨ ਲਈ ਮਦਦ ਕਾਰਨ ਉਸਦੇ ਖਿਲਾਫ ਨਾ ਹੋਣ ਇਸ ਲਈ ਨਵੇਂ ਕੀਤੇ ਗਏ ਖਾਲਸਤਾਨ ਦੇ ਐਲਾਨ ਅਨੁਸਾਰ ਕਾਲਸਤਾਨ ਦੀ ਰਾਜਧਾਨੀ ਦਿਲੀ ਮਿਥੀ ਗਈ ਹੈ।

ਅਸਲ ਵਿਚ ਪੰਜ ਮੈਂਬਰੀ ਦੇ ਮੈਂਬਰ ਸਰਕਾਰੀ ਭਗੌੜੇ ਤੇ ਅਗੇ ਹੀ ਸਨ, ਉਨ੍ਹਾਂ ਨੇ ਕਿਹਾ ਕਿ ਗੱਲ ਵਡੀ ਕਰੀਏ ਸਾਨੂੰ ਕੇਹੜਾ ਕੋਈ ਫ਼ਰਕ ਪੈਂਦਾ ਹੈ। ਜਿਥੇ ਅਗੇ ਇਤਨੀਆਂ ਦਫਾ ਲਗੀਆਂ ਹੋਈਆਂ ਹਨ ਉਥੇ ਦੋ ਹੋਰ ਲਗ ਜਾਣਗੀਆਂ। ਪੰਥਕ ਕਮੇਟੀ ਦੇ ਮੈਂਬਰ ਖਾਲਸਤਾਨ ਦੀ ਰਾਜਧਾਨੀ ਲਾਹੌਰ ਕਹਿਕੇ ਪਾਕਿਸਤਾਨ ਨੂੰ ਗੁਸੇ ਨਹੀਂ ਕਰ ਸਕਦੇ ਜਿਥੇ ਉਨ੍ਹਾਂ ਨੂੰ ਵੇਲੇ-ਕੁ-ਵੇਲੇ ਪਨਾਹ ਮਿਲਣ ਦੀ ਆਸ ਹੋ ਸਕਦੀ ਹੈ। ਇਸ ਕਰਕੇ ਇਨ੍ਹਾਂ ਨੇ ਰਾਜਧਾਨੀ ਦਿਲੀ ਕਹਿ ਦਿਤੀ ਹੋਈ ਹੈ।

ਇਸ ਤਰ੍ਹਾਂ ਖਾਲਸਤਾਨ ਦਾ ਐਲਾਨ ਤੇ ਸੰਤ ਭਿੰਡਰਾਂਵਾਲਿਆਂ ਨੇ ਵੀ ਨਹੀਂ ਕੀਤਾ ਸੀ। ਉਹ ਤੇ ਇਹ ਹੀ ਕਹਿੰਦੇ ਸਨ ਕਿ ਜੇ ਸਰਕਾਰ ਨੇ ਸਾਨੂੰ ਖਾਤਸਤਾਨ ਦਿਤਾ ਤਾਂ ਅਸੀਂ ਇਨਕਾਰ ਨਹੀਂ ਕਰਾਂਗੇ ਪਰ ਉਨ੍ਹਾਂ ਦੇ ਚੇਲੇ ਉਨ੍ਹਾਂ ਨਾਲੋਂ ਚਾਰ ਕਦਮ ਅਗੇ ਲੰਘ ਗਏ ਹਨ ਤੇ ਉਨ੍ਹਾਂ ਨੇ ਸਿਧਾ ਹੀ ਖਾਲਸਤਾਨ ਦਾ ਐਲਾਨ ਕਰ ਦਿਤਾ ਹੈ।

Sant Sipahi - The oldest Panthic Magazine/ www.santsipahi.org

ਐਲਾਨ ਹੀ ਚਾਹੀਦਾ ਹੈ। ਉਹ ਤੇ ਇਹ ਸੁਣਨ ਨੂੰ ਵੀ ਤਿਆਰ ਨਹੀਂ ਕਿ ਜੇ ਖਾਲਿਸਤਾਨ ਬਣ ਜਾਵੇ ਤਾਂ ਜੋ ਸਮਸਿਆਵਾਂ ਖੜੀਆਂ ਹੋਣਗੀਆਂ ਉਨ੍ਹਾਂ ਨੂੰ ਹਲ ਕਰਨ ਵਾਸਤੇ ਉਹਨਾਂ ਕੋਲ ਕੀ ਸੁਝਾ ਹੈ ਜਿਸ ਤਰ੍ਹਾਂ ਕਿ ਪੰਜਾਬ ਖੇਤੀ ਦੀ ਉਪਜ ਕਰਨ ਵਾਲਾ ਸੂਬਾ ਹੈ। ਉਸ ਦੀ ਉਪਜ ਸਮੁਚੇ ਦੇਸ਼ ਵਿਚ ਜਾਂਦੀ ਹੈ। ਜੇ ਪੰਜਾਬ ਨੂੰ ਇਕ ਵੱਖਰਾ ਦੇਸ਼ ਬਣਾ ਦਿਤਾ ਗਿਆ ਤਾਂ ਇਸ ਦੀ ਉਪਜ ਦੀ ਖਪਤ ਲਈ ਮੰਡੀ ਕੋਹੜੀ ਹੋਵੇਗੀ? ਇਸ ਉਪਜ ਨੂੰ ਵੇਚੋਂਗੇ ਕੇਹੜੀ ਥਾਂ ਉਤੇ? ਫਿਰ ਖੇਤੀ ਵੀ ਅੱਜ ਕੱਲ ਇਕ ਸਨਅਤ ਹੋ ਗਈ ਹੈ ਜਿਸ ਲਈ ਲੋੜੀਂਦਾ ਮਾਲ ਬਾਹਰੋਂ ਲੈਣਾ ਪੈਂਦਾ ਹੈ। ਪੰਜਾਬ ਪਟਰੋਲ, ਡੀਜ਼ਲ ਤੇ ਕੋਲੇ ਆਦਿ ਤੋਂ ਕਿਸ ਤਰ੍ਹਾਂ ਵਾਂਝਾ ਰਹਿ ਕੇ ਆਪਣੀ ਹੋਂਦ ਕਾਇਮ ਰੱਖ ਸਕੇਗਾ? ਖਾਲਿਸਤਾਨ ਇਕ ਛੋਟਾ ਜੇਹਾ ਦੇਸ਼ ਹੋਵੇਗਾ ਜੋ ਕਿ ਭਾਰਤ ਤੇ ਪਾਕਿਸਤਾਨ ਦੋਹਾਂ ਦੇਸ਼ਾਂ ਦੇ ਵਿਚਕਾਰ ਘਿਰਿਆ ਹੋਇਆ ਹੋਵੇਗਾ। ਇਸ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਦੋਹਾਂ ਵਿਚੋਂ ਇਕ ਵੱਲ ਵੇਖਣਾ ਪਵੇਗਾ। ਫਿਰ ਕੀ ਇਹ ਚੰਗਾ ਨਹੀਂ ਕਿ ਪਾਕਿਸਤਾਨ ਜਿਥੇ ਸਿੱਖ ਹੁਣ ਕੋਈ ਵਿਰਲਾ ਹੀ ਹੈ ਨਾਲੋਂ ਅਸੀਂ ਭਾਰਤ ਨੂੰ ਤਰਜੀਹ ਦੇਈਏ ਜਿਸ ਦੇ ਕੋਨੇ ਕੋਨੇ ਵਿਚ ਸਿੱਖ ਫੈਲੇ ਹੋਏ ਹਨ। ਜੇ ਖਾਲਿਸਤਾਨ ਬਣਾ ਕੇ ਭਾਰਤ ਨਾਲ ਹੀ ਜੁੜਨਾ ਹੈ ਤਾਂ ਪਹਿਲਾਂ ਬਿਲਕੁਲ ਅਲਗ ਹੋਣ ਦੀ ਕੀ ਲੋੜ ਹੈ?

ਜੇ ਸਿੱਖ ਇਸੇ ਦੇਸ਼ ਵਿਚ ਆਤਮ ਨਿਰਣੇ ਦਾ ਅਧਿਕਾਰ ਲੈ ਕੇ ਆਪਣੀ ਹੋਂਦ ਤੇ ਅਜ਼ਾਦੀ ਬਰਕਰਾਰ ਰੱਖ ਸਕਦੇ ਹਨ ਤਾਂ ਵੱਖਰਾ ਦੇਸ਼ ਬਣਾ ਕੇ ਉਲਝਣਾਂ ਪੈਦਾ ਕਰਨ ਦਾ ਕੀ ਲਾਭ ਹੈ? ਇਸ ਤੋਂ ਇਲਾਵਾ ਸਿੱਖੀ ਪ੍ਰਚਾਰ ਲਈ ਭਾਰਤ ਇਕ ਬੜਾ ਵੱਡਾ ਖੇਤ੍ਰ ਹੈ। ਅਗੇ ਵੀ ਸਿੱਖਾਂ ਦੀ ਬਹੁ-ਗਿਣਤੀ ਹਿੰਦੂ ਸਮਾਜ ਵਿਚੋਂ ਹੀ ਸਿੰਘ ਸਜੀ ਹੋਈ ਹੋਈ ਹੈ ਤੇ ਅਗੋਂ ਵੀ ਹਿੰਦੂਆਂ ਨੇ ਹੀ ਸਿੰਘ ਸਜਣਾ ਹੈ। ਫਿਰ ਜਿਸ ਸਮਾਜ ਵਿਚ ਅਸੀਂ ਸਿੱਖੀ ਦਾ ਪ੍ਰਚਾਰ ਕਰਨਾ ਹੈ ਉਸ ਤੋਂ ਬਿਲਕੁਲ ਵੱਖਰਾ ਹੋਣ ਦਾ ਕੀ ਲਾਭ ਹੈ? ਮੁਸਲਮਾਨ ਮੁਲਕਾਂ ਵਿਚ ਤੇ ਕਿਸੇ ਦੂਜੇ ਧਰਮ ਦਾ ਪ੍ਰਚਾਰ ਮੁਸਲਮਾਣਾਂ ਵਿਚ ਨਹੀਂ ਕੀਤਾ ਜਾ ਸਕਦਾ। ਕੀ ਕੇਂਦਰੀ ਸਰਕਾਰ ਤੇ ਕਾਂਗਰਸ ਪਾਰਟੀ ਦੇ ਨਾਲ ਗੁਸੇ ਹੋ ਕੇ ਹਿੰਦੂ ਸਮਾਜ ਨਾਲੋਂ ਹੀ ਨਾਤਾ ਤੋੜ ਲੈਣਾ ਸਾਡੇ ਲਈ ਲਾਭਵੰਦ ਰਵ੍ਹੇਗਾ?

ਇਹ ਠੀਕ ਹੈ ਕਿ ਦੇਸ਼ ਦੀ ਇਸ ਵਕਤ ਹਾਕਮ ਪਾਰਟੀ ਕਾਂਗਰਸ ਹੈ। ਕਾਂਗਰਸ ਵਾਲਿਆਂ ਨੇ ਸਾਰੇ ਦੇਸ਼ ਵਿਚ ਸਿੱਖਾਂ ਨੂੰ ਕੁਟਿਆ ਤੇ ਕੁਟਵਾਇਆ ਹੈ। ਪਰ ਇਸ ਦੇਸ਼ ਵਿਚ ਉਹ

# 29 ਅਪ੍ਰੈਲ ਨੂੰ ਐਲਾਨ ਕਿਉਂ?

ਖਿਆਲ ਸੀ ਦਰਬਾਰ ਸਾਹਿਬ ਤੋਂ ਖਾਲਸਤਾਨ ਦਾ ਐਲਾਨ ਵਿਸਾਖੀ ਵਾਲੇ ਦਿਨ ਕਰ ਦਿੱਤਾ ਜਾਵੇਗਾ। ਉਸ ਦੇ ਨੇੜ ਤੇੜ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਤੇ ਪੰਜ ਮੈਂਬਰੀ ਪੰਥਕ ਕਮੇਟੀ ਦੀ ਆਪਸ ਵਿਚ ਖਟ ਪਟ ਹੋ ਗਈ। ਭਾਈ ਜਗਜੀਤ ਸਿੰਘ ਜੀ ਰੋਡੇ, ਮਾਰੇ ਜਾਂ ਹਾਦਸੇ ਵਿਚ ਅਕਾਲ ਚਲਾਣਾ ਕਰ ਗਏ ਤੇ ਉਨ੍ਹਾਂ ਦੇ ਭੋਗ ਸਮੇਂ ਸਿਖ ਸਟੂਡੈਂਟ ਫ਼ੈਡਰੇਸ਼ਨ ਦੇ ਜੋਧਪੁਰ ਜੇਲ੍ਹ ਵਿਚ ਬੰਦ ਲੀਡਰਾਂ ਨੇ ਸਟੂਡੈਂਟ ਫ਼ਡਰੇਸ਼ਨ ਦੇ ਕਨਵੀਨਰ ਸਰਦਾਰ ਹਰਿੰਦਰ ਸਿੰਘ ਕਾਹਲੋਂ ਨੂੰ ਹਟਾਕੇ ਉਸ ਦੀ ਥਾਂ ਪੰਜ ਮੈਂਬਰੀ ਫ਼ੈਡਰੇਸ਼ਨ ਦੀ ਪ੍ਰਜ਼ੀਡੀਅਮ ਬਣਾ ਦਿਤੀ। ਇਸ ਪ੍ਰਜੀਡੀਅਮ ਨੂੰ ਭਾਈ ਗੁਰਦੇਵ ਸਿੰਘ ਜੀ ਨੇ ਮਾਨਤਾ ਦਿਤੀ ਹੈ। ਕਾਹਲੋਂ ਗਰੁਪ ਉਨ੍ਹਾਂ ਨਾਲ ਨਰਾਜ਼ ਹੋ ਗਿਆ ਤੇ ਉਨ੍ਹਾਂ ਦੇ ਖਿਲਾਫ ਕਾਹਲੋਂ ਧੜੇ ਦੇ ਬੰਦਿਆਂ ਨੇ ਬਿਆਨ ਵੀ ਦਿਤੇ। ਇਸ ਤਰ੍ਹਾਂ ਦੋ ਧੜੇ ਹੋਣ ਕਰਕੇ ਖਾਲਸਤਾਨ ਦਾ ਐਲਾਨ ਅਪ੍ਰੈਲ ਵਾਲੇ ਦਿਨ ਨਾ ਕੀਤਾ ਗਿਆ। ਹੁਣ ਖਿਆਲ ਸੀ ਕਿ ਬਲਿਊ ਸਟਾਰ ਓਪਰੇਸ਼ਨ ਦੀ ਦੂਜੀ ਬਰਸੀ ਵਾਲੇ ਦਿਨ ਚਾਰ ਜੂਨ ਨੂੰ ਦਰਬਾਰ ਸਾਹਿਬ ਤੋਂ ਖਾਲਸਤਾਨ ਦੀ ਸਥਾਪਨਾ ਦਾ ਐਲਾਨ ਕੀਤਾ ਜਾਵੇਗਾ।

29 ਅਪ੍ਰੈਲ ਨੂੰ ਤੇ ਐਲਾਨ ਹੋਣ ਦਾ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ। ਇਸ ਤਰ੍ਹਾਂ ਇਕ ਦਮ ਖਾਲਸਤਾਨ ਦਾ ਐਲਾਨ ਹੋਣਾ ਵੀ ਸਰਕਾਰ ਦੀਆਂ ਖੁਫੀਆਂ ਏਜੰਸੀਆਂ ਲਈ ਵੀ ਹੈਰਾਨ ਕਰਨ ਵਾਲੀ ਗੱਲ ਸੀ। ਸਰਕਾਰੀ ਖੁਫੀਆ ਏਜੰਸੀਆਂ ਦੀ ਜਾਣਕਾਰੀ ਅਨੁਸਾਰ ਬਲਿਊ ਸਟਾਰ ਓਪਰੇਸ਼ਨ ਤੋਂ ਬਾਅਦ ਜੋ ਖਾਲਸਤਾਨੀਏ ਬਦੇਸ਼ਾਂ ਵਿਚ ਦੌੜ ਗਏ ਸਨ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ ਵਾਪਿਸ ਮੰਗਵਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਸਨ। ਉਨ੍ਹਾਂ ਨੇ ਪੰਜਾਬ ਵਿਚ ਆਪਣੇ ਸਾਥੀਆਂ ਉਤੇ ਦਬਾ ਪਾਇਆ ਕਿ ਖਾਲਸਤਾਨ ਦਾ ਐਲਾਨ ਫੋਰਨ ਕੀਤਾ ਜਾਵੇ ਕਿਉਂਕਿ ਸਿਖਾਂ ਦੇ ਕੇਂਦਰੀ ਧਾਰਮਿਕ ਸਥਾਨ ਤੋਂ ਖਾਲਸਤਾਨ ਦਾ ਐਲਾਨ ਹੋਣ ਨਾਲ ਇਹ ਮਹਿਸੂਸ ਹੋਵੇਗਾ ਕਿ ਸਿਖ ਆਪਣੀ ਅਜ਼ਾਦੀ ਦੀ ਲੜਾਈ ਲੜ ਰਹੇ ਹਨ ਤੇ ਉਨ੍ਹਾਂ ਨੂੰ ਕਈ ਮੁਲਕਾਂ ਵਿਚ ਰਾਜਸੀ ਪਨਾਹ ਮਿਲ ਸਕੇਗੀ। ਜਿਨ੍ਹਾਂ ਸਿਖਾਂ ਨੂੰ ਬਦੇਸ਼ਾਂ ਵਿਚੋਂ ਕਢੇ ਜਾਣ ਦਾ ਖਤਰਾ ਹੈ ਉਹ ਚਾਰ ਜੂਨ ਤਕ ਉਡੀਕਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਦੇ ਦਬਾ ਥਲੇ 29 ਅਪ੍ਰੈਲ ਨੂੰ ਹੀ ਖਾਲਸਤਾਨ ਦਾ ਐਲਾਨ ਕਰ ਦਿਤਾ ਗਿਆ।

ਕਈ ਖੁਫੀਆ ਵਿਭਾਗ ਵਾਲੇ ਤੇ ਅਖਬਾਰਾਂ ਵਾਲੇ ਇਹ ਵੀ ਕਿਆਫੇ ਲਗਾਂਦੇ ਹਨ ਕਿ ਚਾਰ ਜੂਨ ਦੀ ਥਾਂ 29 ਅਪ੍ਰੈਲ ਨੂੰ ਹੀ ਖਾਲਸਤਾਨ ਦਾ ਐਲਾਨ ਕਰਵਾਉਣ ਵਿਚ ਪਾਕਿਸਤਾਨ ਦਾ ਹੱਥ ਹੈ ਕਿਉਂਕਿ ਪਾਕਿਸਤਾਨ ਦੀ ਫੌਜੀ ਹਕੂਮਤ ਦੇ ਖਿਲਾਫ ਬੇ-ਨਜ਼ੀਰ ਭੁਟੋ ਨੇ ਪਾਕਿਸਤਾਨੀ ਅਵਾਮ ਦੇ ਜਜ਼ਬਾਤ ਉਭਾਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜ਼ਿਆ ਸਿਖਾਂ ਦੀ ਮਦਦ ਕਰ ਰਿਹਾ ਹੈ ਤੇ ਜੇ ਖਾਲਸਤਾਨ ਬਣ ਗਿਆ ਤਾਂ ਸਿਖਾਂ ਨੇ ਲਾਹੌਰ ਵੀ ਮੰਗਣਾ ਹੈ ਜੋ ਕਦੀ ਸਿਖ ਰਾਜ ਦੀ ਰਾਜਧਾਨੀ ਹੁੰਦੀ ਸੀ। ਪਾਕਿਸਤਾਨੀ ਅਵਾਮ ਨੂੰ ਠੰਡਾ ਕਰਨ ਲਈ ਕਿ ਉਹ ਜਨਰਲ ਜ਼ਿਆ ਦੀ ਸਿਖਾਂ ਦੀ ਖਾਲਸਤਾਨ ਲਈ ਮਦਦ ਕਾਰਨ ਉਸਦੇ ਖਿਲਾਫ ਨਾ ਹੋਣ ਇਸ ਲਈ ਨਵੇਂ ਕੀਤੇ ਗਏ ਖਾਲਸਤਾਨ ਦੇ ਐਲਾਨ ਅਨੁਸਾਰ ਖਾਲਸਤਾਨ ਦੀ ਰਾਜਧਾਨੀ ਦਿਲੀ ਮਿਥੀ ਗਈ ਹੈ।

ਅਸਲ ਵਿਚ ਪੰਜ ਮੈਂਬਰੀ ਦੇ ਮੈਂਬਰ ਸਰਕਾਰੀ ਭਗੌੜੇ ਤੇ ਅਗੇ ਹੀ ਸਨ, ਉਨ੍ਹਾਂ ਨੇ ਕਿਹਾ ਕਿ ਗੱਲ ਵਡੀ ਕਰੀਏ ਸਾਨੂੰ ਕੇਹੜਾ ਕੋਈ ਫ਼ਰਕ ਪੈਂਦਾ ਹੈ। ਜਿਥੇ ਅਗੇ ਇਤਨੀਆਂ ਦਫਾ ਲਗੀਆਂ ਹੋਈਆਂ ਹਨ ਉਥੇ ਦੋ ਹੋਰ ਲਗ ਜਾਣਗੀਆਂ। ਪੰਥਕ ਕਮੇਟੀ ਦੇ ਮੈਂਬਰ ਖਾਲਸਤਾਨ ਦੀ ਰਾਜਧਾਨੀ ਲਾਹੌਰ ਕਹਿਕੇ ਪਾਕਿਸਤਾਨ ਨੂੰ ਗੁਸੇ ਨਹੀਂ ਕਰ ਸਕਦੇ ਜਿਥੇ ਉਨ੍ਹਾਂ ਨੂੰ ਵੇਲੇ-ਕੁ-ਵੇਲੇ ਪਨਾਹ ਮਿਲਣ ਦੀ ਆਸ ਹੋ ਸਕਦੀ ਹੈ। ਇਸ ਕਰਕੇ ਇਨ੍ਹਾਂ ਨੇ ਰਾਜਧਾਨੀ ਦਿਲੀ ਕਹਿ ਦਿਤੀ ਹੋਈ ਹੈ।

ਇਸ ਤਰ੍ਹਾਂ ਖਾਲਸਤਾਨ ਦਾ ਐਲਾਨ ਤੇ ਸੰਤ ਭਿੰਡਰਾਂਵਾਲਿਆਂ ਨੇ ਵੀ ਨਹੀਂ ਕੀਤਾ ਸੀ। ਉਹ ਤੇ ਇਹ ਹੀ ਕਹਿੰਦੇ ਸਨ ਕਿ ਜੇ ਸਰਕਾਰ ਨੇ ਸਾਨੂੰ ਖਾਤਸਤਾਨ ਦਿਤਾ ਤਾਂ ਅਸੀਂ ਇਨਕਾਰ ਨਹੀਂ ਕਰਾਂਗੇ ਪਰ ਉਨ੍ਹਾਂ ਦੇ ਚੇਲੇ ਉਨ੍ਹਾਂ ਨਾਲੋਂ ਚਾਰ ਕਦਮ ਅਗੇ ਲੰਘ ਗਏ ਹਨ ਤੇ ਉਨ੍ਹਾਂ ਨੇ ਸਿਧਾ ਹੀ ਖਾਲਸਤਾਨ ਦਾ ਐਲਾਨ ਕਰ ਦਿਤਾ ਹੈ।

Sant Sipahi - The oldest Panthic Magazine/ www.santsipahi.org

# ਖ਼ਾਲਸਤਾਨ ਐਲਾਨ ਦੀ ਦਸਤਾਵੇਜ਼

**ਨੋਟ : ਪੰਜ ਮੈਂਬਰੀ ਪੰਥਕ ਕਮੇਟੀ ਵਲੋਂ 29 ਅਪਰੈਲ 86 ਨੂੰ ਰਲੀਜ਼ ਕੀਤੀ ਹੋਈ, ਖਾਲਸਤਾਨ, ਸਬੰਧੀ ਦਸਤਾਵੇਜ਼ ਦੇ ਕੁਝ ਅੰਸ਼ ਕਈ ਅਖ਼ਬਾਰਾਂ ਰਸਾਲਿਆਂ ਨੇ ਛਾਪੇ ਹਨ ਪਰ ਅਸੀਂ ਇਹ ਪੂਰੀ ਛਾਪ ਰਹੇ ਹਾਂ ਤਾਂ ਕਿ ਪਾਠਕ ਇਸ ਦੀ ਸ਼ਬਦਾਵਲੀ ਤੋਂ ਹੀ ਪੰਥਕ ਕਮੇਟੀ ਦੀ ਮਾਨਸਿਕ ਤੇ ਸਿਧਾਂਤਕ ਦ੍ਰਿਸ਼ਟੀਕੋਣ ਦਾ ਅੰਦਾਜ਼ਾ ਲਗਾ ਲੈਣ।**

—ਐਡੀਟਰ

ੴ ਵਾਹਿਗੁਰੂ ਜੀ ਕੀ ਫਤਹਿ ॥

## ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਪੰਥਕ ਪੰਜ ਮੈਂਬਰੀ ਕਮੇਟੀ

1699 ਈ: ਦੀ ਵਿਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਹੋਇਆ ਪੰਥ ਖਾਲਸਾ ਇਕ ਵਾਰ ਮੁੜ ਫੇਰ "ਧਰਿ ਤੇਜ ਕਰਾਰਾ" ਗੁਰੂ ਜੀ ਦੇ ਬਖਸ਼ੇ ਹੋਏ "ਰਾਜ ਕਰੇਗਾ ਖਾਲਸਾ" ਦਾ, 26 ਜਨਵਰੀ 1986 ਦੇ ਸਰਬੱਤ ਖਾਲਸਾ ਰੁਆਰਾ ਸਾਜੀ ਹੋਈ ਪੰਜ ਮੈਂਬਰੀ ਪੰਥਕ ਕਮੇਟੀ ਰਾਹੀ, "ਖਾਲਿਸਤਾਨ" ਦਾ ਸਿੱਖ ਸੰਗਤਾਂ ਦਾ ਸੁਪਨਾ ਸਕਾਰ ਕਰਦਾ ਹੈ।

ਅੱਜ ਦੇ ਸੁਭਾਗ ਦਿਹਾੜੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਸਾਰੀ ਦੁਨੀਆਂ ਅਤੇ ਸਾਰੇ ਮੁਲਕਾਂ ਦੀਆਂ ਸਰਕਾਰਾਂ/ਹਕੂਮਤਾਂ ਦੇ ਸਾਹਮਣੇ ਐਲਾਨ ਕਰਦਾ ਹੈ ਅਤੇ ਉਹਨਾਂ ਨੂੰ ਸੂਚਿਤ ਕਰਦਾ ਹੈ ਕਿ ਅੱਜ ਤੋਂ ਖਾਲਸਾ ਪੰਥ ਦਾ ਆਪਣਾ ਘਰ "ਖਾਲਿਸਤਾਨ" ਹੋਵੇਗਾ ਇਥੇ ਸਿੱਖਾਂ ਦੇ ਬੋਲਬਾਲੇ, ਝੰਡੇ ਬੁੰਗੇ ਅਤੇ ਚੌਕੀਆਂ ਸਦਾ ਲਈ ਅਟੱਲ ਹੋਣਗੀਆਂ। ਇਥੇ ਸਰਬੱਤ ਦਾ ਭਲਾ ਮੰਗਣ ਵਾਲਿਆਂ ਅਤੇ ਦਸਾਂ ਨੂਹਾਂ ਦੀ ਕਿਰਤ ਕਮਾਈ ਕਰਨ ਵਾਲਿਆਂ ਦਾ ਰਾਜ ਭਾਗ ਉਤੇ ਪੂਰਾ ਕੰਟਰੋਲ ਹੋਵੇਗਾ।

"ਖਾਲਿਸਤਾਨ" ਦਾ ਨਾਹਰਾ ਜੋ ਕਈ ਸਾਲਾਂ ਤੋਂ ਸਿੱਖ ਸੰਗਤਾਂ ਅਤੇ ਸਿੱਖ ਨੌਜਵਾਨਾਂ ਦੇ ਹਿਰਦਿਆਂ ਨੂੰ ਟੁੰਬਦਾ ਚਲਿਆ ਆ ਰਿਹਾ ਹੈ ਅਤੇ ਜਿਸ ਦੀ ਨੀਂਹ ਰੱਖਣ ਦਾ ਜ਼ਿਕਰ "ਸ੍ਰੀਮਾਨ ਸੰਤ ਬਾਬਾ ਜ਼ਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ" ਨੇ 3 ਜੂਨ 1984 ਨੂੰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਉਪਰ ਭਾਰਤ ਦੀ ਹਿੰਦੂ ਸਰਕਾਰ ਵਲੋਂ ਫੌਜੀ ਹਮਲੇ ਅਰੰਭ ਸਮੇਂ ਕੀਤਾ ਸੀ। ਸਿੱਖ ਸੰਗਤਾਂ ਨੇ ਇਸ ਵਿਚਾਰ ਦੀ ਬੜੇ ਹਰਸ਼ ਅਤੇ ਉਲਾਸ ਨਾਲ 13 ਅਪ੍ਰੈਲ 1986 ਨੂੰ ਸੱਦੇ ਗਏ ਸਰਬੱਤ ਖਾਲਸਾ ਦੇ ਸਮੇਂ ਪ੍ਰੋੜਤਾ ਕੀਤੀ ਸੀ। ਸਿੱਖ ਸੰਗਤਾਂ ਆਪਣੀ ਰੋਜ਼ ਦੀ ਅਰਦਾਸ ਸਮੇਂ "ਰਾਜ ਕਰੇਗਾ ਖਾਲਸਾ" ਦਾ ਸੰਕਲਪ ਦੁਹਰਾਉਂਦੀਆਂ ਹਨ ਪਰ ਅੱਜ ਗੁਰੂ ਦੀ ਅਪਾਰ ਕਿਰਪਾ ਦੁਆਰਾ ਉਹ "ਖਾਲਿਸਤਾਨ" ਦਾ ਸੰਕਲਪ ਮੂਰਤੀ ਮਾਨ ਕੀਤਾ ਜਾ ਰਿਹਾ ਹੈ। ਦਮਦਮੀ ਟਕਸਾਲ ਵਲੋਂ ਸੱਦੇ ਗਏ ਸਰਬੱਤ ਖਾਲਸਾ ਸਮੇਂ ਸਥਾਪਿਤ ਕੀਤੀ ਗਈ ਪੰਜ ਮੈਂਬਰੀ ਪੰਥਕ ਕਮੇਟੀ ਅੱਜ ਖਾਲਿਸਤਾਨ ਦਾ ਐਲਾਨ ਕਰਦੀ ਹੈ।

ਖਾਲਸਾ ਪੰਥ ਅਤੇ ਸਭ ਸਿੱਖ ਸੰਗਤਾਂ ਸਿੰਘਾਂ ਸਿੰਘਣੀਆਂ ਅਤੇ ਮਾਈ, ਭਾਈ ਨੂੰ ਖਾਲਸਾ ਜੀ ਦਾ ਇਹ ਆਦੇਸ਼ ਸੁਣਾਇਆ ਜਾਂਦਾ ਹੈ, ਤਾਂ ਜੋ ਅਸੀਂ ਸਾਰੇ ਆਪਣੀ ਆਪਣੀ ਥਾਂ ਅਤੇ ਆਪਣੀ ਆਪਣੀ ਸਥਿਤੀ ਮੁਤਾਬਿਕ ਇਸ ਸ਼ੁਭ ਕਾਰਜ ਦੀ ਪੂਰਤੀ ਲਈ ਆਪਣਾ ਤਨ ਮਨ, ਧਨ ਅਰਪੀ ਬਣ ਕੇ ਗੁਰ ਸਾਖੀ ਪਰਵਾਣ ਚੜ੍ਹ ਸਕੀਏ।

"ਮਰਣੁ ਮੁਣਸਾ, ਸੂਰਿਆ ਹਕ ਹੈ, ਜੋ ਹੋਇ ਮਰਣੁ ਪਰਵਾਣੋ" ਦੇ ਕਥਨ ਅਨੁਸਾਰ ਹਰ ਕੁਰਬਾਨੀ ਤੇ ਘਾਲਣਾ ਲਈ ਤਿਆਰ-ਬਰ-ਤਿਆਰ ਰਹਿਣ ਦਾ ਇਹ ਬਿਗਲ ਅੱਜ ਪੰਜ ਮੈਂਬਰੀ ਪੰਥਕ ਕਮੇਟੀ ਸੰਗਤਾਂ ਨੂੰ ਦੇਂਦੀ ਹੈ।

ਖਾਲਸਾ ਪੰਥ ਦਾ ਮਨਸ਼ਾ ਪ੍ਰੇਮ ਅਤੇ ਪਿਆਰ ਨਾਲ ਗੁਰੂ ਜੀ ਦੀ ਮਿਹਰ ਨਾਲ ਕਾਰਜ ਸਿੱਧੀ ਕਰਨਾ ਹੈ। ਸਾਡਾ "ਨਾ ਕੋ ਵੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮਕੋ ਬਣ ਆਈ" ਦਾ ਪ੍ਰੋਗਰਾਮ ਹੈ। ਅਸੀਂ ਕੋ ਉਥਲ ਪੁੱਥਲ ਅਤੇ ਅਜਾਈ ਲਹੂ ਡੋਲਣ ਦੇ ਹੱਕ ਵਿਚ ਨਹੀਂ ਅਤੇ ਦੂਸਰਿਆਂ ਪਾਸੋਂ ਭੀ ਇਹੋ ਆਸ ਕਰਦੇ ਹਾਂ। ਭਾਰਤ ਦੀ ਹਿੰਦੂ ਬਹੁਗਿਣਤੀ ਅਤੇ ਸਰਕਾਰ ਦੇ ਸਾਹਮਣੇ ਸਾਰੇ ਮਸਲੇ ਗਲਬਾਤ ਰਾਹੀਂ ਨਜਿੱਠਨ ਲਈ ਆਪਣਾ ਸੰਕਲਪ ਜਾਹਿਰ ਕਰਦੇ ਹਾਂ। ਅਸੀਂ ਆਸ ਕਰਦੇ ਹਾਂ ਕਿ ਭਾਰਤ ਸਰਕਾਰ ਬ੍ਰਾਹਮਣਵਾਦ ਦੀ ਕੁਟਲ ਸਿੱਖ ਵਿਰੋਧੀ ਨੀਤੀ ਤੋਂ ਪ੍ਰਭਾਵਿਤ ਨਾ ਹੁੰਦਿਆਂ ਹੋਇਆਂ ਅਸਲੀਅਤ ਨੂੰ ਅਸਲੀ ਰੂਪ ਵਿਚ ਗ੍ਰਹਿਣ ਕਰੇਗੀ ਅਤੇ "ਖਾਲਸਿਤਾਨ" ਦੀ ਹੋਂਦ ਨੂੰ ਮਾਨਤਾ ਦੇਵੇਗੀ, ਇਹੋ ਹੀ ਭਾਰਤ ਦਾ ਅਸਲੀ ਸਤਿਆਗਰਿਹ ਹੋਵੇਗਾ।

### "ਰਾਜਸੀ ਮਾਨਤਾ"

ਖਾਲਸਾ ਪੰਥ ਦੁਨੀਆਂ ਦੀਆਂ ਸਭ ਸਰਕਾਰਾਂ/ਹਕੂਮਤਾਂ ਪਾਸੋਂ, ਖਾਸ ਕਰਕੇ ਅਮਰੀਕਾ (ਯੂ. ਐਸ. ਏ.) ਇੰਗਲੈਂਡ, ਪਾਕਿਸਤਾਨ, ਚੀਨ, ਕਨੇਡਾ, ਵੈਸਟ ਜਰਮਨੀ ਅਤੇ ਵਾਰਸਾ ਸੰਧੀ ਦੇਸ਼ਾਂ ਇਟਲੀ, ਫਰਾਂਸ, ਜਪਾਨ, ਸ੍ਰੀਲੰਕਾ, ਨੇਪਾਲ, ਬਰਮਾ, ਭੂਟਾਨ, ਬੰਗਲਾ ਦੇਸ਼, ਇਰਾਨ, ਇਰਾਕ, ਸਾਊਦੀ ਅਰਬ,ਇਜ਼ਰਾਈਲ, ਇਕਵਾਡੋਰ ਆਦਿ ਸਭ ਸਰਕਾਰਾਂ ਪਾਸੋਂ ਰਾਜਸੀ ਮਾਨਤਾ ਦੀ ਮੰਗ ਕਰਦਾ ਹੈ। ਯੂ. ਐਨ. ਉ. ਅਤੇ ਉਸ ਦੇ ਸਾਰੇ ਮੈਂਬਰ ਦੇਸ਼ਾਂ ਤੋਂ ਭੀ ਅਸੀਂ ਰਾਜਸੀ ਮਾਨਤਾ ਦੀ ਮੰਗ ਕਰਦੇ ਹਾਂ। ਯੂ. ਐਨ. ਉ. ਪਾਸ ਅਸੀਂ "ਖਾਲਿਸਤਾਨ" ਸਬੰਧੀ ਸਿਆਸੀ, ਫੌਜੀ ਅਤੇ ਮਨੁੱਖੀ ਅਧਿਕਾਰਾਂ ਦੇ ਪੈਦਾ ਹੋਏ ਹੋਏ ਅਤੇ ਪੈਦਾ ਹੋਣ ਵਾਲੇ ਮਸਲਿਆਂ ਵਿਚ ਵੀ ਸਹਾਇਤਾ ਦੀ ਮੰਗ ਕਰਦੇ ਹਾਂ।

Sant Sipahi - The oldest Panthic Magazine/ www.santsipahi.org

ਅਸੀਂ ਆਸ ਰੱਖਦੇ ਹਾਂ "ਖਾਲਿਸਤਾਨ" ਦੀ ਨਵੀਂ ਬਣਣ ਵਾਲੀ ਸਰਕਾਰ ਛੇਤੀ ਤੋਂ ਛੇਤੀ ਹੋਂਦ ਵਿਚ ਆ ਜਾਵੇਗੀ ਪਰ ਇਹ ਰਾਜਸੀ ਮਾਨਤਾ ਦੀ ਮੰਗ ਪੰਥ ਆਪਣੀ ਇਸ ਸਰਕਾਰ ਵਲੋਂ ਹੀ ਮੰਗ ਰਿਹਾ ਹੈ ਤਾਂ ਜੋ ਮਾਨਤਾ ਦੀ ਦੇਰੀ ਕਾਰਨ ਪੈਦਾ ਹੋਣ ਵਾਲੇ ਮਸਲੇ ਖੜੇ ਹੋਣ ਤੋਂ ਪਹਿਲਾਂ ਹੀ ਰੋਕੇ ਜਾ ਸਕਣ। ਭਾਰਤ ਸਰਕਾਰ ਤੋਂ ਮਾਨਤਾ ਦੀ ਮੰਗ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ ਤਾਂ ਜੋ ਚੰਗੇ ਗੁਆਂਢੀਆਂ ਵਾਲਾ ਵਾਤਾਵਰਨ ਮੌਜੂਦਾ ਪੰਜਾਬ ਅਤੇ ਸਾਰੇ ਭਾਰਤ ਵਿਚ ਅਮਨ ਚੈਨ ਅਤੇ ਭਾਈ ਭਰੱਪਾ ਅਤੇ ਸ਼ਹਿਨਸ਼ੀਲਤਾ ਨੂੰ ਉਭਾਰੇ ਅਤੇ ਅਜੋਕੇ ਸਮੇਂ ਦੀ ਕੁੜੱਤਨ ਸਮਾਪਿਤ ਕੀਤੀ ਜਾ ਸਕੇ।

ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ "ਖਾਲਿਸਤਾਨ" ਦੇ ਹੋਂਦ ਵਿਚ ਆ ਜਾਣ ਨਾਲ ਸਾਰੀਆ ਲੋੜੀਂਦੀਆਂ ਰਾਜਸੀ ਫੌਜੀ ਅਤੇ ਸਿਆਸੀ ਕਾਰਵਾਈਆਂ ਕਰੇ ਜਿਸ ਤਰ੍ਹਾਂ ਕੇ ਫੌਜੀ ਕਬਜ਼ਾ ਖਤਮ ਕਰਨਾ ਅਤੇ ਸਾਰੇ ਜਾਹਰਾਨਾ ਫੌਜੀ ਅਤੇ ਨੀਮ ਫੌਜੀ ਦਸਤਿਆਂ ਨੂੰ ਕੱਢਣਾ। ਸਰਕਾਰੀ ਪ੍ਰਬੰਧਕ ਅਤੇ ਢਾਂਚੇ ਨੂੰ "ਖਾਲਿਸਤਾਨੀ" ਆਦੇਸ਼ ਮੰਨਣ ਦੀ ਹਦਾਇਤ ਕੀਤੀ ਜਾਣੀ ਚਾਹੀਦੀ ਹੈ।

"ਖਾਲਿਸਤਾਨ" ਮੌਜੂਦਾ ਤਰਜ਼-ਏ-ਹਕੂਮਤ/ਪ੍ਰਬੰਧਕੀ ਬੰਨਣ੍ਹ ਵਿਚ ਫਿਲਹਾਲ ਕੋਈ ਵੱਡੀ ਤਬਦੀਲੀ ਨਹੀਂ ਕਰਨੀ ਚਾਹੁੰਦਾ ਤਾਂ ਜੋ ਰੋਜ਼ ਦੇ ਕੰਮਾਂ ਕਾਰਾਂ ਵਿਚ ਵਿਘਨ ਨਾ ਪਵੇ। ਸਿਰਫ ਪੰਜਾਬ ਸਰਕਾਰ/ਭਾਰਤ ਸਰਕਾਰ ਦੀਆਂ ਮੋਹਰਾਂ "ਖਾਲਿਸਤਾਨ" ਦੀਆਂ ਮੋਹਰਾਂ ਵਿਚ ਬਦਲ ਜਾਣਗੀਆਂ।

ਸਿੱਖ ਸੰਗਤਾਂ ਨੂੰ ਖਾਸ ਕਰਕੇ ਆਦੇਸ਼ ਦਿੱਤਾ ਜਾਂਦਾ ਹੈ ਕ੍ਰਿ ਉਹ ਸਬਰ ਅਤੇ ਸ਼ਹਿਨਸ਼ੀਲਤਾ ਤੋਂ ਕੰਮ ਲੈਣ। ਸਰਕਾਰੀ ਕਰਮਚਾਰੀਆਂ ਅਤੇ ਸਿੱਖ ਫ਼ੌਜੀਆਂ ਅਤੇ ਹਰ ਤਰ੍ਹਾਂ ਦੇ ਸਰਕਾਰੀ/ਨੀਮ ਸਰਕਾਰੀ ਮੁਲਾਜ਼ਮਾਂ ਨੂੰ ਪੰਥ ਦੇ ਸਪਸ਼ਟ ਹੁਕਮਾਂ ਦੀ ਇੰਤਜ਼ਾਰ ਕਰਨੀ ਚਾਹੀਦੀ ਹੈ ਅਤੇ ਕਿਸੇ ਕਿਸਮ ਦੀ ਭੜਕਾਹਟ ਵਿਚ ਆਏ ਬਗੈਰ ਆਪਣੀ ਡਿਊਟੀ ਇਮਾਨਦਾਰੀ ਅਤੇ ਨਿਯਮ ਅਨੁਸਾਰ ਨਿਭਾਉਂਦੇ ਰਹਿਣ। ਇਹ ਆਦੇਸ਼ ਅਤਿ ਜ਼ਰੂਰੀ ਹੈ ਤਾਂ ਜੋ ਖਾਲਸੇ ਦੀ ਮਨਸ਼ਾ ਅਨੁਸਾਰ ਹਰ ਕਿਸਮ ਦੀ ਉਥਲ ਪੁੱਥਲ ਤੋਂ ਬਚਿਆ ਜਾ ਸਕੇ ਅਤੇ ਸਰਕਾਰੀ ਪ੍ਰਾਪਰਟੀ/ਸਾਧਨਾ ਦਾ ਕੋਈ ਨੁਕਸਾਨ ਨਾ ਹੋਵੇ।

"ਖਾਲਿਸਤਾਨ" ਦੀ ਸਰਕਾਰ ਗਠਨ ਕਰਨ ਦਾ ਕੰਮ ਖਾਲਿਸਤਾਨ ਦੇ ਨਿਸ਼ਚਿਤ ਕੀਤੇ ਗਏ ਪ੍ਰਧਾਨ ਮੰਤਰੀ/ਮੁਖੀ ਨੂੰ ਸੌਂਪ ਦਿਤਾ ਗਿਆ ਹੈ ਜਿਹੜਾ ਕਿ ਇਸ ਨੂੰ ਥੋੜੇ ਤੋਂ ਥੋੜੇ ਸਮੇਂ ਵਿਚ ਪੂਰਾ ਕਰਕੇ ਐਲਾਨ ਕਰ ਦੇਵੇਗਾ।

ਸਭ ਸਿੱਖ ਸਿਆਸੀ ਜਥੇਬੰਦੀਆਂ ਨੂੰ ਆਦੇਸ਼ ਦਿਤਾ ਜਾਂਦਾ ਹੈ ਕਿ ਉਹ "ਖਾਲਿਸਤਾਨ" ਪ੍ਰਤੀ ਆਪਣੀ ਸਹਿਮਤੀ ਅਤੇ ਵਫਾਦਾਰੀ ਦਾ ਐਲਾਨ ਕਰਕੇ ਖਾਲਿਸਤਾਨ ਨੂੰ ਕਾਮਯਾਬ ਬਨਾਉਣ ਵਿਚ ਆਪਣਾ ਪੂਰਾ ਪੂਰਾ ਸਹਿਯੋਗ ਦੇਣ। ਇਸ ਸਮੇਂ ਮੱਤ ਭੇਦ ਪਿਛੇ ਪਾ ਕੇ ਪੰਥਕ ਏਕੇ ਦਾ ਸਬੂਤ ਦੇਣਾ ਹਰ ਸਿੱਖ ਦਾ ਫਰਜ਼ ਹੈ।

## ਸਮਾਜਿਕ ਢਾਂਚਾ

"ਖਾਲਿਸਤਾਨ" ਗੁਰੂ ਆਸ਼ੇ ਅਨੁਸਾਰ ਆਪਣਾ ਸਮਾਜਿਕ ਢਾਂਚਾ "ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਉ ਮੈ ਸਾਰਾ" ਦੇ ਅਧਾਰ ਤੇ ਚਲੇਗਾ। ਮਨੁੱਖਤਾ ਅਤੇ ਪਛੜੇ ਹੋਏ ਪੇਂਡੂ ਸਮਾਜ ਨੂੰ ਵੇਚ ਖਾਣ, ਲੁੱਟ-ਖਸੁੱਟ ਦੀ ਆਗਿਆ ਨਹੀਂ ਦੇਵੇਗਾ। ਖਾਲਸਾ ਮੁਨਾਫਾ ਖੋਰੀ, ਬਲੈਕ ਮਾਰਕੀਟ, ਮਿਲਾਵਅਟ ਅਤੇ ਅਜਿਹੇ ਹੋਰ ਸਮਾਜਿਕ ਤਰੁੱਟੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ ਨਾ ਹੀ ਲੋਕਾਂ ਨੂੰ ਮਨੋਵਿਗਿਆਨਿਕ ਢੰਗ ਨਾਲ ਬੋਣੇ ਬਨਾਉਣ ਦੀ ਆਗਿਆ ਦੇਵੇਗਾ।

ਮਨਮਰਜੀ ਨਾਲ ਲੋਕ ਰਾਏ ਘੜਣ ਦੀ ਅਖਬਾਰਾਂ, ਲਿਖਤਾਂ, ਵਿਦਿਆ ਅਤੇ ਪਰਚਾਰ ਦੇ ਦੂਸਰੇ ਸਾਧਨਾਂ ਰਾਹੀਂ ਕਿਸੇ ਇਕ ਫਿਰਕੇ ਜਾਂ ਟੋਲੇ ਨੂੰ ਆਪਣੀ ਕਾਰਜ ਸਿੱਧੀ ਲਈ ਆਗਿਆ ਨਹੀਂ ਦਿਤੀ ਜਾਵੇਗੀ।

ਰਾਜ ਦੇ ਉਤੇ ਧਰਮ ਦਾ ਪਹਿਰਾ ਸਵਿਧਾਨਕ ਢੰਗ ਨਾਲ ਪਰਪੱਕ ਕਰ ਦਿਤਾ ਜਾਵੇਗਾ ਅਤੇ ਸਿੱਖ ਧਰਮ ਖਾਲਿਸਤਾਨ ਦਾ ਸਰਕਾਰੀ ਧਰਮ ਮੰਨਿਆ ਜਾਵੇਗਾ ਅਤੇ ਸਰਕਾਰ ਦਾ ਇਹ ਪਹਿਲਾ ਫਰਜ਼ ਹੋਵੇਗਾ ਕਿ ਖਾਲਿਸਤਾਨ ਵਿਚ ਸਿੱਖੀ ਨੂੰ ਪਰਫੁੱਲਤ ਕੀਤਾ ਜਾਵੇ।

"ਖਾਲਿਸਤਾਨ" ਦੇ ਰਾਜਸੀ ਅਤੇ ਪ੍ਰਬੰਧਕ ਢਾਂਚੇ ਵਿਚ ਮੁੱਖ ਮਨੋਰਥ ਮਨੁੱਖਤਾ ਦਾ ਭਲਾ ਅਤੇ ਸਮਾਜ ਦੀ ਸੇਵਾ "ਬਿਨੁ ਸੇਵਾ ਧ੍ਰਿਗ ਹਥ ਪੈਰੁ ਹੋਰੁ ਨਿਹਫਲ ਕਰਣੀ" ਮੁਤਾਬਿਕ ਢਾਲਿਆ ਜਾਵੇਗਾ। ਹਰ ਸਿੰਘ ਅਤੇ ਸਿੰਘਣੀਆਂ ਨੂੰ ਆਪਣੀ ਸਮਰੱਥਾ ਮੁਤਾਬਿਕ ਵਧਣ ਫੁੱਲਣ ਅਤੇ ਉਭਰਣ ਦਾ ਸਮਾਨ ਅਵਸਰ ਗਰੰਟੀ ਕੀਤਾ ਜਾਵੇਗਾ। ਵਿਦਿਆ ਦੀ ਘਾਟ ਅਤੇ ਸਮਾਜਿਕ ਪਛੜਾਪਨ ਉਹਨਾਂ ਦੇ ਰਸਤੇ ਵਿਚ ਰੁਕਾਵਟ ਨਹੀਂ ਬਨਣ ਦਿਤੀ ਜਾਵੇਗੀ। ਨਾ ਹੀ ਵਿਦਿਆ ਦੀ ਅਜਾਰਾਦਾਰੀ ਅਤੇ ਮਨਾਪਲੀ ਰਾਹੀਂ ਅਨਪੜਤਾ ਦੇ ਹੱਕ ਖੋਹਣ ਲਈ ਹਥਿਆਰ ਵਜੋਂ ਵਰਤਣ ਦੀ ਆਗਿਆ ਦਿਤੀ ਜਾਵੇਗੀ। ਜਿਸ ਤਰ੍ਹਾਂ ਕਿ ਅਮੀਰਾਂ ਅਤੇ ਸ਼ਹਿਰਾਂ ਵਿਚ ਰਹਿਣ ਵਾਲਿਆਂ ਦੇ ਬੱਚੇ ਚੰਗੀ ਵਿਦਿਆ ਪ੍ਰਾਪਤ ਕਰਕੇ ਪੇਂਡੂ ਅਤੇ ਗਰੀਬ ਬੱਚਿਆਂ ਨੂੰ ਪਿਛਾਂਹ ਸੁੱਟ ਦੇਂਦੇ ਹਨ ਅਤੇ ਆਪਣੇ ਹੱਕ ਤੋਂ ਵੱਧ ਕੁਦਰਤ ਦੀਆਂ ਨਿਹਮੁਤਾਂ ਮਾਂਣਦੇ ਹਨ ਜਦੋਂ ਕ੍ਰਿ ਪੇਂਡੂ ਅਤੇ ਗਰੀਬਾਂ ਦੇ ਬੱਚੇ ਅਨਪੜ੍ਹਤਾ ਗਰੀਬੀ ਬੀਮਾਰੀ ਅਤੇ ਪਛੜੇ ਪੁਨੇ ਦੇ ਪੁਸ਼ਤ-ਦਰ-ਪੁਸ਼ਤ ਸ਼ਿਕਾਰ ਬਣੇ ਰਹਿੰਦੇ ਹਨ। "ਖਾਲਿਸਤਾਨ" ਕੁਦਰਤੀ ਨਿਹਮਤਾਂ ਅਤੇ ਮਿਨੀਮਮ ਨੀਡਜ਼ (ਜ਼ਰੂਰੀ ਜਰੂਰਤਾਂ) ਦੀ ਵੰਡ ਮਨੁੱਖੀ ਅਧਾਰਾਂ ਤੇ ਕਰਨਾ ਚਾਹੇਗਾ। ਅਜ਼ਾਰਾਦਰੀ ਬਹੁਤੇ ਸਰਮਾਏਦਾਰੀ ਨੂੰ ਸਰਕਾਰੀ ਮਸ਼ੀਨਰੀ ਅਤੇ ਜਨਤਾ ਦੀ ਸੋਚਨੀ ਉਤੇ ਪ੍ਰਭਾਵਤ ਨਹੀਂ ਹੋਣ ਦਿਤਾ ਜਾਵੇਗਾ। ਇਸ ਦੇ ਉਲਟ ਹਰ ਵਿਅਕਤੀ ਨੂੰ ਆਪਣੀ ਲਿਆਕਤ ਮਿਹਨਤ ਅਤੇ ਸਮਰੱਥਾ ਮੁਤਾਬਿਕ ਵਧਣ ਫੁਲਣ ਤੇ ਕੋਈ ਰੋਕ ਨਹੀਂ ਲਗਾਈ ਜਾਵੇਗੀ।

ਪ੍ਰਬੰਧਕੀ ਕੰਮ ਕਾਜ ਵਿਚ ਸਮਾਜ ਅਤੇ ਜਨਤਾ ਦੀ ਮਿਲਵਰਤਣ ਅਤੇ ਪੂਰੀ ਸਾਂਝੇਦਾਰੀ ਹੋਵੇਗੀ ਤਾਂ ਜੋ ਖਾਲਿਸਤਾਨ ਵਿਚ ਵੀ ਕਲਰਕ ਬਾਦਸ਼ਾਹ ਪੈਦਾ ਨਾ ਹੋ ਸਕਣ। ਪਿੰਡਾਂ ਦੀ ਪੱਧਰ ਤੇ ਉਥੋਂ ਦੀ ਵਸੋਂ ਨੂੰ ਪੂਰੀ ਤਰ੍ਹਾਂ ਦੀਵਾਨੀ, ਫੋਜਦਾਰੀ, ਨਵਉਸਾਰੀ ਅਤੇ ਨਿਆ ਅਨੁਸਾਸ਼ਨ ਕਰਨ ਵਿਚ ਭਾਈਵਾਲ ਬਨਾਇਆ ਜਾਵੇਗਾ। ਤਾਂ ਜੋ ਝੂਠੇ ਗਵਾਹ ਅਤੇ ਪੁਲਸ ਮੁਖਬਰ (ਟਾਊਟ) ਸਚਾਈ ਨੂੰ ਛੁਪਾ ਕੇ ਅਨ੍ਹਿਆ ਨਾ ਕਰ ਸਕਣ। ਪਿੰਡਾਂ ਦੀ ਸ਼ਮੂਲੀਅਤ ਅਤੇ ਸਾਂਝੇਦਾਰੀ ਇਕ ਤੋਂ ਵੱਧ ਦੋ ਜਾਂ ਤਿੰਨ ਪੱਧਰ ਤੇ ਜਥੇਬੰਦ ਕੀਤੀ ਜਾਵੇਗੀ ਤਾਂ ਜੋ ਅਪੀਲ ਅਤੇ ਦਲੀਲ ਦਾ ਮੌਕਾ ਸਸਤਾ ਅਤੇ ਛੇਤੀ ਪ੍ਰਲਭਤ ਹੋ ਸਕੇ।

"ਖਾਲਿਸਤਾਨ" ਦੀ ਪਾਲਸੀ ਗੁਰੂ ਆਸ਼ੇ ਮੁਤਾਬਿਕ "ਸਰਬਤ ਦਾ ਭਲਾ" ਮੰਗਣਾ ਸਭਿਆਚਾਰਕ ਜੀਵਨ ਨੂੰ ਉਤਸਾਹਿਤ ਕਰਨਾ ਅਤੇ ਮਨੁੱਖੀ ਏਕਤਾ ਅਤੇ ਸਹਿਯੋਗ ਦੀ ਭਾਵਨਾ ਨੂੰ ਬੜਾਵਾ ਦੇਣਾ ਹੋਵੇਗਾ। ਮਨੁਖਤਾ ਦੀਆਂ ਵੰਡਾ ਜਿਵੇਂ ਕਿ ਜਾਤ-ਪਾਤ, ਛੂਤ-ਛਾਤ, ਨੀਚ-ਉਚ ਸ਼ਹਿਰੀ ਅਤੇ ਪੇਂਡੂ ਕਾਲੇ ਅਤੇ ਗੋਰੇ ਆਦਿ ਬਨਾਉਟੀ ਵੰਡੀਆਂ ਨਹੀਂ ਪੈਣ ਦਿਤੀਆਂ ਜਾਣਗੀਆਂ। ਅਤੇ ਇਹਨਾਂ ਦਾ ਖਾਤਮਾ ਰਾਜਸੀ ਸ਼ਕਤੀ ਵਰਤ ਕੇ ਕੀਤਾ ਜਾਵੇਗਾ। ਇਸੇ ਤਰ੍ਹਾਂ ਬਾਕੀ ਹਾਨੀਕਾਰਕ ਅਤੇ ਦੁਖਦਾਈ ਸਮਾਜਿਕ-ਅਨ-ਬਰਾਬਰੀ ਵਾਲੀਆਂ ਕੁਰਤੀਆਂ, ਸਿੰਘ ਅਤੇ ਸਿੰਘਣੀਆਂ ਦੇ ਹੱਕਾਂ ਵਿਚ ਫਰਕ ਅਤੇ ਅਨ-ਬਰਾਬਰੀ ਭੀ ਰਾਜਸੀ ਸ਼ਕਤੀ ਦੀ ਵਰਤੋਂ ਦੁਆਰਾ ਖਤਮ ਕੀਤੀ ਜਾਵੇਗੀ।

"ਖਾਲਿਸਤਾਨ" ਆਪਣੇ ਗੁਆਂਢੀ ਦੇਸ਼ਾਂ ਨਾਲ ਖੁਸ਼ਗਵਾਹ ਸਬੰਧ ਬਨਾਉਣ ਨੂੰ ਪਹਿਲ ਦੇਵੇਗਾ।

Sant Sipahi - The oldest Panthic Magazine/ www.santsipahi.org

"ਖਾਲਿਸਤਾਨ ਕਮਾਂਡੋ ਫੋਰਸ" ਜਿਸ ਦੇ ਕਮਾਂਡਰ-ਇਨ-ਚੀਫ ਜਨਰਲ ਹਰੀ ਸਿੰਘ ਹਨ। ਇਹ ਫੋਰਸ ਖਾਲਿਸਤਾਨ ਦੀ ਆਉਣ ਵਾਲੀਡਿਫੈਂਸ ਆਰਗੇਨਾਈਜ਼ੇਸ਼ਨ ਦਾ ਬਿੰਦੂ (ਨਿਊਕਲਿਸ) ਦਾ ਕੰਮ ਕਰੇਗੀ।

ਹਿੰਦੁਸਤਾਨ (ਭਾਰਤ) ਵਿਚ ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿੱਖਾਂ ਨੂੰ ਖਾਲਿਸਤਾਨ ਵਿਚ ਆ ਕੇ ਵੱਸਣ ਦਾ ਸੱਦਾ ਦਿਤਾ ਜਾਂਦਾ ਹੈ। ਤਾਂ ਜੋ ਉਹਨਾਂ ਨੂੰ ਨਵੰਬਰ 1984 ਵਾਲੇ ਘਲੂਘਾਰੇ ਵਾਂਗ ਕਿਸੇ ਹੋਰ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਪੈਸੇ ਦੇ ਪੁੱਤਰ ਅਤੇ ਵਿਕੇ ਹੋਏ ਕੇਸਾਧਾਰੀ ਹਿੰਦੂਆਂ ਨੂੰ ਖਾਲਸਾ ਪੰਥ ਦੇ ਰਾਹ ਵਿਚ ਰੁਕਾਵਟ ਨਾ ਪਾਉਣ ਦਾ ਆਦੇਸ਼ ਦਿਤਾ ਜਾਂਦਾ ਹੈ।

ਪਹਿਲੀ ਫਰਵਰੀ 1981 ਚੰਡੀਗੜ੍ਹ ਵਿਖੇ ਦਿੱਲੀ ਦੇ ਸ਼ਾਹੀ ਇਮਾਮ ਸਈਅਦ ਮੁਹੰਮਦ ਅਬਦੁਲ ਬੁਖਾਰੀ ਨੇ "ਖਾਲਿਸਤਾਨ ਕਿਉਂ ਨਹੀਂ" ਦੇ ਛੋਵੇਂ ਸੈਮੀਨਾਰ ਸਦਾਕਤੀ ਭਾਸ਼ਨ ਵਿਚ 13 ਅਪ੍ਰੈਲ 1978 ਦੇ ਅੰਮ੍ਰਿਤਸਰ ਵਿਖੇ ਹੋਏ ਖੂਨੀ ਨਿਰੰਕਾਰੀ ਸਾਕੇ ਦਾ ਜ਼ਿਕਰ ਕਰਦਿਆਂ ਹੋਇਆਂ ਆਖਿਆ ਸੀ ਕਿ ਅਜ਼ਾਦ ਭਾਰਤ ਵਿਚ ਮੁਸਲਮਾਨਾਂ ਦਾ ਕਤਲੇਆਮ ਤਾਂ ਹੁੰਦਾ ਹੀ ਸੀ ਪਰ ਹੁਣ ਸਿੱਖਾਂ ਦਾ ਕਤਲੇਆਮ ਜਾਰੀ ਹੋ ਗਿਆ ਹੈ। ਸ਼ਾਹੀ ਇਮਾਮ ਦਾ ਇਹ ਕਥਨ ਇਕ ਪੇਸ਼ੀਨਗੋਈ ਬਣ ਗਿਆ। ਪੰਜਾਬ ਵਿਚ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਦੇ ਕਤਲ ਭਾਰਤ/ਪੰਜਾਬ ਸਰਕਾਰ ਨੇ ਅਰੰਭ ਦਿਤੇ ਹਨ। ਨੌਜਵਾਨਾਂ ਨੂੰ ਬੇਕਸੂਰਿਆਂ ਅਤੇ ਬਗ਼ੈਰ ਗ੍ਰਿਫ਼ਤਾਰ ਕਰਕੇ, ਕਚਿਹਰੀ ਵਿਚ ਪੇਸ਼ ਕੀਤਿਆਂ ਕਤਲ ਕਰਕੇ ਝੂਠੇ ਪੁਲਸ ਮੁਕਾਬਲਿਆਂ ਦੀ ਲੜੀ ਸ਼ੁਰੂ ਕੀਤੀ ਗਈ।

ਰਾਜਸਥਾਨ ਦੀ ਪੁਲੀਸ ਦੇ ਮੁਖੀ ਨੇ ਇਹੋ ਜਿਹੀਆਂ 400 ਲਾਸ਼ਾਂ ਰਾਜਿਸਥਾਨ [illegible]ਹਰ ਵਿਚੋਂ ਕੱਢਣ ਦੀ ਸ਼ਕਾਇਤ ਕੀਤੀ। ਇਸ ਤੋਂ ਬਾਅਦ ਜੂਨ 1984 ਵਿਚ ਹਿੰਦ ਸਰਕਾਰ ਨੇ ਫ਼ੌਜੀ ਕਾਰਵਾਈ ਕਰਕੇ ਦਰਬਾਰ ਸਾਹਿਬ ਸਮੂਹ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਪਵਿੱਤਰ ਪੁਰਬ ਦਿਹਾੜੇ ਤੇ ਇਕੱਠੀਆਂ ਹੋਈਆਂ ਸੰਗਤਾਂ ਨੂੰ ਕਰਫਿਊ ਨਾਲ ਡੱਕ ਕੇ ਉਨ੍ਹਾਂ ਦਾ ਕਤਲੇਆਮ ਕੀਤਾ ਇਸ ਤੋਂ ਉਪਰੰਤ ਪੰਜਾਬ ਦੇ ਸਾਰੇ ਵੱਡੇ ਵੱਡੇ ਗੁਰਦੁਆਰਿਆਂ ਵਿਚ ਫ਼ੌਜੀ ਘੇਰੇ ਪਾ ਕੇ ਅਤੇ ਫ਼ੌਜੀ ਤਾਕਤ ਦੀ ਵਰਤੋਂ ਕਰਕੇ ਸਿੱਖਾਂ ਦਾ ਕਤਲੇਆਮ ਕੀਤਾ। ਪੰਜਾਬ ਦੇ ਬਾਰ੍ਹਾਂ ਹਜ਼ਾਰ ਤੋਂ ਵੱਧ ਪਿੰਡਾਂ ਵਿਚ ਇਸੇ ਤਰ੍ਹਾਂ ਕਰਫ਼ੀਊ ਲਗਾ ਕੇ ਅੰਮ੍ਰਿਤਧਾਰੀ ਸਿੰਘਾਂ ਨੂੰ ਭਾਲ ਭਾਲ ਕੇ ਸ਼ਹੀਦ ਕੀਤਾ। ਅੰਮ੍ਰਿਤਧਾਰੀ ਸਿੰਘਾਂ ਦੇ ਕਤਲੇਆਮ ਤੋਂ ਪਹਿਲਾਂ ਹਿੰਦੂ ਫ਼ੌਜੀ ਅਫ਼ਸਰਾਂ ਅਤੇ ਸਿਪਾਹੀਆਂ ਨੂੰ ਮਾਨਸਿਕ ਅਤੇ ਜਜ਼ਬਾਤੀ ਪੱਖੋਂ ਸਿੱਖਾਂ ਦੇ ਬੀਜ ਨਾਸ਼ ਲਈ ਤਿਆਰ ਕਰਨ ਦਾ ਕੰਮ ਫ਼ੌਜ ਦੀ ਸਰਕਾਰੀ ਪੱਤ੍ਰਕਾ ਬਾਤਚੀਤ ਰਾਹੀਂ ਤਿਆਰ ਕੀਤਾ ਗਿਆ। ਬਾਤਚੀਤ ਵਿਚ ਇਹ ਸਾਫ਼ ਲਿਖਿਆ ਹੋਇਆ ਸੀ ਕਿ ਅੰਮ੍ਰਿਤਧਾਰੀ ਸਿੱਖਾਂ ਦੀ ਕੀ ਨਿਸ਼ਾਨੀ ਹੈ। ਭਾਵੇਂ ਉਹ ਵੇਖਣ ਨੂੰ ਸ਼ਰੀਫ਼ ਅਤੇ ਭਲੇ ਲਗਦੇ ਹੋਣ ਪਰ ਦਰਅਸਲ ਉਹ ਕਾਤਲ, ਦੇਸ਼ ਵਿਰੋਧੀ ਅਤੇ ਅੱਤਵਾਦੀ ਹੁੰਦੇ ਹਨ। ਇਸ ਲਈ ਹਰ ਇਕ ਫ਼ੌਜੀ ਦਾ ਇਹ ਫਰਜ਼ ਬਣ ਜਾਂਦਾ ਹੈ ਜੇ ਕਿਤੇ ਵੀ ਉਹਨਾਂ ਨੂੰ ਅੰਮ੍ਰਿਤਧਾਰੀ ਸਿੱਖ ਦਿਸ ਜਾਵੇ ਤਾ ਉਸ ਦਾ ਖੁਰਾ ਖੋਜ ਆ ਮਿਟੇ ਉਚ ਅਧਿਕਾਰੀਆਂ ਕੋਲ ਭੇਜਣ। ਇਹੋ ਜਿਹੀ ਕਾਰਵਾਈ ਦਨੀਆਂ ਦੇ ਇਤਿਹਾਸ ਵਿਚ ਕਦੇ ਵੀ ਕਿਸੇ ਫ਼ੌਜ ਨੇ ਆਪਣੇ ਹੀ ਮੁਲਕ ਦੇ ਬਾਸ਼ਿੰਦਿਆਂ ਨਾਲ ਨਹੀਂ ਕੀਤੀ।

ਇਸ ਤੋਂ ਉਪਰੰਤ ਜਦੋਂ ਇੰਦਰਾਂ ਨੂੰ ਮਾਰੀਆਂ "ਬੇ-ਅੰਤ ਗੋਲੀਆਂ" ਤਾਂ ਭਾਰਤ ਦੀ ਹਿੰਦੂ ਸਰਕਾਰ ਨਵੇਂ ਆਉਣ ਵਾਲੇ ਪ੍ਰਧਾਨ ਮੰਤ੍ਰੀ ਅਤੇ ਉਸ ਦੇ ਸਿਆਸੀ ਅਤੇ ਸਰਕਾਰੀ ਸਹਿਯੋਗੀਆਂ ਦੀ ਮਿਲੀ ਭੁਗਤ ਨਾਲ ਦਿੱਲੀ ਅਤੇ ਹਿੰਦੋਸਤਾਨ ਦੇ ਬਾਕੀ ਸ਼ਹਿਰਾਂ ਵਿਚ ਸਿੱਖਾਂ ਦਾ ਯੋਜਨਾ-ਬੰਧ ਕਤਲੇਆਮ ਹੋਇਆ ਜਿਹੜਾ ਕੇ ਕਈ ਦਿਨ ਚਲਦਾ ਰਿਹਾ। ਇਸ ਕਤਲੇਆਮ ਨੇ ਨਾਦਰਸ਼ਾਹ ਦੇ ਦਿੱਲੀ ਵਿਚ ਕੀਤੇ ਹੋਏ ਕਤਲੇਆਮ ਨੂੰ ਕੋਸਾਂ ਪਿਛੇ ਛੱਡ ਦਿੱਤਾ।

ਪੰਜਾਬ ਦੀ ਬਰਨਾਲਾ ਸਰਕਾਰ ਦੀ ਗਠਨ ਕੀਤੀ ਹੋਈ ਕਮੇਟੀ ਦੇ ਪ੍ਰਧਾਨ ਭਾਈ ਅਜੀਤ ਸਿੰਘ ਬੈਂਸ, ਸਾਬਕਾ ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਆਪਣੀ ਰਿਪੋਟ ਵਿਚ 200 ਝੂਠੇ ਕਥਿਤ ਪੁਲੀਸ ਮੁਕਾਬਲਿਆਂ ਦਾ ਜ਼ਿਕਰ ਕਰਦਿਆਂ ਹੋਇਆ ਲਿਖਦਿਆਂ ਹੈਰਾਨੀ ਪਰਗਟ ਕੀਤੀ ਕਿ ਇਹਨਾਂ ਸਾਰੇ ਪੁਲੀਸ ਮੁਕਾਬਲਿਆਂ ਵਿਚ ਕੋਈ ਪੁਲੀਸ ਦਾ ਜਵਾਨ ਜਾਂ ਅਫਸਰ ਜ਼ਖ਼ਮੀ ਨਹੀਂ ਹੋਇਆ ਦਸਿਆ ਗਿਆ ਅਤੇ ਨਾ ਹੀ ਕੋਈ ਕਤਲ ਦਾ ਕੇਸ ਪੁਲੀਸ ਵਿਰੁੱਧ ਦਰਜ਼ ਕੀਤਾ ਗਿਆ ਹੈ। ਕਿਉਂ ਜੋ ਹਿੰਦੋਸਤਾਨ ਵਿਚ ਸਰਕਾਰ ਦੇ ਕੰਮਾਂ ਵਿਚ "ਕੂੜੁ ਫਿਰਹਿ ਪਰਧਾਨੁ ਵੇ ਲਾਲੋ" ਦਾ ਇਹ ਰਾਜ ਹੈ। ਇਹੋ ਹੀ ਸਹੀ ਅਰਥ ਹੈ ਬ੍ਰਾਹਮਣੀ ਅਸੂਲਾਂ ਦਾ ਕਿ ਪਰਚਾਰ ਕਰਨਾ "ਸਤਿਆ ਮੇਵ ਜਯਤੇ" ਅਤੇ ਬੋਲਣਾ ਕੋਰਾ ਸੁਫੈਦ ਝੂਠ।

ਸਿੱਖ ਧਰਮ ਦਾ ਖੁਰਾ ਖੋਜ ਮਿਟਾਉਣਾ ਬ੍ਰਾਹਮਣਵਾਦ ਦਾ ਅਟੱਲ ਨਿਸ਼ਾਨਾ ਹੈ ਕਿਉਂ ਜੋ ਸਿੱਖ ਧਰਮ ਬ੍ਰਾਹਮਣਵਾਦ ਦੀ ਜਾਤ-ਪਾਤ ਅਤੇ ਬਿਪਰਨ ਕੀ ਰੀਤ ਦੀ ਪ੍ਰਣਾਲੀ ਦਾ ਵਿਰੋਧੀ ਹੈ। ਜਿਸ ਤਰ੍ਹਾਂ ਸ਼ੰਕਰਾ ਅਚਾਰੀਆ ਨੇ ਫ਼ੌਜੀ ਸ਼ਕਤੀ ਦੀ ਵਰਤੋਂ ਕਰਕੇ ਅਤੇ ਲੱਖਾਂ ਬੋਧੀ ਭਿਖਸ਼ੂਆਂ ਨੂੰ ਮੌਤ ਦੇ ਘਾਟ ਉਤਾਰ ਕੇ ਬੋਧੀਆਂ ਦੇ ਮੰਦ[ਰ] ਅਤੇ ਦੂਸਰੇ ਧਾਰਮਿਕ ਚਿੰਨ੍ਹ ਢਹਿ-ਢੇਰੀ ਕ[ਰ] ਦਿਤੇ। ਬੁਧ-ਧਰਮ ਜਿਹੜਾ ਕਿ ਹਿੰਦੋਸਤਾ[ਨ] ਵਿਚ ਪੈਦਾ ਹੋ ਕੇ ਦੂਰ ਦੁਰਾਡੇ ਚੀਨ, ਜਪਾਨ ਮਲਾਇਆ, ਬਰਮਾ ਆਦਿ ਦੇਸ਼ਾਂ ਵਿਚ ਫੈਲਿਆ ਉਹਦਾ ਆਪਣੀ ਜਨਮ ਭੂਮੀ ਵਿਚੋਂ ਨਾਮ ਨਿਸ਼ਾਨ ਹੀ ਮਿਟਾ ਦਿਤਾ ਗਿਆ। ਇਹ [ਹੈ] ਅਸਲੀ ਅਰਥ ਬ੍ਰਾਹਮਣਵਾਦ ਦੇ ਅਪਨਾ[ਏ] ਹੋਏ ਅਹਿੰਸਾ ਪਰਮੋਧਰਮਾ ਦੇ ਅਸੂਲ ਦਾ।

ਅੱਜ ਕੱਲ ਦੀ ਭਾਰਤ ਸਰਕਾਰ ਸ਼ੰਕਰ ਅਚਾਰੀਆ ਦੀ ਪਾਲਸੀ ਤੇ ਦ੍ਰਿੜਤਾ ਨਾਲ ਚਲਦਿਆਂ ਹੋਇਆ ਸਭ ਸਿਅਸੀ, ਸਭਿਆਚਾਰਿਕ, ਆਰਥਿਕ, ਪ੍ਰਬੰਧਕੀ ਅਤੇ ਫੌਜੀ ਸਾਧਨ ਵਰਤ ਕੇ ਸਿੱਖੀ ਅਤੇ ਸਿੱਖਾਂ ਦਾ ਭਾਰਤ ਵਿਚੋਂ ਖੁਰਾ ਖੋਜ ਮਿਟਾਉਣ ਤੇ ਤੁਲੀ ਹੋਈ ਹੈ। ਇਹੋ ਹੀ ਸਹੀ ਅਰਥ ਹਨ ਬ੍ਰਾਹਮਣਵਾਦ ਦੇ ਸ਼ਹਿਨਸ਼ੀਲ ਹੋਣ ਦੇ ਝੂਠੇ ਦਾਵਿਆਂ ਦੇ। ਅਜ਼ਾਦ ਭਾਰਤ ਵਿਚ ਘੱਟ ਗਿਣਤੀ ਮਜ਼ਬਾਂ/ਧਰਮਾਂ ਉਤੇ ਪਾਬੰਦੀਆਂ ਲਾਉਣ ਦਾ। ਭਾਰਤ ਦੀ ਲੋਕ ਸਭਾ ਵਿਚ ਹਿੰਦੂਆਂ ਦੇ ਧਰਮ ਤਬਦੀਲ ਕਰਨ ਉਤੇ ਪਾਬੰਦੀ ਲਾਉਣ ਦੀ ਮੰਗ ਉਠਦੀ ਰਹੀ ਹੈ। ਹਾਈ ਕੋਰਟ ਵਿਚ ਮੁਸਲਮਾਨਾਂ ਦੇ ਧਾਰਮਿਕ ਗਰੰਥ ਕੁਰਾਨ-ਸ਼ਰੀਫ ਤੇ ਪਾਬੰਧੀ ਦੀ ਮੰਗ ਖੜੀ ਹੋਈ।

ਸਿੱਖਾਂ ਦੇ ਸਰਬਨਾਸ਼, ਸਿੱਖਾਂ ਦੇ ਧਾਰਮਿਕ ਨਿਸਾਨਾ ਨੂੰ ਫ਼ੌਜੀ ਤਾਕਤ ਦੀ ਵਰਤੋਂ ਨਾਲ ਢਹਿ ਢੇਰੀ ਕਰਨਾ, ਸਿੱਖੀ ਦਾ ਪ੍ਰਚਾਰ ਕਰਨ ਵਾਲੇ ਕੀਰਤਨੀ ਜਥਿਆਂ ਨੂੰ ਝੂਠੇ ਮੁਕਦਮਿਆਂ ਵਿਚ ਫਸਾ ਕੇ ਜੇਲ੍ਹਾਂ ਵਿਚ ਡੱਕਣਾ ਅਤੇ ਪਿੰਡ ਪਿੰਡ ਵਿਚ ਸਿੱਖ ਗਰੰਥੀਆਂ ਨੂੰ ਡਰਾਉਣਾ। ਝੂਠੇ ਕੇਸਾਂ ਅਤੇ ਬਗੈਰ ਕੇਸ ਦਰਜ ਕੀਤਿਆਂ ਥਾਣੇ ਅਤੇ ਜੇਲ੍ਹਾਂ ਵਿਚ ਡੱਕੀ ਰੱਖਣਾ ਸਪਸ਼ਤ ਸਬੂਤ ਹੈ। ਭਾਰਤ ਸਰਕਾਰ ਦੀ ਸਿੱਖਾਂ ਪ੍ਰਤੀ ਅਤਿਅੰਤ ਦੁਸ਼ਮਣੀ ਦੀ ਭਾਵਨਾ ਦਾ ਅਸੀਂ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ ਕਿ ਸਿੱਖੀ ਪ੍ਰਚਾਰ ਦੇ ਮਿਹਨਤ ਸਦਕਾ ਪੈਦਾ ਕੀਤੇ ਹੋਏ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਕਿਵੇਂ ਸਰਕਾਰੀ ਫ਼ੌਜੀ ਬਾਤਚੀਤ ਐਲਾਨਾਂ ਰਾਹੀਂ ਸਰਬਨਾਸ਼ ਦਾ ਨਿਸ਼ਾਨਾ ਬਨਾਏ ਗਏ ਹਨ ਅਤੇ ਬਨਾਏ ਜਾ ਰਹੇ ਹਨ।

ਸਰਕਾਰ ਆਪਣੇ ਸਿੱਖ ਵਿਰੋਧੀ ਇਰਾਦਿਆਂ ਅਤੇ ਕੁਕਰਮਾਂ ਉਤੇ ਝੂਠ ਦੇ ਪ੍ਰਚਾਰ ਰਾਹੀਂ ਸਿੱਖਾਂ ਨੂੰ ਅਤਿਵਾਦੀ, ਕਾਤਿਲ ਅਤੇ ਦੇਸ਼-ਧਰੋਹੀਆਂ ਦਾ ਨਾਮ ਦੇ ਕੇ ਮਨੁੱਖੀ ਹੱਕਾਂ ਤੋਂ ਵਾਂਝਿਆ ਕਰ ਚੁੱਕੀ ਹੈ। ਅਤੇ ਆਪਣੀ ਰਾਜਸੀ ਸ਼ਕਤੀ ਦੀ ਵਰਤੋਂ ਕਰਕੇ ਬਾਕੀ ਸਾਰੀ ਦੁਨੀਆਂ ਦੀਆਂ ਸਰਕਾਰਾਂ/ਹਕੂਮਤਾਂ ਨੂੰ ਇਸ ਪੱਖੋਂ ਹਨੇਰੇ ਵਿਚ ਰੱਖਣ ਲਈ ਕਾਮਯਾਬ ਰਹੀ ਹੈ। ਇਸ ਮੰਤਵ ਦੀ ਪੂਰਤੀ ਲਈ ਸੈਂਸਰਸ਼ਿਪ, ਪੰਜਾਬ

Sant Sipahi - The oldest Panthic Magazine/ www.santsipahi.org

ੇਸ਼ੀ ਪੱਤਰਕਾਰਾਂ ਅਤੇ ਅਖ਼ਬਾਰ ਨਵੀਸਾਂ ਦੇ ਖਲੇ ਤੇ ਪਾਬੰਧੀ 1984 ਤੋਂ ਲਗਾਤਾਰ ਚਲੀ ਰਹੀ ਹੈ। ਜੇ ਕਿਸੇ ਸੰਸਥਾ ਜਾਂ ਵਿਅਕਤੀ ਨੇ ਖਾਂ ਦੇ ਕਤਲਾਂ ਜਾਂ ਬੀਜਨਾਸ ਦੀ ਕੋਈ ਤਰ ਦਿੱਤੀ ਤਾਂ ਉਸ ਤੇ ਸਰਕਾਰ ਦਾ ਪਰਕੋਪ ਜਲੀ ਵਾਂਗ ਢਹਿ ਪਿਆ।

ਸਰਕਾਰ ਦੇ ਇਸ ਭੰਡੀ ਪ੍ਰਚਾਰ ਸਦਕਾ ਜਲੂਮ ਸਿੱਖਾਂ ਦਾ ਯੂ. ਐਸ. ਏ., ਇੰਗਲੈਂਡ, ਸਟ ਜਰਮਨੀ ਅਤੇ ਕਨੇਡਾ ਵਰਗੇ ਮਨੁਖੀ ਧਿਕਾਰਾਂ ਦੇ ਸਮਰਥਕ ਦੇਸ਼ਾਂ ਵਿਚ ਵੀ ਸਿੰਘਾਂ ਕਾਫੀਆ ਤੰਗ ਹੋਣ ਲੱਗਾ। ਬ੍ਰਾਹਮਣਵਾਦ ੀ ਕਠਪੁਤਲੀ (ਪਰੌਕਸੀ) ਗੌਰਮਿੰਟ ਆਫ ੰਡੀਆ ਸੱਚ-ਮੁੱਚ ਸਿੱਖ ਪੰਥ ਪਾਸੋਂ "ਘੁਟ ਕੇ ਮਰ ਾਉ ਯਹੀ ਮਰਜ਼ੀ ਮੇਰੇ ਸਈਯਾਦ ਕੀ ਹੈ" ਸਾਡੇ ਰਕਾਰ ਮਰਨ ਦੀ ਆਪ ਲਾਈ ਬੈਠੀ ਹੈ। ਅਫਸੋਸ ਾਂ ਇਸ ਗੱਲ ਦਾ ਹੈ ਕਿ ਸਿੱਖਾਂ ਨੂੰ ਸਿੱਖ ਗੁਰੂਆਂ ਮਰਦਾਂ ਵਾਂਗ ਮਰਨਾ ਛਾਤੀ ਤਾਨ ਕੇ ਤੁਰਨਾ ਤੇ ਸ਼ੇਰਾਂ ਵਾਂਗ ਆਪਣਾ ਬੋਲ-ਬਾਲਾ ਕਰਨਾ ਖਾਇਆ ਹੈ। ਇਹ ਸੰਖੇਪ ਜਿਹਾ ਵਰਨਣ ਹੈ ਾਰਤ ਸਰਕਾਰ ਵਲੋਂ ਸਿੱਖਾਂ ਵਿਰੁੱਧ ਬਗੈਰ ੇਲਾਨ ਕੀਤੇ (ਟੋਟਲਵਾਰ) ਸਰਬਨਾਸ਼ ਦੀ ੜਾਈ ਛੇੜਨ ਦਾ। ਇਹ ਲੜਾਈ ਜੂਨ 1984 ਅਪਰੇਸ਼ਨ ਨੀਲਾ ਤਾਰਾ ਅਤੇ ਅਪਰੇਸ਼ਨ ੁੱਡ ਰੋਜ਼ ਨਾਲ ਅਰੰਭ ਹੋਈ ਤੇ ਹੁਣ ਤੱਕ ਰ-ਪਰ-ਦਰ ਜਾਰੀ ਰੱਖੀ ਜਾ ਰਹੀ ਹੈ। ਪਿਛੇ ਜਹੇ ਬੰਗਲਾ ਦੇਸ਼ ਸਰਕਾਰ ਨੇ ਸਿੱਖ ਭਾਰਤੀ ਹਿਰੀਆਂ ਦਾ ਆਪਣੇ ਮੁਲਕ ਵਿਚ ਦਾਖਲਾ ੰਦ ਕਰ ਦਿਤਾ ਪਰ ਜਦੋਂ ਇਹ ਮਾਮਲਾ ਾਰਤ ਦੀ ਲੋਕ ਸਭਾ ਵਿਚ ਉਠਾਇਆ ਗਿਆ ਤਾਂ ਸਪੀਕਰ ਸ੍ਰੀ ਬਲਰਾਮ ਜਾਖੜ ਨੇ ਅਤਿਅੰਤ ੇਸ਼ਰਮੀ ਨਾਲ ਇਸ ਨੂੰ ਬੰਗਲਾ ਦੇਸ਼ ਦਾ ਆਪਣਾ ਨੱਜੀ ਮਾਮਲਾ ਦਸਿਆ ਇਸ ਤੋਂ ਵੱਡੀ ਸਿਆਸੀ ਫਰਕੂ ਪੁਨੇ ਦੀ ਕੁਤੱਣ ਦੀ ਦੁਨੀਆਂ ਵਿਚ ਕਤੇ ਮਿਸਾਲ ਨਹੀਂ ਮਿਲ ਸਕਦੀ। ਭਾਰਤ ਰਕਾਰ ਦੀਆਂ ਸਾਰੀਆਂ ਸਿਆਸੀ ਜਥੇਬੰਦੀਆਂ ਾਰਤੀ ਜਨਤਾ ਪਾਰਟੀ, ਸੀ. ਪੀ. ਆਈ., ੀ. ਪੀ. ਆਈ. ਐਮ. ਸਾਰੇ ਦੇ ਸਾਰਿਆਂ ਨੇ ਇਕ ਅਵਾਜ਼ ਹੋ ਕੇ ਸਿੱਖਾਂ ਦੇ ਵਿਰੁੱਧ ਲਾਮਬੰਧ ੋ ਗਏ। ਅਤੇ ਸਿੱਖਾਂ ਦੇ ਕਤਲੇਆਮ ਅਤੇ ੀਜ਼ ਨਾਸ਼ ਉਤੇ ਹਾਅ ਦਾ ਨਾਅਰਾ ਨਾ ਮਾਰਿਆ ਾਹ ਘਿਨਾਉਣਾ ਦ੍ਰਿਸ਼ ਹੈ ਸਿੱਖਾਂ ਵਿਰੁੱਧ ਲੜੀ ਜਾ ਰਹੀ ਗ਼ੈਰ ਐਲਾਨੀਆਂ (ਟੋਟਲ-ਵਾਰ) ਦਾ। ੍ਰਸਿੱਧ ਅਖਾਣ ਦੇ ਮੁਤਾਬਿਕ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਅੱਜ ਫੇਰ ਸ਼ਾਹ ੁਹੰਮਦ ਦੇ ਕਥਨ ਅਨੁਸਾਰ "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ" ਅਤੇ 'ਚੜੇ ਹਿੰਦੋਸਤਾਨੀ ੂਰਬੀ ਦੱਖਣੀ ਜੀਂ। ਇਸ ਕਠਨ ਸਥਿਤੀ ਵਿਚੋਂ ਅੱਜ ਅਸੀਂ 'ਖਾਲਿਸਤਾਨ' ਦਾ ਐਲਾਨ ਕਰਕੇ ਬਗੈਰ ਭਾਰਤ ਵਿਰੁੱਧ ਜਵਾਬੀ ਕਾਰਵਾਈ ਵਜੋਂ ਟੋਟਲ-ਵਾਰ ਦਾ ਐਲਾਨ ਕਰਨ ਤੋਂ ਸੰਕੋਚ ਕੀਤਾ ਹੈ ਤਾਂ ਜੋ ਦੁਨੀਆਂ ਦੀ ਕਚਹਿਰੀ ਵਿਚ ਸਾਡੇ ਉਤੇ ਜਲਦ ਬਾਜ਼ੀ ਦਾ ਇਲਜ਼ਾਮ ਨਾ ਲੱਗ ਸਕੇ।

ਜੇ ਭਾਰਤ ਸਰਕਾਰ ਆਪਣੀ ਜ਼ਾਹਰਾਨਾ ਕਾਰਵਾਈ ਤੋਂ ਬਾਜ਼ ਨਾ ਆਈ ਤਾਂ 26 ਜਨਵਰੀ 1986 ਦੇ ਸਰਬੱਤ ਖਾਲਸਾ ਵਲੋਂ ਸਥਾਪਿਤ ਕੀਤੀ ਪੰਜ ਮੈਂਬਰੀ ਪੰਥਕ ਕਮੇਟੀ ਇਨਸਾਫ ਪਸੰਦ ਅਤੇ ਮਨੁੱਖੀ ਅਧਿਕਾਰਾਂ ਦੇ ਸਮਰਥਕਾਂ ਦੇਸ਼ਾਂ ਪਾਸੋਂ ਸਭ ਕਿਸਮ ਦੀ ਲੋੜੀਂਦੀ ਮਦਦ ਸਫਲਾਈ ਸਹਾਰਾ ਅਤੇ ਹਮਦਰਦੀ ਦੀ ਮੰਗ ਕਰੇਗੀ। ਯੂ. ਐਨ. ਉ. ਪਾਸੋਂ ਭੀ ਅਸੀਂ ਇਸੇ ਕਿਸਮ ਦੀ ਮਦਦ ਦੀ ਮੰਗ ਕਰਦੇ ਹਾਂ ਜਿਨ੍ਹਾਂ ਗਵਾਂਢੀ ਦੇਸ਼ਾਂ ਨੇ ਸਾਡੀ ਬਿਖੜੀ ਘੜੀ ਵਿਚ ਹਾਅ ਦਾ ਨਾਅਰਾ ਮਾਰਨ ਦਾ ਯਤਨ ਕੀਤਾ ਹੈ ਅਸੀਂ ਉਹਨਾਂ ਦਾ ਅਹਿਸਾਨ ਨਹੀਂ ਭੁਲਾਵਾਂਗੇ। ਬਦੇਸ਼ਾਂ ਵਿਚ ਰਹਿੰਦੇ ਹੋਏ ਸਿੰਘ ਸਿੰਘਣੀਆਂ ਦੇ ਭੀ ਅਸੀਂ ਬੜੇ ਸ਼ੁਕਰ ਗੁਜ਼ਾਰ ਹਾਂ ਕਿਉਂਕਿ ਉਹ ਸਾਡੇ ਦੁੱਖ ਵਿਚ ਸਾਡੇ ਨਾਲ ਮੋਢਾ ਜੋੜ ਕੇ ਖੜੇ ਹੋਏ। ਜੇ ਬਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਮਨਜ਼ੂਰ ਹੋਵੇ ਤਾਂ ਅਸੀਂ ਉਹਨਾਂ ਨੂੰ ਖਾਲਿਸਤਾਨ ਦੇ ਸਹਿਰੀ ਬਨਾਉਣ ਲਈ ਤਿਆਰ ਹੋਵਾਂਗੇ।

ਪੰਜ ਮੈਂਬਰੀ ਪੰਥਕ ਕਮੇਟੀ ਵਲੋਂ ਸਿੰਘਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਿੱਖਾਂ ਦੇ ਘਰਾਂ ਵਿਚੋਂ ਹਥਿਆਰ ਅਤੇ ਹੋਰ ਕਿਸੇ ਕਿਸਮ ਦਾ ਸਮਾਨ ਨਾ ਲੁੱਟਣ। ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝ ਰਹੇ ਸਿੰਘਾਂ ਸਿੰਘਣੀਆਂ ਦੀ ਹਰ ਪ੍ਰਕਾਰ ਨਾਲ ਸਹਾਇਤਾ ਅਤੇ ਹੌਂਸਲਾ ਹਫਜਾਈ ਕੀਤੀ ਜਾਵੇ ਕਿਉਂਕਿ ਸਿੰਘਾਂ ਦੇ ਕਿਲ੍ਹੇ ਸੰਗਤ ਹੀ ਹੈ।

## ਦਸਤਾਵੇਜ਼ ਐਲਾਨ

ਇਸ ਵਾਰ ਖਾਲਸਤਾਨ ਦੇ ਐਲਾਨ ਨੂੰ ਸੰਜੀਦਗੀ ਨਾਲ ਸਰਕਾਰ ਵਲੋਂ ਲਏ ਜਾਣ ਦਾ ਇਕ ਕਾਰਨ ਇਹ ਵੀ ਹੈ ਕਿ ਅਗੇ ਸਿਰਫ ਐਲਾਨ ਹੀ ਹੁੰਦੇ ਸਨ ਇਸ ਵਾਰ ਖਾਲਸਤਾਨ ਲਈ ਜੰਗ ਸ਼ੁਰੂ ਕਰਨ ਦਾ ਬਿਗਲ ਵੀ ਵਜਾਇਆ ਗਿਆ ਹੈ। ਇਹ ਬਿਗਲ ਵੀ ਉਨ੍ਹਾਂ ਵਲੋਂ ਵਜਾਇਆ ਗਿਆ ਹੈ ਜਿਨ੍ਹਾਂ ਉਤੇ ਅਗੇ ਵੀ ਹਿੰਸਕ ਕਾਰਵਾਈਆਂ ਕਰਨ ਦੇ ਦੋਸ਼ ਹਨ ਤੇ ਉਹ ਸਾਰੇ ਹੀ ਪੁਲੀਸ ਦੇ ਇਸ਼ਤਿਹਾਰੀ ਮੁਜਰਮ ਹਨ ਜਿਨ੍ਹਾਂ ਦੇ ਪਕੜਣ ਲਈ ਵਡੇ ਵਡੇ ਇਨਾਮ ਰਖੇ ਹੋਏ ਹਨ। ਇਸ ਤੋਂ ਇਲਾਵਾ ਮਜੂਦਾ ਹਿੰਸਕ ਵਾਤਾਵਰਣ ਵਿਚ ਇਹ ਵੀ ਅੰਦਾਜ਼ਾ ਲੱਗ ਸਕਦਾ ਹੈ ਕਿ ਖਾਲਸਤਾਨ ਦਾ ਐਲਾਨ ਕਿਧਰੇ ਹੋਰ ਹਿੰਸਕ ਕਾਰਵਾਈਆਂ ਵਧਾਉਣ ਵਿਚ ਸਹਾਈ ਨਾ ਹੋਵੇ। ਇਸ ਐਲਾਨ ਤੋਂ ਬਾਅਦ ਹਿੰਸਕ ਕਾਰਵਾਈਆਂ ਕੁਝ ਵਧੀਆਂ ਵੀ ਸਨ ਪਰ ਹੁਣ ਅਗੇ ਨਾਲੋਂ ਘਟ ਗਈਆਂ ਹਨ।

ਪੰਜਾਬ ਦੇ ਪਿੰਡਾਂ ਖਾਸ ਕਰਕੇ ਮਾਝੇ ਦੇ ਪਿੰਡਾਂ ਵਿਚ ਹਿੰਦੂਆਂ ਨੂੰ ਨਿਕਲ ਜਾਣ ਦੇ ਆਦੇਸ਼ ਤੇ ਦਹਿਸ਼ਤ ਭਰਿਆ ਮਹੌਲ ਆਦਿ ਵੀ ਇਸ ਐਲਾਨ ਨੂੰ ਗੰਭੀਰ ਬਣਾ ਦਿੰਦੇ ਹਨ। ਇਸ ਤੋਂ ਇਲਾਵਾ ਸਿਖਾਂ ਦੇ ਵਡੇ ਲਵੇ ਇਕਠਾਂ ਵਿਚ ਹਿੰਦੂਆਂ ਦਾ ਸਮਾਜਿਕ ਤੇ ਆਰਥਿਕ ਬਾਈਕਾਟ ਕਰਨ ਲਈ ਅਦੇਸ਼ ਵੀ ਸਥਿਤੀ ਨੂੰ ਗੰਭੀਰ ਬਣਾ ਦਿੰਦੇ ਹਨ ਭਾਵੇਂ ਅਮਲੀ ਤੌਰ ਉਤੇ ਇਨ੍ਹਾਂ ਅਦੇਸ਼ਾਂ ਦਾ ਸਿਖਾਂ ਉਤੇ ਹਾਲੀ ਕੋਈ ਅਸਰ ਨਹੀਂ। ਸਦੀਆਂ ਦੀਆਂ ਸਾਂਝਾਂ ਇਤਨੀ ਜਲਦੀ ਟੁਟੀਆਂ ਨਹੀਂ ਪਰ ਭਵਿਖ ਬਾਰੇ ਅਜ ਦੇ ਮਹੌਲ ਵਿਚ ਕੋਈ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਪਰ ਪਿੰਡਾਂ ਵਿਚ ਇਕ ਦੁਕਾ ਹਿੰਸਕ ਕਾਰਵਾਈਆਂ ਨੇ ਹੀ ਹਿੰਦੂਆਂ ਅੰਦਰ ਸਹਿਮ ਪੈਦਾ ਕਰ ਦਿਤਾ ਹੈ ਜਿਸ ਕਰਕੇ ਪਿੰਡਾਂ ਦੇ ਹਿੰਦੂ ਪੰਜਾਬ ਤੋਂ ਬਾਹਰ ਜਾਣ ਦੀ ਕੋਸ਼ਸ਼ ਵਿਚ ਹਨ। ਪੰਜਾਬ ਦੇ ਹਿੰਦੂਆਂ ਦੀਆਂ ਤੇ ਸਿਖਾਂ ਨਾਲ ਸਾਂਝਾਂ ਹਨ ਪਰ ਪੰਜਾਬ ਤੋਂ ਬਾਹਰ ਗਏ ਹੋਏ ਸਿਖ ਆਮ ਕਰਕੇ ਪੰਜਾਬੀ ਹਨ ਜਿਸ ਕਰਕੇ ਉਨ੍ਹਾਂ ਦੀਆਂ ਉਥੋਂ ਦੇ ਹਿੰਦੂਆਂ ਨਾਲ ਉਹ ਸਾਂਝਾਂ ਨਹੀਂ ਜੋ ਕਿ ਇਥੋਂ ਦੇ ਹਿੰਦੂਆਂ ਦੀਆਂ ਸਿਖਾਂ ਨਾਲ ਹਨ।

ਜੇ ਪੰਜਾਬ ਦਾ ਹਿੰਦੂ ਪੰਜਾਬ ਤੋਂ ਦੌੜਨ ਲੱਗ ਪਿਆ ਤਾਂ ਪੰਜਾਬ ਤੋਂ ਬਾਹਰ ਸਿਖ ਵਿਰੋਧੀ ਦੰਗੇ ਹੋ ਜਾਣਗੇ ਤੇ ਸਿਖਾਂ ਦਾ ਪੰਜਾਬ ਤੋਂ ਬਾਹਰ ਰਹਿਣਾ ਮੁਸ਼ਕਲ ਹੋ ਜਾਵੇਗਾ। ਸ਼ਾਇਦ ਇਹ ਕੁਝ ਹੀ ਖਾਲਸਤਾਨ ਦੇ ਸਮਰਥਕ ਚਾਹੁੰਦੇ ਹੋਣ। ਪਰ ਸਰਕਾਰ ਵੀ ਇਹ ਸਮਝਦੀ ਹੈ ਜਿਸ ਕਾਰਨ ਉਹ ਵੀ ਜਲਦੀ ਹਰਕਤ ਵਿਚ ਆ ਗਈ ਹੈ।

Sant Sipahi - The oldest Panthic Magazine/ www.santsipahi.org

੧ ਓ ਵਾਹਿਗੁਰੂ ਜੀ ਕੀ ਫਤਹਿ ॥

# ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ
# ਪੰਥਕ ਪੰਜ ਮੈਂਬਰੀ ਕਮੇਟੀ

ਨੰ......... —10-- ਮਿਤੀ..........

"ਖਾਲਿਸਤਾਨ" ਦੀ ਵਿਰੋਧ ਜਾਂ ਇਸਦੇ ਰਾਹ ਵਿਚ ਕੰਢੇ ਬੀਜਣ ਵਾਲੇ ਸਰਕਾਰੀ ਪਿਠੂ ਅਤੇ 'ਕ੍ਰੋਸ਼ਾ ਧਾਰੀ ਹਿੰਦੂਆਂ' ਨੂੰ ਤਾੜਨਾ ਕੀਤੀ ਜਾਂਦੀ ਹੈ ਕਿ ਪੰਜ ਮੈਂਬਰੀ ਪੰਥਕ ਕਮੇਟੀ ਉਹਨਾਂ ਦੇ ਕੁਕੱਰਮਾਂ ਨੂੰ ਅੱਖੋਂ ਪਰੋਖੇ ਨਹੀਂ ਕਰੇਗੀ ਅਤੇ ਉਹਨਾਂ ਦੀ ਸੁਧਾਈ ਜਰੂਰ ਕੀਤੀ ਜਾਵੇਗੀ। ਜੇਲ੍ਹਾਂ ਵਿਚ ਬੰਦ ਕੀਤੇ ਹੋਏ ਸਿੰਘ ਸਿੰਘਣੀਆਂ ਨੂੰ ਖਾਲਿਸਤਾਨ ਦੇ ਨਿਸ਼ਾਨੇ ਤੇ ਦ੍ਰਿੜ ਹੋਣ ਦਾ ਆਦੇਸ਼ ਦਿਤਾ ਜਾਂਦਾ ਹੈ ਅਤੇ ਉਹਨਾਂ ਦੀਆਂ ਕਠਨਾਈਆਂ ਅਤੇ ਹੋਰ ਸਮਸਿਆਵਾਂ ਦਾ ਸਮਾਂਧਾਨ ਲਭੱਣਲਈ ਪੰਜ ਮੈਂਬਰੀ ਪੰਥਕ ਕਮੇਟੀ ਆਪਣਾ ਫਰਜ਼ ਨਿਭਾਵੇਗੀ।

ਕਬਿ-ਬਾਚ।।ਦੋਹਰਾ।।

ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਿਆਇ।।
ਪੰਥ ਚਲੈ ਤਬੰ ਜਗਤ ਮੈ ਜਬ ਤੁਮ ਕਰਹੁ ਸਹਾਇ।।

ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ

ਪੰਥਕ ਕਮੇਟੀ
ਪੰਜ ਮੈਂਬਰੀ

ਗੁਰੂ ਪੰਥ ਦੇ ਦਾਸ
ਪੰਜ ਮੈਂਬਰੀ ਪੰਥਕ ਕਮੇਟੀ

ਭਾਈ ਧੰਨਾ ਸਿੰਘ ਭਾਈ ਗੁਰਦੇਵ ਸਿੰਘ ਭਾਈ ਗੁਰਬਚਨ ਸਿੰਘ

ਭਾਈ ਅਰੂੜ ਸਿੰਘ ਭਾਈ ਵੱਸਣ ਸਿੰਘ

ਨੋਟ: ਪੰਜ ਮੈਂਬਰੀ ਪੰਥਕ ਕਮੇਟੀ ਵਲੋਂ ਸਾਰੇ ਸਿੰਘਾਂ ਸਿੰਘਣੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਦੁਪੱਟੇ ਸਜਾਉਣ ਤਾਂ ਕਿ ਖਾਲਿਸਤਾਨ ਦੀ ਮੂੰਹ ਬੋਲਦੀ ਤਸਵੀਰ ਨਜ਼ਰ ਆਵੇ।

****

Sant Sipahi - The oldest Panthic Magazine/ www.santsipahi.org

# ਪਾਕਿਸਤਾਨ ਤੇ ਖਾਲਸਤਾਨ

ਭਾਰਤ ਸਰਕਾਰ ਦੇ ਬੁਲਾਰਿਆਂ ਦਾ ਘੜੀ ਮੁੜੀ ਇਹ ਕਹਿਣਾ ਕਿ ਪਾਕਿਸਤਾਨ ਵਲੋਂ ਖਾਲਸਤਾਨ ਦੀ ਲਹਿਰ ਦੀ ਸਹਾਇਤਾ ਕਰਨ ਦੇ ਉਨ੍ਹਾਂ ਕੋਲ ਪਕੇ ਸਬੂਤ ਹਨ, ਇਕ ਵਾਧੂ ਜੇਹੀ ਗੱਲ ਲਗਦੀ ਹੈ। ਜੇ ਕੋਈ ਸਬੂਤ ਵੀ ਨਾ ਹੋਵੇ ਤਾਂ ਵੀ ਪਾਕਿਸਤਾਨ ਸਰਕਾਰ ਨੂੰ ਇਤਨਾ ਬੇਵਕੂਫ ਨਹੀਂ ਸਮਝਣਾ ਚਾਹੀਦਾ ਕਿ ਉਹ ਖਾਲਸਤਾਨ ਲਹਿਰ ਦੀ ਹਮਾਇਤ ਨਹੀਂ ਕਰੇਗੀ। ਖਾਲਸਤਾਨ ਲਹਿਰ ਦਾ ਸਭ ਤੋਂ ਵਧ ਲਾਭ ਪਾਕਿਸਤਾਨ ਨੂੰ ਹੈ। ਜੇ ਸਿਖ ਭਾਰਤ ਦਾ ਵਿਰੋਧੀ ਹੋਵੇਗਾ ਤਾਂ ਉਸਦਾ ਝੁਕਾ ਪਾਕਿਸਤਾਨ ਵਲ ਹੋਵੇਗਾ। ਕਹਿੰਦੇ ਹੁੰਦੇ ਹਨ ਕਿ ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ। ਹਿੰਦੂ ਮੁਸਲਿਮ ਨਫਰਤ ਤੇ ਵਿਰੋਧਤਾ ਕਰਕੇ ਪਾਕਿਸਤਾਨ ਹੋਂਦ ਵਿਚ ਆਇਆ। ਪਾਕਿਸਤਾਨ ਬਣਨ ਨਾਲ ਉਹ ਨਫਰਤ ਵਧੀ ਹੈ ਘਟੀ ਨਹੀਂ ਹੈ ਜਿਸਦਾ ਸਬੂਤ ਪਿਛਲੇ 38 ਸਾਲਾਂ ਵਿਚ ਭਾਰਤ ਪਾਕ ਵਿਚਕਾਰ ਹੋ ਚੁਕੀਆਂ ਚਾਰ ਜੰਗਾਂ ਹਨ ਤੇ ਨਿਤ ਨਵੇਂ ਸੂਰਜ ਭਾਰਤ ਵਿਚ ਹੋ ਰਹੇ ਹਿੰਦੂ-ਮੁਸਲਮਾਨ ਫਸਾਦ ਹਨ।

ਪਾਕਿਸਤਾਨ ਜਦੋਂ ਤੋਂ ਹੋਂਦ ਵਿਚ ਆਇਆ ਹੈ ਉਸ ਵੇਲੇ ਤੋਂ ਜੇਹੜੀ ਵੀ ਸਰਕਾਰ ਪਾਕਿਸਤਾਨ ਵਿਚ ਹੋਂਦ ਵਿਚ ਆਈ ਉਸਨੇ ਹੀ ਸਿਖਾਂ ਨੂੰ ਆਪਣੇ ਵੱਲ ਖਿਚਣ ਦੀ ਕੋਸ਼ਸ਼ ਕੀਤੀ। ਰਾਜਨੀਤੀ ਦੇ ਮਾਹਿਰ ਪਾਕਿਸਤਾਨ ਦੇ ਮੁਸਲਮਾਨ ਲੀਡਰ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੀਆਂ ਦੋ ਵਡੀਆਂ ਗਲਤੀਆਂ ਸਮਝਦੇ ਸਨ ਕਿ ਉਹ ਕਸ਼ਮੀਰ ਦੇ ਸ਼ੇਖ ਅਬਦੁਲਾ ਨੂੰ ਆਪਣੇ ਨਾਲ ਗੰਡ ਨਾ ਸਕਿਆ ਤੇ ਪੰਜਾਬ ਵਿਚ ਮਾਸਟਰ ਤਾਰਾ ਸਿੰਘ ਨਾਲ ਕੋਈ ਸਮਝੌਤਾ ਨਾ ਕਰ ਸਕਿਆ। ਜੇ ਕਦੀ ਮਿਸਟਰ ਜਿਨਾਹ ਕਸ਼ਮੀਰੀਆਂ ਤੇ ਸਿਖਾਂ ਨੂੰ ਪਾਕਿਸਤਾਨ ਵਿਚ ਸ਼ਾਮਿਲ ਹੋਣ ਲਈ ਰਜ਼ਾਮੰਦ ਕਰ ਲੈਂਦਾ ਤਾਂ ਪਾਕਿਸਤਾਨ ਦੀਆਂ ਹਦਾਂ ਹੁਣ ਦੇ ਸੀਮਤ ਦਾਇਰੇ ਵਿਚ ਨਹੀਂ ਰਹਿਣੀਆਂ ਸਨ। ਪੰਜਾਬ ਦਾ ਸਿਖ ਹੀ ਪਾਕਿਸਤਾਨ ਦੀ ਸਰਹਦ ਨੂੰ ਅਗੋਂ ਵਧਣੋਂ ਰੋਕਦਾ ਹੈ। ਸਿਖ ਨੂੰ ਨਰਾਜ਼ ਕਰਨ ਦੀ ਗਲਤੀ ਮੁਸਲਮਾਨ ਲੀਡਰਾਂ ਨੇ ਉਸੇ ਵਕਤ ਮਹਿਸੂਸ ਕਰ ਲਈ ਸੀ ਤੇ ਉਹ ਸਿਖਾਂ ਨੂੰ ਖੁਸ਼ ਕਰਨ ਦੇ ਬਹਾਨੇ ਲਭਣ ਲਗ ਪਏ ਸਨ। ਪਾਕਿਸਤਾਨ ਪ੍ਰਤੀ ਸਿਖਾਂ ਦਾ ਰਵਈਆ ਵੇਖਕੇ ਪੰਡਤ ਜਵਾਹਰ ਲਾਲ ਨਹਿਰੂ ਨੇ ਇਕ ਵਾਰ ਮਾਸਟਰ ਤਾਰਾ ਸਿੰਘ ਜੀ ਨੂੰ ਆਖਿਆ ਸੀ, "ਪਾਕਿਸਤਾਨ ਆਪ ਦੀ ਬਹੁਤ ਤਰੀਫ ਕਰਦਾ ਹੈ।" ਮਾਸਟਰ ਜੀ ਨੇ ਜੁਆਬ ਦਿਤਾ, "ਹਾਂ ਕਰਦਾ ਹੈ ਕਿਉਂਕਿ ਉਹ ਅਕਲਮੰਦ ਹੈ। ਉਹ ਸਾਨੂੰ ਆਪਣੇ ਵੱਲ ਖਿਚਣਾ ਚਾਹੁੰਦਾ ਹੈ ਤੇ ਤੁਸੀਂ ਸਾਨੂੰ ਉਨ੍ਹਾਂ ਵੱਲ ਧਕੇਲ ਰਹੇ ਹੋ। ਅਸੀਂ ਨਾ ਉਨ੍ਹਾਂ ਦੇ ਖਿਚਣ ਨਾਲ ਉਨ੍ਹਾਂ ਵੱਲ ਗਏ ਹਾਂ ? ਤੇ ਨਾ ਆਪ ਦੇ ਧਕੇਲਣ ਨਾਲ, ਅਸੀਂ ਤੇ ਜਿਥੇ ਖੜੇ ਹਾਂ ਉਥੇ ਹੀ ਖੜੇ ਹਾਂ।"

ਪਾਕਿਸਤਾਨ ਤੇ ਅਗੇ ਹੀ ਸਿਖਾਂ ਨੂੰ ਆਪਣੇ ਵੱਲ ਖਿਚਣਾ ਚਾਹੁੰਦਾ ਸੀ। ਬਲਊ ਸਟਾਰ ਓਪਰੇਸ਼ਨ ਨਾਲ ਭਾਰਤ ਸਰਕਾਰ ਨੇ ਸਿਖਾਂ ਨੂੰ ਇਤਨਾਂ ਜ਼ੋਰ ਦਾ ਧਕਾ ਮਾਰਿਆ ਕਿ ਕੁਝ ਸਿਖ ਹੋਰ ਕੋਈ ਚਾਰਾ ਨਾ ਵੇਖਦੇ ਹੋਏ ਪਾਕਿਸਤਾਨ ਦੀ ਗੋਦ ਵਿਚ ਜਾ ਪਏ। ਬਲਊ ਸਟਾਰ ਓਪਰੇਸ਼ਨ ਤੇ ਉਸ ਤੋਂ ਬਾਅਦ ਪੰਜਾਬ ਦੇ ਪਿੰਡਾਂ ਵਿਚ ਹੋਈ ਫੌਜੀ ਕਾਰਵਾਈ ਤੋਂ ਦੁਖੀ ਹੋ ਕੇ ਜਾਨ ਬਚਾਉਣ ਲਈ ਕਈ ਨੌਜੁਆਨ ਪਾਕਿਸਤਾਨ ਦੀ ਸਰਹਦ ਪਾਰ ਕਰ ਗਏ। ਨੌਜੁਆਨਾਂ ਨੇ ਪਾਕਿਸਤਾਨ ਦੀ ਸਰਹਦ ਵੀ ਇਸੇ ਕਰਕੇ ਪਾਰ ਕੀਤੀ ਕਿਉਂਕੇ ਉਨ੍ਹਾਂ ਨੂੰ ਪਤਾ ਸੀ ਕਿ ਭਾਰਤ-ਪਾਕ ਦੁਸ਼ਮਣੀ ਕਾਰਨ ਪਾਕਿਸਤਾਨ ਹੀ ਉਨ੍ਹਾਂ ਨੂੰ ਪਨਾਹ ਦੇਵੇਗਾ ਜਿਨ੍ਹਾਂ ਨੂੰ ਭਾਰਤ ਸਰਕਾਰ ਨੇ ਬਾਗੀ ਕਰਾਰ ਦਿਤਾ ਹੈ। ਹੁਣ ਭਾਰਤ ਸਰਕਾਰ ਹਾਲ ਪਾਹਰਿਆ ਪਾਉਂਦੀ ਹੈ ਕਿ ਪਾਕਿਸਤਾਨ ਸਿਖ ਨੌਜੁਆਨਾਂ ਨੂੰ ਫੌਜੀ ਟਰੇਨਿੰਗ ਦੇਕੇ ਹਿੰਸਕ ਤੇ ਤੋੜ ਫੋੜ ਦੀਆਂ ਕਾਰਵਾਈਆ ਕਰਨ ਲਈ ਭਾਰਤ ਭੇਜਦਾ ਹੈ।

ਪਿਛਲੇ ਮਹੀਨੇ ਅੰਦਰੂਨੀ ਸੁਰਖਯਾ ਮੰਤ੍ਰੀ ਅਰੁਨ ਨਹਿਰੂ ਨੇ ਲੋਕ ਸਭਾ ਵਿਚ ਦਸਿਆ ਕਿ ਉਨ੍ਹਾਂ ਕੋਲ ਪੰਜਾਬ ਵਿਚ ਹੋ ਰਹੀਆਂ ਹਿੰਸਕ ਘਟਨਾਵਾਂ ਦੇ ਪਿਛੇ ਪਾਕਿਸਤਾਨ ਦਾ ਹੱਥ ਹੋਣ ਦੇ ਸਬੂਤ ਹਨ ਤੇ ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਕੇਹੜੀ ਕੇਹੜੀ ਥਾਂ ਸਿਖ ਨੌਜੁਆਨਾਂ ਨੂੰ ਫੌਜੀ ਟਰੇਨਿੰਗ ਦੇਣ ਲਈ ਪਾਕਿਸਤਾਨ ਨੇ ਕੈਂਪ ਲਾਏ ਹੋਏ ਹਨ ਤੇ ਇਨ੍ਹਾਂ ਨੂੰ ਕੀ ਕੀ ਮਦਦ ਦੇਕੇ ਭਾਰਤ ਭੇਜਿਆ ਜਾਂਦਾ ਹੈ।

ਸ੍ਰੀ ਅਰੁਨ ਨਹਿਰੂ ਨੇ ਇਹ ਵੀ ਦਾਹਵਾ ਕੀਤਾ ਕਿ ਪਿਛਲੇ ਛੇ ਮਹੀਨਿਆਂ ਵਿਚ 25,30 ਦਹਿਸ਼ਤਵਾਦੀ ਪਕੜੇ ਗਏ ਹਨ ਤੇ ਉਨ੍ਹਾਂ ਨੇ ਪੁਛ ਤਾਛ ਵਿਚ ਮੰਨਿਆ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਚ ਫੌਜੀ ਟਰੇਨਿੰਗ ਦਿਤੀ ਗਈ ਸੀ। ਇਨ੍ਹਾਂ ਨੇ ਇਹ ਵੀ ਦਸਿਆ ਹੈ ਕਿ ਉਹ ਪਾਕਿਸਤਾਨ ਵਿਚ ਕੇਹੜੇ ਕੇਹੜੇ ਲੋਕਾਂ ਨੂੰ ਮਿਲੇ. ਉਨ੍ਹਾਂ ਨੂੰ ਕੇਹੜੀ ਕੇਹੜੀ ਥਾਂ ਉਤੇ ਲਿਜਾਇਆ ਗਿਆ। ਪਰ ਏਹੋ ਜੇਹੇ ਇਨਟੈਰੋਗੇਸ਼ਨ ਨੂੰ ਦਿਤੇ ਗਏ ਹਲਫੀਆ ਬਿਆਨਾਂ ਉਤੇ ਵੀ ਪੂਰਾ ਯਕੀਨ ਕਰਨਾ ਮੁਸ਼ਕਲ ਹੁੰਦਾ ਹੈ। ਇਨ੍ਹਾਂ ਹਲਫੀਆ ਬਿਆਨਾਂ ਉਤੇ ਕੁਝ ਨਾ ਕੁਝ ਯਕੀਨ ਇਸ ਕਰਕੇ ਕਰਨਾ ਪੈਂਦਾ ਹੈ ਕਿ ਪੰਜਾਬ ਦੇ ਵਖਰੇ ਵਖਰੇ ਜ਼ਿਲਿਆਂ ਵਿਚੋਂ ਪਕੜੇ ਗਏ ਕਥਿਤ ਦਹਿਸ਼ਤਵਾਦੀਆਂ ਤੇ ਰਾਜਸਥਾਨ ਦੀ ਸਰਹਦ ਤੋਂ ਪਕੜੇ ਗਏ ਦਹਿਸ਼ਤਵਾਦੀਆਂ ਦੇ ਬਿਆਨ ਆਪਸ ਵਿਚ ਕਾਫ਼ੀ ਮਿਲਦੇ ਹਨ ਭਾਵੇਂ ਇਨ੍ਹਾਂ ਨੂੰ ਵੱਖ ਵੱਖ ਥਾਂ ਉਤੇ ਇੰਨਟੈਰੋਗੇਟ ਕੀਤਾ ਗਿਆ। ਇਨ੍ਹਾਂ ਦੇ ਹਲਫੀਆ ਬਿਆਨਾਂ ਨਾਲ ਹੀ ਮਿਲਦੀ ਜੁਲਦੀ ਜਾਣਕਾਰੀ ਭਾਰਤ ਦੇ ਖੁਫੀਆ ਵਿਭਾਗਾਂ ਨੇ ਪਰਾਪਤ ਕੀਤੀ ਹੈ ਜੋ ਕਿ ਪੰਜਾਬ ਦੀ ਸਥਿਤੀ ਵਿਚ ਪਾਕਿਸਤਾਨ ਦਾ ਹੱਥ ਜਾਣਨ ਲਈ ਕੋਸ਼ਸ਼ ਕਰਦੇ ਹਨ। ਇਹ ਸਾਰੇ ਇਕ ਗੱਲ ਦਸਦੇ ਹਨ ਕਿ ਜਿਨ੍ਹਾਂ ਸਿਖ ਨੌਜੁਆਨਾਂ ਨੂੰ ਫੌਜੀ ਟਰੇਨਿੰਗ ਦਿਤੀ ਜਾ ਰਹੀ ਹੈ ਉਹ ਕਾਗਜ਼ੀ ਕਾਰਵਾਈ ਅਨੁਸਾਰ ਫੈਸਲਾਬਾਦ ਜੇਲ੍ਹ ਵਿਚ ਰਖੇ ਹੋਏ ਹਨ।

ਸਰਕਾਰੀ ਹਲਕਿਆਂ ਤੋਂ ਇਹ ਜਾਣਕਾਰੀ ਵੀ ਮਿਲੀ ਹੈ ਕਿ ਪਿਛਲੇ ਛੇ ਮਹੀਨਿਆਂ ਵਿਚ ਜਿਤਨੇ ਵੀ ਕਥਿਤ ਅਤਿਵਾਦੀ ਪਕੜੇ ਗਏ ਹਨ ਉਹ ਸਾਰੇ ਹੀ ਦਹਿਸ਼ਤਵਾਦੀ ਕਾਰਵਾਈਆਂ ਕਰਨ ਤੋਂ ਪਹਿਲਾਂ ਇਕ ਖਤਰਨਾਕ ਕਿਸਮ ਦੇ ਜਰਾਇਮ ਪੇਸ਼ਾ ਲੋਕ ਸਨ। ਇਨ੍ਹਾਂ ਵਿਚੋਂ ਇਕ ਦਹਿਸ਼ਤਵਾਦੀ ਹਰਜਿੰਦਰ ਸਿੰਘ ਜਿੰਦਾ ਵੀ ਸ਼ਾਮਿਲ ਹੈ। ਹਰਜਿੰਦਰ ਸਿੰਘ ਨੂੰ ਬੈਂਕ ਲੁਟਣ ਦੇ ਦੋਸ਼ ਵਿਚ ਸਜ਼ਾ ਹੋਈ ਸੀ ਤੇ ਉਹ ਹੁਣ

Sant Sipahi - The oldest Panthic Magazine/ www.santsipahi.org





ਪਾਕਿਸਤਾਨ ਵਿਚ ਕਥਿਤ ਟਰੇਨਿੰਗ ਸੈਂਟਰ।

ਅਲਾਹਬਾਦ ਜੇਲ੍ਹ ਵਿਚੋਂ ਫਰਾਰ ਹੋ ਗਿਆ ਹੈ। ਦਵਿੰਦਰ ਸਿੰਘ ਨੇ ਕਈ ਕਤਲ ਕੀਤੇ ਸਨ ਤੇ ਬਾਅਦ ਵਿਚ ਉਹ ਸੰਤ ਭਿੰਡਰਾਂਵਾਲਿਆਂ ਦਾ ਚੇਲਾ ਬਣ ਗਿਆ ਸੀ। ਇਨ੍ਹਾਂ ਵਿਚ ਜਾਣੇ ਜਾਣ ਵਾਲੇ ਨਸ਼ੀਲੀਆਂ ਚੀਜ਼ਾਂ ਦੇ ਸਮਗਲਰ ਉਪਕਾਰ ਸਿੰਘ ਤੇ ਬਖਸ਼ੀਸ਼ ਸਿੰਘ ਵੀ ਸ਼ਾਮਿਲ ਹਨ।

ਇਸ ਸਾਰੀ ਇੰਨਟੈਰੋਗੇਸ਼ਨ ਤੋਂ ਜੋ ਮੁਢਲਾ ਤੱਤ ਪਤਾ ਲਗਾ ਹੈ ਉਹ ਹੈ ਕਿ ਪਾਕਿਸਤਾਨ ਦਾ ਬਾਰਡਰ ਟਪਣਾ ਕੋਈ ਔਖੀ ਗੱਲ ਨਹੀਂ। ਇਕ ਕਥਿਤ ਦਹਿਸ਼ਤਵਾਦੀ ਗੁਰਵਿੰਦਰ ਸਿੰਘ ਨੇ ਮੰਨਿਆ ਹੈ ਕਿ ਉਹ ਡੇਰਾ ਬਾਬਾ ਨਾਨਕ ਦੇ ਹਾਰੋਵਾਲ ਪਿੰਡ ਤੋਂ ਬਾਰਡਰ ਟਪਕੇ ਪਾਕਿਸਤਾਨ ਗਿਆ ਸੀ। ਸਰਬਜੀਤ ਸਿੰਘ ਸਕੱਤ੍ਰ ਆਲ ਇੰਡੀਆ ਸਿਖ ਸਟੂਡੈਂਟ ਫਡਰੇਸਨ ਵਾਲੇ ਨੇ ਮੰਨਿਆ ਹੈ ਕਿ ਉਹ ਜੰਮੂ ਤੋਂ ਕਸਮੀਰ ਦੇ ਬਾਰਡਰ ਦੀ ਬਸ ਉਤੇ ਬੈਠਾ ਅਤੇ ਹੌਲੀ ਜੇਹੀ ਚੁਪੀਤੇ ਹੀ ਪਾਕਿਸਤਾਨੀ ਕਸ਼ਮੀਰ ਦੇ ਇਕ ਪਿੰਡ ਖਰੂਆਰੇ ਵਿਚ ਚਲਾ ਗਿਆ। ਇਕ ਹੋਰ ਦਹਿਸ਼ਤਵਾਦੀ ਜਿੰਦਲ ਨੇ ਦਸਿਆ ਕਿ ਉਹ ਗੰਗਾਨਗਰ ਤੋਂ ਹੱਦ ਪਾਰ ਕਰਕੇ ਪਾਕਿਸਤਾਨ ਗਿਆ ਸੀ। ਦਵਿੰਦਰ ਸਿੰਘ ਨੇ ਦਸਿਆ ਕਿ ਉਹ ਫਿਰੋਜ਼ਪੁਰ ਸਰਹਦ ਤੋਂ ਪਾਕਿਸਤਾਨ ਦੇ ਇਕ ਪਿੰਡ ਗੰਡਾਚਕ ਵਿਚ ਗਿਆ ਸੀ। ਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਹਰ ਤੀਜੇ ਦਿਨ ਕੋਈ ਨਾ ਕੋਈ ਬਾਰਡਰ ਟਪ ਕੇ ਪਾਕਿਸਤਾਨ ਉਨ੍ਹਾਂ ਕੋਲ ਪੁਜਦਾ ਰਹਿੰਦਾ ਸੀ ਜਿਸ ਕਰਕੇ ਉਨ੍ਹਾਂ ਨੂੰ ਪਤਾ ਲਗਦਾ ਰਹਿੰਦਾ ਸੀ ਕਿ ਅੰਮ੍ਰਿਤਸਰ ਵਿਚ ਕੀ ਹੋ ਰਿਹਾ ਹੈ।

ਪੁਲੀਸ ਅਨੁਸਾਰ ਬਖਸ਼ੀਸ਼ ਸਿੰਘ ਤੇ ਉਪਕਾਰ ਸਿੰਘ ਬੜੀ ਦੇਰ ਤਕ ਹੀਰੋਇਨ ਤੇ ਅਫੀਮ ਦੀ ਸਮਗਲਿੰਗ ਕਰਦੇ ਰਹੇ ਸਨ। ਇਸ ਕਰਕੇ ਉਹ ਸਾਰਿਆਂ ਰਸਤਿਆਂ ਤੋਂ ਜਾਣੂ ਸਨ ਕਿ ਉਨ੍ਹਾਂ ਨੇ ਕਿਥੋਂ ਕਿਥੋਂ ਬਾਰਡਰ ਟਪਕੇ ਕਿਥੇ ਕਿਥੇ ਜਾਣਾ ਹੈ ਤੇ ਅਗੋਂ ਉਨ੍ਹਾਂ ਨੂੰ ਠਾਹਰਾਂ ਦਾ ਵੀ ਪਤਾ ਸੀ। ਉਨ੍ਹਾਂ ਨੇ ਆਪਣੇ ਸਾਥੀਆਂ ਦੀ ਬਹੁਤ ਸਹਾਇਤਾ ਕੀਤੀ।

ਪੁਲੀਸ ਹਲਕਿਆਂ ਦੇ ਕਹਿਣ ਅਨੁਸਾਰ ਸਾਰੇ ਦਹਿਸ਼ਤਵਾਦੀਆਂ ਦਾ ਪਾਕਿਸਤਾਨ ਨਾਲ ਮੁਢਲਾ ਸਬੰਧ ਦਰਬਾਰ ਸਾਹਿਬ ਜਾਂ ਕਿਸੇ ਹੋਰ ਗੁਰਦੁਆਰੇ ਵਿਚ ਬਣਿਆ ਜਿਥੇ ਕਿ ਭਰਤੀ ਕਰਨ ਵਾਲੇ ਏਜੰਟ ਬੈਠੇ ਹੁੰਦੇ ਸਨ। ਗੁਰਵਿੰਦਰ ਸਿੰਘ ਦੇ ਕਹਿਣ ਅਨੁਸਾਰ ਉਹ ਪਹਿਲੀ ਵਾਰੀ ਦਰਬਾਰ ਸਾਹਿਬ ਬਲਵਿੰਦਰ ਸਿੰਘ ਨੂੰ ਨਵੰਬਰ 1984 ਵਿਚ ਮਿਲਿਆ ਤੇ ਉਸ ਰਾਹੀਂ ਉਹ ਪਾਕਿਸਤਾਨ ਦੀ ਸਰਹਦ ਟਪਕੇ ਉਥੇ ਫੌਜੀ ਟਰੇਨਿੰਗ ਲੈਣ ਲਈ ਚਲਿਆ ਗਿਆ। ਗੁਰਵਿੰਦਰ ਸਿੰਘ ਨੇ ਇਹ ਵੀ ਦਸਿਆ ਕਿ ਉਸਦਾ ਪਹਿਲਾ ਸਬੰਧ ਕਿਸੇ ਏਜੰਟ ਨਾਲ ਹਜ਼ੂਰ ਸਾਹਿਬ ਹੋਇਆ ਸੀ ਜਿਸਨੇ ਉਸਨੂੰ ਦਸਿਆ ਕਿ ਭਿੰਡਰਾਂਵਾਲੇ ਪਾਕਿਸਤਾਨ ਵਿਚ ਹਨ।

ਇਨ੍ਹਾਂ ਪਾਕਿਸਤਾਨ ਤੋਂ ਹੋਕੇ ਆਏ ਕਥਿਤ ਦਹਿਸ਼ਤਵਾਦੀਆਂ ਦਾ ਕਹਿਣਾ ਹੈ ਕਿ ਇਕ ਵਾਰ ਤੁਸੀਂ ਪਾਕਿਸਤਾਨ ਦੀ ਸਰਹਦ ਟਪ ਜਾਉ ਫਿਰ ਤੁਹਾਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ। ਤੁਸੀਂ ਸਿਧਾ ਹੀ ਪੁਲੀਸ ਚੌਂਕੀ ਚਲੇ ਜਾਉ ਤੇ ਉਥੇ ਜਾਕੇ ਦਸੋ ਕਿ ਉਹ ਸੰਤ ਭਿੰਡਰਾਂਵਾਲਿਆਂ ਦੇ ਸ਼ਰਧਾਲੂ ਹਨ ਤਾਂ ਉਹ ਤੁਹਾਡੀ ਦੁੱਧ ਤੇ ਮਿਠਾਈ ਨਾਲ ਖਾਤਿਰ ਕਰਦੇ ਹਨ। ਜਿੰਦਲ ਦੇ ਕਹਿਣ ਅਨੁਸਾਰ ਕਿ ਫਿਰ ਇਕ ਜੀਪ ਵਿਚ ਕੁਝ ਵਰਦੀ ਵਾਲੇ ਬੰਦੇ ਆਏ ਜੋ ਉਨ੍ਹਾਂ ਨੂੰ ਕਿਧਰੇ ਹੋਰ ਲੈ ਗਏ। ਉਹ ਤਕਰੀਬਨ ਛੇ ਮਹੀਨੇ ਪਾਕਿਸਤਾਨ ਰਿਹਾ ਹੈ। ਗੁਰਵਿੰਦਰ ਤੇ ਦਵਿੰਦਰ ਦੋਹਾਂ ਨੂੰ ਫੈਸਲਾਬਾਦ ਲਿਜਾਇਆ ਗਿਆ ਜਿਥੇ ਕਿ 200 ਹੋਰ ਬੰਦੇ ਸਨ ਜੋ ਕਿ ਬਲਊ ਸਟਾਰ ਓਪਰੇਸ਼ਨ ਸਮੇਂ ਦੌੜਕੇ ਪਾਕਿਸਤਾਨ ਗਏ ਸਨ। ਇਨ੍ਹਾਂ ਵਿਚੋਂ ਇਕ ਸੌ ਤੇ ਸਿਰਫ ਗੁਰਦਾਸਪੁਰ ਜ਼ਿਲੇ ਦੇ ਹੀ ਹੋਣੇ ਹਨ।

ਭਾਰਤ ਤੋਂ ਪਾਕਿਸਤਾਨ ਦੌੜਕੇ ਗਏ ਸਿਖ ਨੌਜੁਆਨਾਂ ਨੂੰ ਪਾਕਿਸਤਾਨੀ ਅਫਸਰ ਆਕੇ ਸੰਬੋਧਨ ਕਰਦੇ ਹਨ ਤੇ ਉਨ੍ਹਾਂ ਦੇ ਦਿਮਾਗ ਵਿਚ ਬਿਠਾਉਂਦੇ ਹਨ ਕਿ ਉਨ੍ਹਾਂ ਨੂੰ ਸਿਖਾਂ ਲਈ ਅਜ਼ਾਦੀ ਹਾਸਿਲ ਕਰਨ ਲਈ ਭਾਰਤ ਸਰਕਾਰ ਵਿਰੁਧ ਲੜ ਕੇ ਖਾਲਸਤਾਨ ਦੀ ਸਥਾਪਨਾ ਕਰਨੀ ਪਵੇਗੀ। ਉਨ੍ਹਾਂ ਨੂੰ ਯਕੀਨ ਕਰਵਾਇਆ ਜਾਂਦਾ ਹੈ ਕਿ ਓਹ ਹਿੰਦੂਆਂ ਨੂੰ ਕਤਲ ਕਰਨ ਤਾਂ ਕਿ ਪੰਜਾਬ ਵਿਚ ਫਿਰਕੂ ਦੰਗੇ ਹੋ ਜਾਣ। ਜੇ ਖਾਲਸਤਾਨ ਬਨਾਉਣਾ ਜੇ ਤਾਂ ਖੂਨ ਦੀਆਂ ਨਦੀਆਂ ਵਹਾਉਣੀਆਂ ਪੈਣਗੀਆਂ। ਪਾਕਿਸਤਾਨੀ ਅਫਸਰਾਂ ਤੋਂ ਬਿਨਾਂ ਉਥੇ ਸਿਖ ਲੀਡਰ ਵੀ ਲਿਆ ਕੇ ਉਨ੍ਹਾਂ ਕੋਲੋਂ ਲੈਕਚਰ ਦਵਾਏ ਜਾਂਦੇ ਸਨ ਜੋ ਕਿ ਇਸੇ ਹੀ ਬੋਲੀ ਵਿਚ ਬੋਲਦੇ ਸਨ। ਦਵਿੰਦਰ ਸਿੰਘ ਬਲਊ ਸਟਾਰ ਓਪਰੇਸ਼ਨ ਤੋਂ ਦੋ ਦਿਨ ਪਹਿਲਾਂ ਤਕ ਸੰਤ ਭਿੰਡਰਾਂਵਾਲਿਆਂ ਕੋਲ ਦਰਬਾਰ ਸਾਹਿਬ ਅੰਦਰ ਸੀ। ਇਨ੍ਹਾਂ ਲੈਕਚਰ ਦੇਣ ਵਾਲੇ ਸਿਖ ਲੀਡਰਾਂ ਦੀ ਦਵਿੰਦਰ ਸਿੰਘ ਨੇ ਸ਼ਨਾਖਤ ਕੀਤੀ ਹੈ ਭਾਈ ਜਸਬੀਰ ਸਿੰਘ ਜੋ ਕਿ ਸੰਤ ਭਿੰਡਰਾਂਵਾਲੇ ਦੇ ਭਤੀਜੇ ਹਨ ਤੇ ਹੁਣ ਭਾਰਤ ਦੀ ਜੇਲ੍ਹ ਵਿਚ ਹਨ। ਦੂਜਾ ਸੀ ਸਰਦਾਰ ਬਲਬੀਰ ਸਿੰਘ ਸੰਧੂ ਸੈਕਟਰੀ ਜਨਰਲ ਖਾਲਸਤਾਨ ਤੇ ਭਾਈ ਸੁਖਦੇਵ ਸਿੰਘ ਬਬਰ ਖਾਲਸਾ ਦਲ ਦਾ ਮੁਖੀ।

ਦਵਿੰਦਰ ਸਿੰਘ, ਗੁਰਵਿੰਦਰ ਸਿੰਘ ਤੇ ਸਰਬਜੀਤ ਸਿੰਘ ਤਿੰਨਾਂ ਨੂੰ ਲਾਹੌਰ ਵੀ ਲਿਜਾਇਆ



ਸਰਬਜੀਤ ਸਿੰਘ

Sant Sipahi - The oldest Panthic Magazine/ www.santsipahi.org



ਗਿਆ ਜਿਥੇ ਉਹ ਹੋਰ ਅਤਿਵਾਦੀ ਲੀਡਰਾਂ ਨੂੰ ਮਿਲੇ ਜਿਨ੍ਹਾਂ ਵਿਚ ਅਤਿੰਦਰਪਾਲ ਸਿੰਘ ਸਾਬਕਾ ਐਕਟਿੰਗ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਤੇ ਸੰਤ ਭਿੰਡਰਾਂਵਾਲੇ ਦਾ ਭਤੀਜਾ ਗੁਰਜੀਤ ਸਿੰਘ ਸ਼ਾਮਿਲ ਹਨ। ਪੁਲੀਸ ਹਲਕਿਆਂ ਅਨੁਸਾਰ ਇਥੇ ਇਨ੍ਹਾਂ ਸਾਰਿਆਂ ਨੂੰ 38 ਬੋਰ ਤੇ 455 ਬੋਰ ਦੇ ਰਿਵਾਲਵਰ ਤੇ ਸਟੇਨ ਗੰਨਾਂ ਚਲਾਉਣ ਦੀ ਜਾਚ ਸਿਖਾਈ ਜਾਂਦੀ ਹੈ। ਪਰ ਇਕ ਗੱਲ ਸਮਝ ਨਹੀਂ ਆਉਂਦੀ ਕਿ ਸੰਤ ਭਿੰਡਰਾਂਵਾਲਿਆਂ ਕੋਲ ਰਹਿਣ ਵਾਲੇ ਤੇ ਸਾਰੇ ਹੀ ਹਥਿਆਰ ਚਲਾਉਣਾ ਜਾਣਦੇ ਸਨ ਤੇ ਪੰਜਾਬ ਵਿਚ ਇਹ ਹਥਿਆਰ ਕੋਈ ਓਪਰੇ ਨਹੀਂ ਜਿਨ੍ਹਾਂ ਨੂੰ ਚਲਾਉਣਾ ਸਿਖਣ ਵਾਸਤੇ ਪਾਕਿਸਤਾਨ ਜਾਣ ਦੀ ਲੋੜ ਹੋਵੇ।

ਪੁਲੀਸ ਹਲਕਿਆਂ ਅਨੁਸਾਰ ਸਰਬਜੀਤ ਸਿੰਘ ਨੇ ਇਹ ਵੀ ਮੰਨਿਆ ਹੈ ਕਿ ਪਾਕਿਸਤਾਨ ਵਿਚ ਉਨ੍ਹਾਂ ਨੂੰ ਰਸਾਇਣੀ ਹਥਿਆਰ ਚਲਾਉਣ ਦੀ ਜਾਚ ਵੀ ਸਿਖਾਈ ਗਈ ਤੇ ਨਾਲ ਹੀ ਇਹ ਵੀ ਦਸਿਆ ਕਿ ਦਰਿਆਵਾਂ ਉਤੇ ਬਣੇ ਹੋਏ ਪੁਲ ਕਿਸ ਤਰ੍ਹਾਂ ਉਡਾਈਦੇ ਹਨ, ਹੱਥਕੜੀਆਂ ਕਿਸ ਤਰ੍ਹਾਂ ਖੋਲੀਦੀਆਂ ਹਨ ਤੇ ਬੰਬ ਕਿਸ ਤਰ੍ਹਾਂ ਬਣਾਈਦੇ ਹਨ।

ਗੁਰਵਿੰਦਰ ਸਿੰਘ ਦੇ ਇਕਬਾਲ ਮੁਜਬ ਉਹ ਅਜਨਾਲੇ ਕੋਲੋਂ ਸਰਹੱਦ ਟੱਪ ਕੇ ਭਾਰਤ ਆ ਗਏ ਤੇ ਉਨ੍ਹਾਂ ਨੂੰ ਖਾਲਸਤਾਨ ਕਮਾਂਡੋ ਦਾ ਹਰੀ ਸਿੰਘ ਮਿਲਿਆ ਜਿਸ ਨੇ ਕਿਹਾ ਕਿ ਉਹ ਦਰਬਾਰ ਸਾਹਿਬ ਜਾ ਕੇ ਦਮਦਮੀ ਟਕਸਾਲ ਦੇ ਬੁਲਾਰੇ ਮੋਹਕਮ ਸਿੰਘ ਨੂੰ ਮਿਲਣ ਜੋ ਉਨ੍ਹਾਂ ਨੂੰ ਪੂਰੀਆਂ ਹਦਾਇਤਾਂ ਦੇਵੇਗਾ। ਉਸ ਨੇ ਉਨ੍ਹਾਂ ਨੂੰ ਕਿਹਾ ਕਿ ਫਗਵਾੜਾ ਯੂਨਿਟ ਦੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਮਖਣ ਸਿੰਘ ਨੂੰ ਖਤਮ ਕਰਨਾ ਹੈ। ਪਰ ਗੁਰਵਿੰਦਰ ਸਿੰਘ ਦਰਬਾਰ ਸਾਹਿਬੋਂ ਨਿਕਲਦਿਆਂ ਹੀ ਪਕੜਿਆ ਗਿਆ।

ਪੁਲੀਸ ਕੋਲ ਦਿਤੇ ਇਕਬਾਲੀਆਂ ਬਿਆਨਾਂ ਅਨੁਸਾਰ ਸਰਬਜੀਤ ਸਿੰਘ ਤੇ ਦਵਿੰਦਰ ਸਿੰਘ 20 ਹੋਰ ਦਹਿਸ਼ਤਵਾਦੀਆਂ ਨਾਲ ਸਰਹੱਦ ਟੱਪ ਕੇ ਆਏ ਸਨ ਤੇ ਉਨ੍ਹਾਂ ਨੂੰ ਸਪਸ਼ਟ ਹਦਾਇਤਾਂ ਸਨ ਕਿ ਤੁਸਾਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਨਹੀਂ ਹੋਣ ਦੇਣੀਆਂ। ਅੰਮ੍ਰਿਤਸਰ ਆ ਕੇ ਇਹ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਨਵੇਂ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਨੂੰ ਮਿਲੇ ਤੇ ਉਥੇ ਹੀ ਉਨ੍ਹਾਂ ਨੂੰ ਯੂਨਾਇਟਿਡ ਅਕਾਲੀ ਦਲ ਦੇ ਲੀਡਰ ਬਾਬਾ ਜੋਗਿੰਦਰ ਸਿੰਘ, ਇੰਦ੍ਰਜੀਤ ਸਿੰਘ ਸੇਖੋਂ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਮਿਲੇ। ਇਨ੍ਹਾਂ ਨੂੰ ਕਿਹਾ ਗਿਆ ਕਿ ਉਨ੍ਹਾਂ ਨੇ ਪਹਿਲਾਂ ਸਰਦਾਰ ਗੁਰਚਰਨ ਸਿੰਘ ਟੌਹੜੇ ਦਾ ਫਸਤਾ ਮੁਕਾਉਣਾ ਹੈ। ਉਹ ਇਸ ਕੰਮ ਲਈ ਜੋਤੀ ਸਰੂਪ ਗੁਰਦੁਆਰੇ ਵੀ ਗਏ ਪਰ ਉਨ੍ਹਾਂ ਦੀ ਪੇਸ਼ ਨਾ ਗਈ।

ਦਵਿੰਦਰ ਸਿੰਘ ਦੇ ਕਹਿਣ ਅਨੁਸਾਰ ਫਿਰ ਉਸ ਨੂੰ ਤਰਨ ਤਾਰਨ ਦੇ ਰਾਮ ਲੁਭਾਏ ਨੂੰ ਚੁੱਕਣ ਦਾ ਅਦੇਸ਼ ਦਿਤਾ ਗਿਆ ਤੇ ਉਹ ਕੰਮ ਉਸ ਨੇ ਦੂਜੇ ਦਿਨ ਹੀ ਕਰ ਦਿਤਾ। ਰਾਮ ਲੁਭਾਏ ਨੂੰ ਗੋਲੀਆਂ ਮਾਰ ਕੇ ਉਹ ਅਰਾਮ ਨਾਲ ਤੁਰ ਕੇ ਸਦਰ ਪੁਲੀਸ ਸਟੇਸ਼ਨ ਚਲਾ ਗਿਆ ਤੇ ਅਖਬਾਰ




ਕਿਹਾ ਜਾਂਦਾ ਹੈ ਪਾਕਿਸਤਾਨੀ ਅੱਤਵਾਦੀਆਂ ਨੂੰ ਟਰੇਨਿੰਗ ਦੇ ਰਹੇ ਹਨ।

ਪੜ੍ਹਨ ਲੱਗ ਪਿਆ। ਉਸ ਉਤੇ ਕਿਸੇ ਨੇ ਸ਼ੱਕ ਹੀ ਨਹੀਂ ਕੀਤਾ। ਫਿਰ ਉਹ ਰਾਮ ਲੁਭਾਏ ਦੀ ਅਰਥੀ ਨਾਲ ਵੀ ਸ਼ਾਮਿਲ ਹੋਇਆ।

ਸਰਬਜੀਤ ਸਿੰਘ ਨੇ ਕਈ ਥਾਵਾਂ ਬਾਰੇ ਵਿਸਥਾਰ ਨਾਲ ਦਸਿਆ ਹੈ ਜਿਥੇ ਭਿੰਡਰਾਂਵਾਲੇ ਦੇ ਵਕਤ ਦੇ ਆਦਮੀ ਰਹਿ ਰਹੇ ਹਨ। ਜਿਨ੍ਹਾਂ ਵਿਚ ਅਤਿੰਦਰਪਾਲ ਸਿੰਘ, ਗੁਰਜੀਤ ਸਿੰਘ, ਸੁਖਦੇਵ ਸਿੰਘ ਬੱਬਰ ਤੇ ਬਲਬੀਰ ਸਿੰਘ ਸੰਧੂ ਹਨ। ਪਰ ਅਕਾਲ ਫੈਡਰੇਸ਼ਨ ਦਾ ਕੰਵਰ ਸਿੰਘ ਸਿਆਲਕੋਟ ਹੈ। ਫੈਸਲਾ ਬਾਦ ਦੋ ਕੁ ਸੌ ਬੰਦੇ ਹਨ ਤੇ ਲਾਹੌਰ ਦੀ ਲਖਪਤ ਰਾਏ ਜੇਲ੍ਹ ਵਿਚ ਪੰਜ ਸੌ ਆਦਮੀ ਹਨ ਤੇ ਕੁਝ ਬੰਦੇ ਸਿਆਲਕੋਟ ਵੀ ਹਨ। ਖੁਫੀਆ ਵਿਭਾਗ ਅਨੁਸਾਰ 1500 ਤੋਂ ਲੈ ਕੇ 2000 ਤਕ ਸਿੱਖ ਨੌਜੁਆਨ ਪਾਕਿਸਤਾਨ ਵਿਚ ਟਰੇਨਿੰਗ ਲੈ ਰਹੇ ਹਨ।

ਇਸ ਤੋਂ ਇਲਾਵਾ ਖਾਲਸਤਾਨ ਦੀ ਬਦੇਸ਼ਾਂ ਵਿਚ ਚੱਲ ਰਹੀ ਲਹਿਰ ਨੂੰ ਵੀ ਪਾਕਿਸਤਾਨ ਵਲੋਂ ਸਹਾਇਤਾ ਕੀਤੀ ਜਾਣ ਦੀਆਂ ਰਿਪੋਰਟਾਂ ਭਾਰਤ ਸਰਕਾਰ ਨੂੰ ਮਿਲਦੀਆਂ ਰਹਿੰਦੀਆਂ ਹਨ। ਹੋ ਸਕਦਾ ਹੈ ਕਿ ਇਹ ਸਾਰੀਆਂ ਖ਼ਬਰਾਂ ਸੱਚੀਆਂ ਨਾ ਵੀ ਹੋਣ ਜਾਂ ਭਾਰਤ ਸਰਕਾਰ ਨੇ ਆਪਣੀ ਮਰਜ਼ੀ ਨਾਲ ਇਨ੍ਹਾਂ ਨੂੰ ਮੋੜਿਆ ਤੋੜਿਆ ਹੋਵੇ ਜਿਸ ਤਰ੍ਹਾਂ ਕਿ ਭਾਰਤ ਸਰਕਾਰ ਨੂੰ ਇਸ ਗੱਲ ਦਾ ਵੀ ਬੜਾ ਦੁਖ ਹੈ ਕਿ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੀ ਯਾਤਰਾ ਲਈ ਜੋ ਸਿੱਖ ਜਾਂਦੇ ਹਨ ਪਾਕਿਸਤਾਨ ਸਰਕਾਰ ਉਨ੍ਹਾਂ ਦੀ ਚੰਗੀ ਤਰ੍ਹਾਂ ਕਿਉਂ ਆਓ ਭਗਤ ਕਰਦੀ ਹੈ ਤੇ ਪਾਕਿਸਤਾਨ ਦਾ ਸਦਰ ਜਨਰਲ ਜ਼ਿਆ-ਉਲ-ਹਕ ਉਨ੍ਹਾਂ ਨੂੰ ਕਿਉਂ ਮਿਲਦਾ ਹੈ। ਹਲੀਂ ਕਿ ਜਨਰਲ ਜ਼ਿਆ ਜਥੇ ਵਿਚ ਗਏ ਗਰੁਪ ਲੀਡਰਾਂ ਨੂੰ ਭਾਰਤੀ ਰਾਜਦੂਤ ਤੇ ਦੂਜੇ ਭਾਰਤੀ ਅਫ਼ਸਰਾਂ ਦੀ ਮੌਜੂਦਗੀ ਵਿਚ ਮਿਲਦਾ ਹੈ ਤੇ ਸਵਾਏ ਗੁਰਦੁਆਰਿਆਂ ਦੀ ਰੇਖ ਦੇਖ ਦੇ ਹੋਰ ਕੋਈ ਗੱਲ ਨਹੀਂ ਕੀਤੀ ਜਾਂਦੀ।

ਪਾਕਿਸਤਾਨ ਨੇ ਖਾਲਸਤਾਨ ਦੀ ਲਹਿਰ ਵਿਚ ਜ਼ਰੂਰ ਦਿਲਚਸਪੀ ਲੈਣੀ ਹੈ ਤੇ ਏਥੇ ਗੜਬੜ ਵੀ ਕਰਵਾਉਣ ਦੀ ਕੋਸ਼ਿਸ਼ ਕਰਨੀ ਹੈ। ਪਰ ਪਾਕਿਸਤਾਨ ਦੀਆਂ ਸਾਰੀਆਂ ਕੋਸ਼ਿਸ਼ਾਂ ਫੇਲ੍ਹ ਹੋ ਜਾਣ ਜੇ ਸਿੱਖਾਂ ਨੂੰ ਸੰਤੁਸ਼ਟ ਕਰਕੇ ਉਨ੍ਹਾਂ ਨੂੰ ਨਾਲ ਲਿਆ ਜਾਵੇ। ਸਿੱਖਾਂ ਨੂੰ ਅਸੰਤੁਸ਼ਟ ਕਰਨ ਦੀ ਜਿਮੇਵਾਰੀ ਭਾਰਤ ਸਰਕਾਰ ਉਤੇ ਆਉਂਦੀ ਹੈ। ਪਾਕਿਸਤਾਨ ਤੇ ਸਿਰਫ ਉਸ ਅਸੰਤੁਸ਼ਟਤਾ ਦਾ ਲਾਭ ਹੀ ਉਠਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਹੁਣ ਖ਼ਬਰਾਂ ਆ ਰਹੀਆਂ ਹਨ ਕਿ ਪਾਕਿਸਤਾਨ ਨੂੰ ਖਾਲਸਤਾਨੀਆਂ ਦੀ ਮਦਦ ਕਰਨ ਤੋਂ ਰੋਕਣ ਲਈ ਪ੍ਰਧਾਨ ਮੰਤ੍ਰੀ ਰਾਜੀਵ ਗਾਂਧੀ ਕੋਈ ਸਖਤ ਕਦਮ ਚੁਕਣ ਦੀ ਸੋਚ ਰਿਹਾ ਹੈ। ਚੰਗਾ ਹੋਵੇ ਜੇ ਪ੍ਰਧਾਨ ਮੰਤ੍ਰੀ ਪਾਕਿਸਤਾਨ ਨਾਲ ਗੁਸੇ ਹੋਣ ਦੀ ਥਾਂ ਆਪਣੇ ਦੇਸ਼ ਨੂੰ ਹੀ ਠੀਕ ਕਰਨ ਦੀ ਕੋਸ਼ਸ਼ ਕਰੇ। ਨਹੀਂ ਤੇ ਹਾਲਾਤ ਵਿਗੜਦੇ ਹੀ ਚਲੇ ਜਾਣਗੇ।

ਪਰ ਪਾਕਿਸਤਾਨ ਵੀ ਖਾਲਸਤਾਨੀਆਂ ਦੀ ਕੁਝ ਹਦ ਤਕ ਹੀ ਮਦਦ ਕਰੇਗਾ। ਸਿਰਫ ਇਸ ਹੱਦ ਤਕ ਮਦਦ ਕਰੇਗਾ ਕਿ ਇਹ ਭਾਰਤ ਵਿਚ ਗੜ ਬੜ ਪਾ ਸਕਣ। ਜੇ ਸੋਚੀਏ ਕਿ ਪਾਕਿਸਤਾਨ ਵਾਕਿਆ ਹੀ ਚਾਹੁੰਦਾ ਹੈ ਕਿ ਸਿਖ ਆਪਣਾ ਵਖਰਾ ਦੇਸ਼ ਬਣਾ ਲੈਣ ਤਾਂ ਇਹ ਠੀਕ ਗੱਲ ਨਹੀਂ ਲਗਦੀ। ਪਾਕਿਸਤਾਨ ਇਹ ਵੀ ਸੋਚ ਸਕਦਾ ਹੈ ਕਿ ਜੇ ਸਿਖ ਆਪਣਾ ਵਖਰਾ ਦੇਸ਼ ਬਣਾ ਲੈਣ ਤਾਂ ਕਿਧਰੇ ਪਾਕਿਸਤਾਨ ਕੋਲੋਂ ਵੀ ਲਾਹੌਰ ਤੇ ਨਨਕਾਣਾ ਸਾਹਿਬ ਨਾ ਮੰਗਣ ਲੱਗ ਪੈਣ ਜਿਸ ਦਾ ਸੰਕੇਤ ਬੇ-ਨਜ਼ੀਰ ਭੁਟੋ ਨੇ ਆਪਣੇ ਇਕ ਬਿਆਨ ਵਿਚ ਦੇ ਹੀ ਦਿਤਾ ਹੈ।

Sant Sipahi - The oldest Panthic Magazine/ www.santsipahi.org

# ਦਰਬਾਰ ਸਾਹਿਬ ਪੁਨੀਸ਼ ਕਾਰਵਾਈ



ਗਿਆਨੀ ਸਾਹਿਬ ਸਿੰਘ ਅਨੰਦਪੁਰ ਸਾਹਿਬ ਸਰਬੱਤ ਖ਼ਾਲਸਾ ਸਮਾਗਮ ਵਿਚ ਮਤੇ ਪੜ੍ਹਦੇ ਹੋਏ ।

29 ਅਪ੍ਰੈਲ ਨੂੰ 26 ਜਨਵਰੀ 86 ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਦਮਦਮੀ ਟਕਸਾਲ ਵਲੋਂ ਕੀਤੇ ਗਏ ਪੰਥਕ ਇਕੱਠ ਵਿਚ ਪੰਥਕ ਮਾਮਲਿਆਂ ਨੂੰ ਚਲਾਉਣ ਲਈ ਬਣਾਈ ਗਈ ਪੰਜ ਮੈਂਬਰੀ ਕਮੇਟੀ ਨੇ ਇਕ ਪ੍ਰੈੱਸ ਕਾਨਫਰੰਸ ਬੁਲਾਈ ਜਿਸ ਵਿਚ ਪੰਜ ਮੈਂਬਰੀ ਦੇ ਸਾਰੇ ਮੈਂਬਰ ਤੋਂ ਇਲਾਵਾ ਸਰਦਾਰ ਹਰਿੰਦਰ ਸਿੰਘ ਕਾਹਲੋਂ ਕਨਵੀਨਰ ਸਿੱਖ ਸਟੂਡੈਂਟ ਫ਼ੈਡਰੇਸ਼ਨ ਤੇ ਉਨ੍ਹਾਂ ਦੇ ਕੁਝ ਸਾਥੀ ਸ਼ਾਮਿਲ ਸਨ । ਜਿਸ ਵਿਚ ਉਨ੍ਹਾਂ ਨੇ ਖਾਲਸਤਾਨ ਦੀ ਸਥਾਪਨਾ ਦਾ ਐਲਾਨ ਕੀਤਾ ਤੇ ਉਸ ਸਬੰਧੀ ਦਸਤਾਵੇਜ਼ ਸਾਰੇ ਅਖ਼ਬਾਰਾਂ ਵਾਲਿਆਂ ਦੇ ਨੁਮਾਇੰਦਿਆਂ ਨੂੰ ਦਿੱਤੀ ਤੇ ਨਾਲ ਹੀ ਉਨ੍ਹਾਂ ਦੀ ਚਾਹ ਪਾਣੀ ਨਾਲ ਸੇਵਾ ਕੀਤੀ। ਇਹ ਦਸਤਾਵੇਜ਼ ਅਖਬਾਰਾਂ ਨੂੰ ਦੇ ਕੇ ਜ਼ਿਮੇਵਾਰ ਸਿੰਘ ਉਥੋਂ ਖਿਸਕਣੇ ਸ਼ੁਰੂ ਹੋ ਗਏ । ਅੰਮ੍ਰਿਤਸਰ ਸ਼ਹਿਰ ਵਿਚ ਤੇ ਇਹ ਵੀ ਅਫਵਾਹ ਸੀ ਕਿ ਪੰਜ ਮੈਂਬਰੀ ਵਾਲਿਆਂ ਨੇ ਅਖਬਾਰਾਂ ਵਾਲਿਆਂ ਦੇ ਅਗੇ ਚਾਹ ਤੇ ਮਿਠਾਈ ਵਗੈਰਾ ਰੱਖ ਕੇ ਬਾਹਰੋਂ ਕੁੰਡਾ ਮਾਰ ਦਿਤਾ ਤੇ ਜਦੋਂ ਤਕ ਚਾਹ ਪੀ ਕੇ ਅਖਬਾਰਾਂ ਵਾਲੇ ਕਮਰੇ ਵਿਚੋਂ ਨਿਕਲੇ ਉਤਨੀ ਦੇਰ ਤਕ ਦਸਤਾਵੇਜ਼ ਦੇਣ ਵਾਲੇ ਅੰਮ੍ਰਿਤਸਰ ਸ਼ਹਿਰ ਵਿਚੋਂ ਨਿਕਲ ਚੁੱਕੇ ਸਨ । ਇਹ ਅਫਵਾਹ ਭਾਵੇਂ ਬੜੀ ਵਧਾ[...] ਹੋਈ ਹੈ ਪਰ ਇਕ ਗੱਲ ਠੀਕ ਹੈ ਕਿ ਕੁਝ [...] ਜ਼ਿਮੇਵਾਰ ਸਿੰਘ 30 ਮਈ ਨੂੰ ਹੀ ਦਰਬਾ[...] ਸਾਹਿਬ ਤੋਂ ਫਰਾਰ ਹੋ ਗਏ ਸਨ ।

30 ਅਪ੍ਰੈਲ ਨੂੰ ਖਾਲਸਤਾਨ ਦੇ ਐਲਾ[...] ਸਬੰਧੀ ਅਖਬਾਰਾਂ ਵਿਚ ਰੌਲਾ ਪੈ ਗਿਆ[...] ਤਕਰੀਬਨ ਦੁਪਹਿਰ ਦੇ ਢਾਈ ਵਜੇ ਸੀ. ਆਰ. ਪੀ[...] ਬੀ. ਐਸ. ਐਫ. ਦੇ ਦਸਤੇ ਅੰਮ੍ਰਿਤਸਰ ਸ਼ਹਿ[...] ਦੇ ਬਜ਼ਾਰਾਂ ਵਿਚ ਤਾਇਨਾਤ ਕੀਤੇ ਜਾਣੇ ਸ਼ੁ[...] ਹੋ ਗਏ । ਸਿੱਖ ਸਟੂਡੈਂਟ ਫ਼ੈਡਰੇਸ਼ਨ ਵਾਲਿਆਂ [...] ਦੁਪਹਿਰੇ 12 ਵਜੇ ਤੋਂ ਆਪਣੇ ਦਫ਼ਤਰ ਮੀਟਿੰ[...]

Sant Sipahi - The oldest Panthic Magazine/ www.santsipahi.org

ਰਹੀ ਸੀ। ਜਦੋਂ ਨੀਮ ਫੌਜੀ ਦਸਤੇ ਬਜ਼ਾਰਾਂ ਚ ਤਾਇਨਾਤ ਕੀਤੇ ਜਾ ਰਹੇ ਸਨ ਉਸ ਵਕਤ ਾਲ ਹੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਜ਼ਾਰ ਬੰਦ ਕਰਨ ਦਾ ਹੁਕਮ ਦੇ ਦਿਤਾ ਗਿਆ। ਕਾਨਦਾਰ ਆਪਣੀਆਂ ਦੁਕਾਨਾਂ ਨੂੰ ਜੰਦਰੇ ਾਰ ਕੇ ਘਰਾਂ ਨੂੰ ਦੌੜਨੇ ਸ਼ੁਰੂ ਹੋ ਗਏ। ਪਰ ਫ਼ੈਡਰੇਸ਼ਨ ਦੇ ਵਰਕਰ ਦਰਬਾਰ ਸਾਹਿਬ ਕੱਠੇ ਹੋਏ ਸਨ ਉਨ੍ਹਾਂ ਨੇ ਉਥੇ ਹੀ ਨਾਹਰੇ ਾਣੇ ਸ਼ੁਰੂ ਕਰ ਦਿਤੇ ਜਿਨ੍ਹਾਂ ਵਿਚ "ਖਾਲਸਤਾਨ ੰਦਾਬਾਦ" ਵੀ ਕਿਹਾ ਜਾਂਦਾ ਰਿਹਾ। ਜੋ ਣਭੋਲ ਵਰਕਰ ਆਏ ਸਨ ਉਹ ਤੇ ਨਾਹਰੇ ਗਾਂਦੇ ਰਹੇ ਤੇ ਜੋ ਪੁਲੀਸ ਨੇ ਇਸ਼ਤਿਹਾਰੀ ਜਰਮ ਬਣਾਏ ਹੋਏ ਸਨ ਜਾਂ ਉਂਝ ਸਰਗਰਮ ਰਬਾਰ ਸਾਹਿਬ ਰਹਿਣ ਵਾਲੇ ਪੱਕੇ ਵਰਕਰ ਨ ਉਹ ਖਿਸਕਣੇ ਸ਼ੁਰੂ ਹੋ ਗਏ। ਸਾਰਿਆਂ ਨੇ ਾਣਾ ਲਾਹਿਆ ਤੇ ਕਈ ਕਿਸਮ ਦੇ ਵੱਖਰੇ ਵੱਖਰੇ ਪੜੇ ਪਾ ਕੇ ਖਿਸਕ ਗਏ।

ਨੀਮ ਫ਼ੌਜੀ ਦਸਤੇ 4, 50 ਉਤੇ ਗੁਰੂ ਾਮਦਾਸ ਸਰ੍ਹਾਂ ਤੇ ਗੁਰੂ ਨਾਨਕ ਨਿਵਾਸ ਆ ੜ੍ਹੇ। ਸਾਰੇ ਕਮਰਿਆਂ ਦੀ ਤਲਾਸ਼ੀ ਲਈ ਗਈ। ਕਮਰੇ ਬੰਦ ਸਨ ਉਨ੍ਹਾਂ ਦੇ ਜੰਦਰੇ ਤੋੜ ਦਿਤੇ ਏ। ਜੋ ਲੜਕੇ ਨਾਹਰੇ ਲਗਾ ਰਹੇ ਸਨ ਉਹ ਗ੍ਰਿਫ਼ਤਾਰ ਕਰ ਲਏ ਗਏ। ਦਰਬਾਰ ਸਾਹਿਬ ਲਾ ਸੁਣ ਕੇ ਕਈ ਜ਼ਨਾਨੀਆਂ ਤੇ ਆਦਮੀ ਵੀ ਰਬਾਰ ਸਾਹਿਬ ਆ ਗਏ ਸਨ ਤੇ ਕੁਝ ਪਹਿਲਾਂ ੀ ਏਥੇ ਸਨ। ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਗ੍ਰਿਫ਼ਤਾਰੀਆਂ ਨਾਲ ਇਕ ਟਰੱਕ ਤੇ ਇਕ ਬਸ ਭਰ ਗਈ। ਗ੍ਰਿਫ਼ਤਾਰ ਹੋਣ ਵਾਲੇ ਕੋਈ ਡਰੇ ਜਾਂ ਘਬਰਾਏ ਨਹੀਂ। ਅਰਾਮ ਨਾਲ 'ਸੰਤ ਭਿੰਡਰਾਂਵਾਲੇ ਜ਼ਿੰਦਾਬਾਦ" ਤੇ "ਖਾਲਸਤਾਨ ਜ਼ਿੰਦਾਬਾਦ" ਦੇ ਨਾਹਰੇ ਲਗਾਂਦੇ ਰਹੇ।

ਰਾਤ ਨੂੰ ਸਾਢੇ ਦਸ ਵਜੇ ਪੁਲੀਸ, ਨੀਮ ਫ਼ੌਜੀ ਦਸਤੇ ਤੇ ਫ਼ੌਜੀ ਕਮਾਂਡੋ ਦਰਬਾਰ ਸਾਹਿਬ ਦੇ ਅੰਦਰ ਦਾਖਿਲ ਹੋ ਗਏ। ਪੁਲੀਸ, ਸੀ. ਆਰ. ਪੀ. ਤੇ ਬੀ. ਐਸ. ਐਫ. ਵਾਲੇ ਸਰ੍ਹਾਂਵਾਂ ਵਲੋਂ ਮੰਜੀ ਸਾਹਿਬ ਦਿਵਾਨ ਅਸਥਾਨ ਦੇ ਅਗੋਂ, ਲੰਗਰ ਵਲੋਂ ਤੇ ਘੰਟਾ ਘਰ ਵਲੋਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਦਾਖਿਲ ਹੋਏ। ਇਨ੍ਹਾਂ ਨੇ ਬੂਟ ਲਾਹੇ ਹੋਏ ਸਨ। ਪਰ ਫ਼ੌਜੀ ਕਮਾਂਡੋ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਚਗਿਰਦੇ ਬਣੀ ਹੋਈ ਦਿਵਾਰ ਤੋਂ ਇਕ ਦਮ ਹੀ ਬੂਟਾ ਸਮੇਤ ਹੀ ਅਕਾਲ ਤਖ਼ਤ ਸਾਹਿਬ ਦੇ ਚੌਗਿਰਦੇ ਵਿਚ ਛਾਲਾਂ ਮਾਰੀਆਂ। ਇਨ੍ਹਾਂ ਸਾਰਿਆਂ ਨੇ ਕਾਲੇ ਬੂਟ ਪਾਏ ਹੋਏ ਸਨ। ਇਨ੍ਹਾਂ ਫ਼ੌਜੀ ਕਮਾਂਡੋ ਨੇ ਅਕਾਲ ਤਖ਼ਤ ਸਾਹਿਬ ਦੇ ਚੌਗਿਰਦੇ ਵਿਚ ਦਾਖ਼ਲ ਹੁੰਦਿਆਂ ਹੀ ਗੋਲੇ ਸੁੱਟੇ। ਦਸਿਆ ਜਾਂਦਾ ਹੈ ਕਿ ਉਥੇ ਜੋ ਅਖੰਡਪਾਠ ਹੋ



ਦਰਬਾਰ ਸਹਿਬ ਅਗੇ ਤਾਇਨਾਤ ਪੁਲੀਸ

ਰਿਹਾ ਸ਼ੀ ਉਥੇ ਵੀ ਕਾਫ਼ੀ ਖੜਕਾ ਹੋਇਆ ਪਰ ਇਕ ਸਿੱਖ ਅਫ਼ਸਰ ਸੀ ਉਸ ਨੇ ਜੁਆਨਾਂ ਨੂੰ ਕੋਈ ਐਸੀ ਕਾਰਵਾਈ ਕਰਨ ਤੋਂ ਰੋਕ ਦਿਤਾ ਜਿਸ ਨਾਲ ਅਖੰਡ ਪਾਠ ਖੰਡਨ ਹੋ ਜਾਵੇ।

ਦਰਬਾਰ ਸਾਹਿਬ ਦੀਆਂ ਸਰਾਵਾਂ ਵਿਚ ਵੜਦਿਆਂ ਹੀ ਨੀਮ ਫ਼ੌਜੀ ਦਸਤਿਆਂ ਨੇ ਪਾਣੀ ਦੀ ਟੈਂਕੀ ਉਤੇ ਤੇ ਲੰਗਰ ਉਤੇ ਪੁਜ਼ੀਸ਼ਨਾਂ ਲੈ ਲਈਆਂ ਸਨ। ਬਾਬਾ ਅਟਲ ਸਾਹਿਬ ਵੱਲ ਵੀ ਉਹ ਹਵਾ ਵਿਚ ਗੋਲੀ ਚਲਾ ਕੇ ਬਾਬਾ ਅਟੱਲ ਸਾਹਿਬ ਦੇ ਉਤੇ ਚੜ੍ਹ ਕੇ ਵੀ ਉਨ੍ਹਾਂ ਨੇ ਪੱਜ਼ੀਸ਼ਨ ਲੇ ਲਈ ਸੀ। ਪੁਲੀਸ ਦੀ ਇਤਲਾਹ ਅਨੁਸਾਰ ਇਨ੍ਹਾਂ ਕੋਲ ਕੁਝ ਅਸਲਾ ਸੀ। 70-80 ਹੱ ਬੰਬ ਹੋਣ ਦੀ ਇਤਲਾਹ ਸੀ। ਪੰਜ ਚ ਸਟੇਨ ਗੰਨਾਂ ਤੇ ਕੁਝ ਰਾਈਫ਼ਲਾਂ ਤੇ ਇਕ ਐ ਐਲ. ਜੀ. ਸੀ। ਫਿਰ ਉਹ ਮਿਲੀਆਂ ਹੈ ਨ ਲੱਗਦਾ ਹੈ ਕਿ ਪੁਲੀਸ ਦੀ ਇਤਲਾਹ ਗ

Sant Sipahi - The oldest Panthic Magazine/ www.santsipahi.org



ਦਰਬਾਰ ਸਾਹਿਬ ਪ੍ਰਕਰਮਾ ਵਿਚ ਪੁਲੀਸ ।

ਸੀ। ਪਰ ਪੁਲੀਸ ਵਾਲਿਆਂ ਦਾ ਅੰਦਾਜ਼ਾ ਹੈ ਕਿ ਦੌੜਨ ਲੱਗਿਆ ਇਹ ਲੋਕ ਆਪਣੇ ਹਥਿਆਰ ਵੀ ਨਾਲ ਲੈ ਗਏ ਹਨ।

ਦਰਬਾਰ ਸਾਹਿਬ ਪ੍ਰਕਰਮਾ ਵਿਚ ਪੁਲੀਸ ਤੇ ਨੀਮ ਫ਼ੌਜੀ ਦਸਤਿਆਂ ਦੇ ਦਾਖ਼ਲ ਹੋਣ ਤੋਂ ਪਹਿਲਾ ਹੀ ਭਾਈ ਗੁਰਦੇਵ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਆਪਣੇ 70-80 ਸਾਥੀਆਂ ਸਮੇਤ ਹਰਮੰਦਰ ਸਾਹਿਬ ਦੇ ਅੰਦਰ ਚਲੇ ਗਏ ਸਨ। ਜੇ ਦੂਜੇ ਸਿੰਘ ਦਰਬਾਰ ਸਾਹਿਬੋਂ ਦੌੜ ਸਕਦੇ ਸਨ ਤਾਂ ਭਾਈ ਗੁਰਦੇਵ ਸਿੰਘ ਜੀ ਵੀ ਨਿਕਲ ਸਕਦੇ ਸੀ ਪਰ ਉਨ੍ਹਾਂ ਨੇ ਆਪਣੀ ਜਾਨ ਬਚਾਕੇ ਦੌੜਨਾ ਯੋਗ ਨਾ ਸਮਝਿਆ।

ਪ੍ਰਕਰਮਾ ਵਿਚ ਵੜ ਕੇ ਪੁਲੀਸ ਵਾਲੇ ਤਕਰੀਬਨ ਦੋ ਘੰਟੇ ਜਥੇਦਾਰ ਗੁਰਦੇਵ ਸਿੰਘ ਨੂੰ ਆਤਮ ਸਮਰਪਣ ਲਈ ਲਊਡ ਸਪੀਕਰ ਉਤੇ ਕਹਿੰਦੇ ਰਹੇ। ਇਸ ਉਤੇ ਭਾਈ ਗੁਰਦੇਵ ਸਿੰਘ ਨੇ ਹਰਮੰਦਰ ਸਾਹਿਬ ਦੇ ਅੰਦਰੋਂ ਹੀ ਲਊਡ ਸਪੀਕਰ ਉਤੇ ਹੀ ਜੁਆਬ ਦਿਤਾ ਕਿ ਉਹ ਆਤਮਾ ਸਮਰਪਣ ਨਹੀਂ ਕਰੇਗਾ ਤੇ ਲੜਦਾ ਹੋਇਆ ਸ਼ਹੀਦੀ ਪਾਵੇਗਾ। ਅਖੀਰ ਉਤੇ ਪੰਜਾਂ ਸਿੰਘਾਂ ਨੇ ਉਨ੍ਹਾਂ ਨੂੰ ਆਪਣਾ ਪ੍ਰਣ ਸ਼ਹੀਦੀ ਪਾਣ ਦਾ ਬਦਲਕੇ ਆਤਮ ਸਮਰਪਣ ਕਰਨ ਲਈ ਹੁਕਮ ਦੇ ਦਿਤਾ। ਜਿਸ ਕਾਰਨ ਉਨ੍ਹਾਂ ਨੇ ਆਤਮ ਸਮਰਪਣ ਕੀਤਾ।

ਜਿਸ ਵਕਤ ਨੀਮ ਫੌਜੀ ਦਸਤੇ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਦਾਖਿਲ ਹੋਏ ਤਾਂ ਉਨ੍ਹਾਂ ਅੰਨ੍ਹੇਵਾਹ ਗੋਲੀ ਚਲਾਈ। ਪਰ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਰਹਿ ਰਹੇ ਸਿੰਘਾਂ ਵਿਚੋਂ ਕਿਸੇ ਇਕ ਨੇ ਵੀ ਜੁਆਬੀ ਗੋਲੀ ਤੇ ਇਕ ਪਾਸੇ ਰਹੀ ਉਨ੍ਹਾਂ ਕੋਲ ਕੋਹੜਾ ਥੋਈ ਹਥਿਆਰ ਸੀ। ਕਿਸੇ ਨੇ ਕੋਈ ਪਥਰ ਜਾਂ ਕ੍ਰਿਪਾਨ ਵੀ ਚਲਾਉਣ ਦੀ ਕੋਸ਼ਸ਼ ਨਹੀਂ ਕੀਤੀ।

ਜਦੋਂ ਨੀਮ ਫੌਜੀ ਦਸਤ ਗੁਰਦੁਆਰਾ ਦੁਖ ਭੰਜਨੀ ਬੇਰੀ ਗਏ। ਅਖੰਡ ਪਾਠ ਹੋ ਰਿਹਾ ਸੀ। ਚੋਬਦਾਰ ਨੇ ਡਰਦੇ ਮਾਰੇ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਇਨ੍ਹਾਂ ਨੇ ਜਾਕੇ ਦਰਵਾਜਾ ਤੋੜ ਦਿਤਾ ਚੋਬਦਾਰ ਨੂੰ ਗੋਲੀ ਵੀ ਮਾਰੀ ਗਈ। ਉਸਨੂੰ ਬੀ. ਐਸ. ਐਫ ਵਾਲੇ ਪੁਛਣ ਲਗੇ ਕਿ ਹਥਿਆਰ ਕਿਥੇ ਹਨ? ਉਸ ਥਾਂ ਦੀ ਤਲਾਸ਼ੀ ਲਈ ਗਈ। ਨਾ ਕੋਈ ਹਥਿਆਰ ਸੀ ਤੇ ਨਾ ਹੀ ਨਿਕਲਿਆ। ਇਥੇ ਸ਼ੀਸ਼ਾ ਵੀ ਗੋਲੀ ਨਾਲ ਟੁਟਿਆ ਹੈ ਤੇ ਅਖੰਡ ਪਾਠ ਤੇ ਖੰਡਤ ਹੋਣਾ ਹੀ ਸੀ। ਦੂਜੇ ਦਿਨ ਜਦੋਂ ਦਰਬਾਰ ਸਾਹਿਬ ਦੋ ਘੰਟਿਆਂ ਲਈ ਖੁਲ੍ਹਾ ਸੀ ਤਾਂ ਦੁਖ ਭੰਜਨੀ ਬੇਰੀ ਗੁਰਦੁਆਰੇ ਕੋਲ ਖੂਨ ਡੁਲਿਆ ਹੋਇਆ ਸੀ। ਉਥੇ ਨਾਲ ਹੀ ਖਬੇ ਪਾਸੇ ਪ੍ਰਕਰਮਾਂ ਵਿਚ ਗੁਸਲਖਾਨੇ ਬਣੇ ਹੋਏ ਹਨ। ਉਸ ਗੁਸਲਖਾਨੇ ਦੇ ਬਾਹਰ ਤੇ ਅੰਦਰ ਦੋਨੋਂ ਥਾਵਾਂ ਉਤੇ ਖੂਨ ਦੇ ਧਬੇ ਸਨ। ਇਹ ਖੂਨ ਦੇ ਧਬੇ ਹਰਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਖਬੇ ਪਾਸੇ ਉਤੇ ਜਾਣ ਵਾਲੀਆਂ ਪੌੜੀਆਂ ਦੇ ਕੋਲ ਵੀ ਸਨ।

Sant Sipahi - The oldest Panthic Magazine/ www.santsipahi.org

ਪ੍ਰਕਰਮਾਂ ਵਿਚ ਦੋ ਕਮਰੇ ਐਸੇ ਸਨ ਜੋ ਕਿ ਫੌਜੀ ਕਮਾਂਡੋ ਨੇ ਗੋਲੇ ਮਾਰਕੇ ਤਬਾਹ ਕੀਤੇ ਹੋਏ ਸਨ। ਜਦੋਂ ਸੰਗਤਾਂ ਨੂੰ ਦਰਬਾਰ ਸਾਹਿਬ ਜਾਣ ਦੀ ਖੁਲ ਹੋ ਗਈ ਤਾਂ ਉਨ੍ਹਾਂ ਕਮਰਿਆਂ ਉਤੇ ਲਿਖਿਆ ਹੋਇਆ ਸੀ "ਬਰਨਾਲਾ ਸਰਕਾਰ ਦੀ ਕਰਤੂਤ।"

ਇਸ ਸਾਰੀ ਪੁਲੀਸ ਕਾਰਵਾਈ ਵਿਚ ਦੋ ਬੰਦੇ ਮਾਰੇ ਗਏ, ਚਾਰ ਜ਼ਖ਼ਮੀ ਹੋਏ ਤੇ ਤਿੰਨ ਅਖੰਡ ਪਾਠ ਖੰਡਨ ਹੋਏ। ਫੌਜੀ ਕਮਾਂਡੋ ਤੇ ਨੀਮ ਫ਼ੌਜ਼ੀ ਦਸਤਿਆਂ ਵਾਲੇ ਪਾਠੀ ਸਿੰਘਾਂ ਨਾਲ ਬੜੀ ਬਦ-ਤਮੀਜ਼ੀ ਨਾਲ ਪੇਸ਼ ਆਏ। ਕੁਝ ਨੂੰ ਧਕੇ ਧੁਕੇ ਵੀ ਮਾਰੇ ਤੇ ਬੇਇਜ਼ਤੀ ਵੀ ਕੀਤੀ। ਦਰਬਾਰ ਸਾਹਿਬ ਦੁਖ ਭੰਜਨੀ ਬੇਰੀ ਦੇ ਇਸ਼ਨਾਨ ਘਰ ਦੇ ਵਰਾਡ ਵਿਚ ਤੇ ਜਿਥੋਂ ਕੜਾਹ ਪ੍ਰਸਾਦਿ ਚੜ੍ਹਾਉਣ ਲਈ ਲੈ ਕੇ ਜਾਈਦਾ ਹੈ ਉਨ੍ਹਾਂ ਦੋਹਾਂ ਥਾਵਾਂ ਉਤੇ ਅਠ ਅਠ, ਦਸ ਦਸ ਸਿਗਰਟਾਂ ਦੇ ਪੀਤੇ ਹੋਏ ਟੋਟੇ ਵੀ ਮਿਲੇ।

ਦੂਜੇ ਦਿਨ ਸਵੇਰੇ ਦਰਬਾਰ ਸਾਹਿਬ ਦੀ ਮਰਯਾਦਾ ਨਹੀਂ ਚਲੀ ਤੇ ਨਾ ਹੀ ਹਰਮੰਦਰ ਸਾਹਿਬ ਕੀਰਤਨ ਹੋਇਆ ਹੈ। ਪੁਲੀਸ ਵਲੋਂ ਪ੍ਰਕਰਮਾ ਵਿਚ ਦਾਖਲ ਹੋਣ ਤੋਂ ਬਾਅਦ ਬੜੀ ਵਾਰੀ ਐਲਾਨ ਕੀਤਾ ਗਿਆ ਕਿ ਭਾਈ ਗੁਰਦੇਵ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਜੋ ਹਰਮੰਦਰ ਸਾਹਿਬ ਬੈਠੇ ਹੋਏ ਹਨ ਉਹ ਆਤਮ ਸਮਰਪਣ ਕਰ ਦੇਣ। ਘੜੀ ਮੁੜੀ ਐਲਾਨ ਹੋਣ ਦੇ ਬਾਵਜੂਦ ਵੀ ਉਹ ਬਾਹਰ ਨਾ ਆਏ। ਫਿਰ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਤੇ ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ ਨੂੰ ਉਨ੍ਹਾਂ ਦੇ ਨਿਵਾਸ ਅਸਥਾਨ ਤੋਂ ਬੁਲਾਕੇ ਖੜਿਆ ਗਿਆ। ਉਨ੍ਹਾਂ ਦੀ ਪ੍ਰੇਰਨਾ ਨਾਲ ਸਵੇਰੇ ਸਾਢੇ ਚਾਰ ਵਜੇ ਭਾਈ ਗੁਰਦੇਵ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਆਤਮ ਸਮਰਪਣ ਕਰ ਦਿਤਾ। ਉਸ ਤੋਂ ਬਾਅਦ ਦਰਬਾਰ ਸਾਹਿਬ ਵਿਚ ਮਰਯਾਦਾ ਲਾਗੂ ਕੀਤੀ ਗਈ।

ਦੋ ਤਰੀਕ ਸਿਰਫ ਦੋ ਘੰ-ਟਿਆਂ ਲਈ ਹੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਤੋਂ ਕਰਫੀਊ ਚੁਕਿਆ ਗਿਆ ਸੀ ਨੇੜੇ ਤੇੜੇ ਦੇ ਸਾਰੇ ਲੋਕ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਦੌੜ ਪਏ ਸਨ। 3 ਮਈ ਨੂੰ ਸਵੇਰੇ ਕਹਿਣ ਨੂੰ ਤੇ ਕਰਫੀਊ ਚੁਕ ਲਿਆ ਗਿਆ ਸੀ ਪਰ ਸਵੇਰੇ ਯਾਰਾਂ ਵਜੇ ਤਕ ਕਿਸੇ ਨੂੰ ਦਰਬਾਰ ਸਾਹਿਬ ਜਾਣ ਨਹੀਂ ਦਿਤਾ ਜਾ ਰਿਹਾ ਸੀ। ਜਦੋਂ ਮੁਖ ਮੰਤ੍ਰੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਤੇ ਉਨ੍ਹਾਂ ਦਾ ਮੰਤ੍ਰੀ ਮੰਡਲ ਦਰਬਾਰ ਸਾਹਿਬ ਮਥਾ ਟੇਕਣ ਆਏ ਤਾਂ ਸਾਰਾ ਦਰਬਾਰ ਸਾਹਿਬ ਖਾਲੀ ਸੀ। ਸਾਰਾ ਮੰਤ੍ਰੀ ਮੰਡਲ ਹਰਮੰਦਰ ਸਾਹਿਬ ਮਥਾ ਟੇਕਣ ਗਿਆ ਤਾਂ ਸਰਦਾਰ ਮੇਜਰ ਸਿੰਘ ਉਬੋਕੇ ਬਾਹਰ ਬਾਬੇ ਦੀ ਬੇਰ ਕੋਲ ਹੀ ਖੜੇ ਰਹੇ। ਵਜ਼ੀਰਾਂ ਨਾਲ ਅੰਦਰ ਨਹੀਂ ਗਏ। ਪ੍ਰਕਰਮਾਂ ਦੇ ਸਾਰੇ ਥਮਲਿਆਂ ਕੋਲ ਬੀ. ਐਸ. ਐਫ ਤੇ ਸੀ. ਆਰ. ਪੀ ਦੇ ਜਵਾਨ ਤਾਇਨਾਤ ਸਨ। ਸਰਦਾਰ ਸੁਰਜੀਤ ਸਿੰਘ ਬਰਨਾਲਾ ਦੇ ਕਹਿਣ ਉਤੇ ਸੰਗਤਾਂ ਨੂੰ ਦਰਬਾਰ ਸਾਹਿਬ ਆਉਣ ਦੀ ਖੁਲ੍ਹ ਦੇ ਦਿਤੀ ਗਈ। ਕੁਝ ਬੀਬੀਆਂ ਨੇ ਉਥੇ ਪੁਜਕੇ ਬਰਨਾਲਾ ਸਾਹਿਬ ਵਿਰੁਧ ਵੀ ਸਿਆਪਾ ਕੀਤਾ।

ਸਰਦਾਰ ਸੁਰਜੀਤ ਸਿੰਘ ਬਰਨਾਲਾ ਸਿੰਘ ਸਾਹਿਬ ਨੂੰ ਵੀ ਮਿਲੇ ਤੇ ਉਨ੍ਹਾਂ ਕੋਲੋਂ ਪੁਲੀਸ ਕਾਰਵਾਈ ਦੀ ਵੀ ਪ੍ਰਵਾਨਗੀ ਲੈ ਲਈ। ਦੂਜੇ ਦਿਨ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਤੇ ਸਿੰਘ ਸਾਹਿਬ ਗਿਆਨੀ ਪ੍ਰੀਤਮ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਤਿੰਨਾਂ ਮਹੀਨਿਆਂ ਤੋਂ ਬਾਅਦ ਦਰਬਾਰ ਸਾਹਿਬ ਅੰਦਰ ਮਥਾ ਟੇਕਣ ਗਏ। ਉਥੇ ਹੀ ਸ਼ਹਿਰ ਦੀਆਂ ਜ਼ਨਾਨੀਆਂ ਉਨ੍ਹਾਂ ਦੇ ਗਲ ਪੈ ਗਈਆਂ। ਬੜਾ ਵਾਧੂ ਘਾਟੂ ਬੋਲਿਆ। ਉਨ੍ਹਾਂ ਨੇ ਸਿੰਘ ਸਾਹਿਬਾਨ ਨੂੰ ਗਾਹਲਾਂ ਵੀ ਕਢੀਆਂ ਤੇ ਉਨ੍ਹਾਂ ਦਾ ਸਿਆਪਾ ਵੀ ਕੀਤਾ।

ਉਸੇ ਦਿਨ ਪੰਜਾਬ ਦਾ ਗਵਰਨਰ ਆਪਣੀ ਪਤਨੀ ਸਮੇਤ ਦਰਬਾਰ ਸਾਹਿਬ ਮਥਾ ਟੇਕਣ ਲਈ ਆ ਗਿਆ। ਜ਼ਨਾਨੀਆਂ ਉਸਦੇ ਵੀ ਗਲ ਪਈਆਂ ਕਿ ਪਹਿਲਾਂ ਆਪ ਹੀ ਸਭ ਕੁਝ ਕਰਵਾ ਲੈਂਦੇ ਹੋ ਤੇ ਫਿਰ ਆਪ ਹੀ ਮਥਾ ਟੇਕਣ ਆ ਜਾਂਦੇ ਹੋ। ਗਵਰਨਰ ਨਾਲ ਜ਼ਨਾਨੀਆਂ ਔਖੀਆਂ ਤੇ ਹੋਈਆਂ ਪਰ ਉਹ ਪੂਰੀ ਤਰ੍ਹਾਂ ਸ਼ਾਂਤ ਰਿਹਾ। ਦਸਦੇ ਹਨ ਕਿ ਗਵਰਨਰ ਦੀ ਧਰਮ ਪਤਨੀ ਜ਼ਰੂਰ ਘਬਰਾਈ ਹੋਈ ਸੀ। ਪਰ ਕਿਸੇ ਨੇ ਗਵਰਨਰ ਨੂੰ ਨਾ ਗਾਹਲ ਕੱਢੀ ਤੇ ਨਾਂ ਹੀ ਦਰਬਾਰ ਸਾਹਿਬ ਅੰਦਰ ਚੰਗਾ ਮੰਦਾ ਬੋਲਿਆ। ਬਾਅਦ ਵਿਚ ਪਤਾ ਲਗਾ ਕਿ ਪ੍ਰਕਰਮਾਂ ਵਿਚ



ਡਾਇਰੈਕਟਰ ਜਨਰਲ ਰਬੈਰੋ ਦਰਬਾਰ ਸਾਹਿਬ ਵਿਚ।

Sant Sipahi - The oldest Panthic Magazine/ www.santsipahi.org



ਗਵਰਨਰ ਪੰਜਾਬ ਆਪਣੀ ਧਰਮ ਪਤਨੀ ਨਾਲ ਦਰਬਾਰ ਸਾਹਿਬ ਵਿਚ ।



ਬੀਬੀਆਂ ਦਰਬਾਰ ਸਾਹਿਬ ਵਿਚ ਮੁਜ਼ਾਹਰਾ ਕਰਦੀਆਂ ਹੋਈਆਂ ।

Sant Sipahi - The oldest Panthic Magazine/ www.santsipahi.org



ਸਿੰਘ ਸਾਹਿਬ ਜਥੇਦਾਰ ਕ੍ਰਿਪਾਲ ਸਿੰਘ ਤੇ ਹੋਰ ਜਥੇਦਾਰ ਪੁਲੀਸ ਐਕਸ਼ਨ ਤੋਂ ਬਾਦ ਦਰਬਾਰ ਸਾਹਿਬ ਆਏ।

ਉਸਦਾ ਵੀ ਜ਼ਨਾਨੀਆਂ ਨੇ ਸਿਆਪਾ ਕਰ ਦਿਤਾ ਤੇ ਉਸਦੀ ਸੁਰਖਯਾ ਵਾਲੇ ਉਸ ਨੂੰ ਬਚਾ ਕੇ ਲੈ ਗਏ।

ਯਾਰਾਂ ਮਈ ਨੂੰ ਪੁਲੀਸ ਕਾਰਵਾਈ ਦੀ ਵਿਰੋਧਤਾ ਕਾਰਨ ਜਿਨ੍ਹਾਂ ਅਕਾਲੀ ਲੀਡਰਾਂ ਤੇ ਐਮ. ਐਲ. ਏ. ਨੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਦਾ ਸਾਥ ਛਡਿਆ ਹੈ ਉਹ ਦਰਬਾਰ ਸਾਹਿਬ ਮਥਾ ਟੇਕਣ ਆਏ। ਉਨ੍ਹਾਂ ਦੇ ਸੁਆਗਤ ਲਈ ਉਨ੍ਹਾਂ ਦੇ ਸਮਰਥਕ ਇਕਠੇ ਹੋਏ ਹੋਏ ਸਨ ਤੇ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਦਿਖਾਉਣ ਲਈ ਸਰਦਾਰ ਅਜੀਤ ਸਿੰਘ ਸੰਧੂ ਮੀਤ ਪ੍ਰਧਾਨ ਸ਼ਹਿਰੀ ਅਕਾਲੀ ਜਥਾ ਦੀ ਅਗਵਾਈ ਵਿਚ 25, 30 ਆਦਮੀ ਇਕਠੇ ਕੀਤੇ ਗਏ ਸਨ ਜਿਸ ਵਿਚ ਮੁਦਲਾਂ ਦਾ ਸਰਦੂਲ ਸਿੰਘ ਵੀ ਦਸਿਆ ਜਾਂਦਾ ਹੈ ਕਿ ਕੁਝ ਸੰਧੂ ਟਰਾਂਸਪੋਰਟ ਦੇ ਬੰਦੇ ਸਨ। ਬੀਬੀ ਲਛਮਣ ਕੌਰ ਪ੍ਰਧਾਨ ਸ਼ਹਿਰੀ ਇਸਤ੍ਰੀ ਅਕਾਲੀ ਜਥਾ ਅੰਮ੍ਰਿਤਸਰ ਨੇ ਹੱਥ ਜੋੜਕੇ ਸਰਦਾਰ ਅਜੀਤ ਸਿੰਘ ਸੰਧੂ ਨੂੰ ਬੇਨਤੀ ਕੀਤੀ ਕਿ ਅਗੇ ਸਾਡੇ ਨਾਲ ਬਹੁਤ ਹੋ ਚੁਕੀ ਹੈ ਹੁਣ ਦਰਬਾਰ ਸਾਹਿਬ ਆਇਆਂ ਨੂੰ ਕਾਲੀਆਂ ਝੰਡੀਆਂ ਨਾ ਵਿਖਾਓ। ਇਹ ਲੜਾਈ ਕਿਧਰੇ ਹੋਰ ਕਰੋ ਏਥੇ ਨਾ ਕਰੋ। ਉਸਨੇ ਆਖਿਆ ਕਿ ਅਸੀਂ ਤੇ ਜ਼ਰੂਰ ਕਾਲੀਆਂ ਝੰਡੀਆਂ ਵਿਖਾਉਣੀਆਂ ਹਨ। ਇਸਨੇ ਅਗੋਂ ਕਿਹਾ ਕਿ ਵਿਖਾ ਅਸੀਂ ਤੇਰੀਆ ਝੰਡੀਆਂ ਸਾੜ ਦੇਆਂਗੇ। ਕੁਝ ਹੋਰ ਬੀਬੀਆਂ ਵੀ ਇਕਠੀਆਂ ਸਨ ਉਹ ਸਾਰੀਆਂ ਕਾਲੀਆਂ ਝੰਡੀਆਂ ਵਿਖਾਉਣ ਵਾਲਿਆਂ ਦੇ ਪਿਛੇ ਪੈ ਗਈਆਂ। ਫਿਰ ਹੋਰ ਲੋਕ ਵੀ ਉਨ੍ਹਾਂ ਦੇ ਗਲ ਪੈ ਗਏ। ਉਨ੍ਹਾਂ ਨੂੰ ਧਕੇ ਮੁਕੇ ਵੀ ਪਏ ਤੇ ਪੱਗ ਵਗੈਰਾ ਵੀ ਉਤਰ ਗਈ। ਇਤਨੇ ਨੂੰ ਪੁਲੀਸ ਵਾਲਿਆਂ ਨੇ ਅੱਥਰੂ ਗੈਸ ਛੱਡ ਦਿਤੀ। ਜਿਥੇ ਸੈਂਕੜਿਆਂ ਦੀ ਗਿਣਤੀ ਵਿਚ ਬਰਨਾਲਾ ਸਾਹਿਬ ਦੇ ਵਿਰੋਧੀਆਂ ਨੂੰ ਜੀ ਆਇਆਂ ਕਹਿਣ ਵਾਲੇ ਸਨ ਉਥੇ ਗਿਣਤੀ ਦੇ ਬੰਦਿਆਂ ਦਾ ਇਸ ਤਰ੍ਹਾਂ ਮੁਜ਼ਾਹਿਰਾ ਕਰਨਾ ਬਿਲਕੁਲ ਗਲਤ ਲੱਗ ਰਿਹਾ ਸੀ।

ਪੰਦਰਾਂ ਮਈ ਨੂੰ ਸਿਖ ਸਟੂਡੈਂਟ ਫ਼ਡਰੇਸ਼ਨ ਕਾਹਲੋਂ ਗਰੁਪ ਦੀਆਂ 30,35 ਲੜਕੀਆਂ ਨੇ ਸਰਾਵਾਂ ਦੀ ਬਾਹਰਲੀ ਸੜਕ ਉਤੇ ਨੰਗੀਆਂ ਤਲਵਾਰਾਂ ਨਾਲ ਜਲੂਸ ਕਢਿਆ। ਉਨ੍ਹਾਂ ਨੇ ਸੀ. ਆਰ. ਪੀ. ਤੇ ਬੀ. ਐਸ. ਐਫ ਮੁਰਦਾਬਾਦ ਜ਼ਰੂਰ ਕੀਤੀ ਹੈ। ਖਾਲਸਤਾਨ ਦੇ ਹਕ ਵਿਚ ਵੀ ਨਾਂਹਰੇ ਲਗਾਏ ਹਨ ਪਰ ਕਿਸੇ ਅਕਾਲੀ ਲੀਡਰ ਨੂੰ ਗਾਹਲ ਵਗੈਰਾ ਨਹੀਂ ਕਢੀ। ਇਨ੍ਹਾਂ ਲੜਕੀਆਂ ਨੇ ਇਕ ਕਮਰੇ ਉਤੇ ਵੀ ਜੰਦਰਾ ਤੋੜਕੇ ਕਬਜ਼ਾ ਕਰ ਲਿਆ ਤੇ ਕੋਈ ਅੱਧਾ ਘੰਟਾ ਉਥੇ ਬੈਠੀਆਂ ਰਹੀਆਂ। ਉਨ੍ਹਾਂ ਦੇ ਉਥੋਂ ਚਲੇ ਜਾਣ ਤੋਂ ਬਾਅਦ ਪੁਲੀਸ ਨੇ ਫਿਰ ਉਸ ਕਮਰੇ ਉਤੇ ਕਬਜ਼ਾ ਕਰ ਲਿਆ।

ਇਸ ਵਕਤ ਗੁਰੂ ਰਾਮਦਾਸ ਸਰ੍ਹਾਂ ਉਤੇ ਬੀ. ਐਸ. ਐਫ ਦਾ ਪੂਰੀ ਤਰ੍ਹਾਂ ਕਬਜ਼ਾ ਹੈ। ਸਿਰਫ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੂੰ ਹੀ ਅੰਦਰ ਆਉਣ ਦਿਤਾ ਜਾਂਦਾ ਹੈ ਤੇ ਕੋਈ ਯਾਤਰੂ ਉਥੇ ਰਾਤ ਨਹੀਂ ਠਹਿਰ ਸਕਦਾ। ਪ੍ਰਕਰਮਾਂ ਵਿਚ ਜਿਨ੍ਹੇ ਕਮਰੇ ਹਨ ਸਭ ਵਿਚ ਪੰਜਾਬ ਪੁਲੀਸ ਭਰੀ ਪਈ ਹੈ। ਅਕਾਲ ਤਖਤ ਸਾਹਿਬ ਦੀ ਸੇਵਾ ਵੀ ਨਾਮ ਮਾਤ੍ਰ ਹੀ ਹੋ ਰਹੀ ਹੈ। ਇਸ ਚਾਲ ਨਾਲ ਤੇ ਸ਼ਾਇਦ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਸੌ ਸਾਲ ਤਕ ਵੀ ਨਾ ਬਣ ਸਕੇ। ਭਾਵੇਂ ਪੁਲੀਸ ਕਾਰਵਾਈ ਤੋਂ ਪਹਿਲਾਂ ਵੀ ਉਸਾਰੀ ਜਿਸ ਚਾਲ ਨਾਲ ਹੋ ਰਹੀ ਸੀ ਉਸ ਤੋਂ ਵੀ ਆਮ ਅੰਦਾਜ਼ਾ ਲਗਾਇਆ ਜਾਂਦਾ ਸੀ ਕਿ ਇਹ ਇਮਾਰਤ 20,25 ਸਾਲਾਂ ਵਿਚ ਹੀ ਪੂਰੀ ਹੋਵੇਗੀ। ਹੁਣ ਤੇ ਉਹ ਚਾਲ ਵੀ ਨਹੀਂ ਰਹੀ ਤੇ ਕੋਈ ਸਿੰਘ ਜਾਂ ਬੀਬੀ ਸੇਵਾ ਕਰਨ ਨੂੰ ਤਿਆਰ ਹੀ ਨਹੀਂ।

Sant Sipahi - The oldest Panthic Magazine/ www.santsipahi.org

# ਦਰਬਾਰ ਸਾਹਿਬ ਵਿਚ ਪੁਲਿਸ ਕਾਰਵਾਈ ਦਾ ਪ੍ਰਤੀਕਰਮ



ਬਰਨਾਲਾ ਸਾਹਿਬ ਆਏ ਤਾਂ ਪ੍ਰਕ੍ਰਮਾਂ ਵਿਚ ਪੁਲੀਸ ਮੌਜੂਦ ਸੀ।

30 ਅਪ੍ਰੈਲ ਨੂੰ ਦਰਬਾਰ ਸਾਹਿਬ ਹੋਈ ਪੁਲੀਸ ਕਾਰਵਾਈ ਦਾ ਉਤਨਾ ਤਿਖਾ ਪ੍ਰਤੀਕਰਮ ਨਹੀਂ ਹੋਇਆ ਜਿਤਨਾ ਕਿ ਜੂਨ 1984 ਦੇ ਬਲਊ ਸਟਾਰ ਉਪਰੇਸ਼ਨ ਦਾ ਹੋਇਆ ਸੀ। ਇਸਦਾ ਸ਼ਾਇਦ ਕਾਰਨ ਇਹ ਹੈ ਕਿ ਜੂਨ 1984 ਦਾ ਬਲਊ ਸਟਾਰ ਉਪਰੇਸ਼ਨ ਇਤਨੇ ਵਡੇ ਪੈਮਾਨੇ ਉਤੇ ਕੀਤਾ ਗਿਆ ਸੀ ਕਿ ਪੁਲੀਸ ਕਾਰਵਾਈ ਦਾ ਉਤਨਾ ਤਿਖਾ ਅਸਰ ਨਹੀਂ ਹੋਇਆ। ਭਾਵੇਂ ਆਮ ਸਿਖ ਕਹਿੰਦੇ ਇਸ ਪੁਲੀਸ ਕਾਰਵਾਈ ਨੂੰ ਛੋਟਾ "ਬਲਊ ਸਟਾਰ" ਹੀ ਹਨ। ਪਰ ਜਿਸ ਤਰ੍ਹਾਂ ਕਿ ਵੱਡੇ ਉਪਰੇਸ਼ਨ ਤੋਂ ਬਾਅਦ ਛੋਟੇ ਉਪਰੇਸ਼ਨ ਦਾ ਮਨੁਖੀ ਮਨ ਉਤੇ ਅਸਰ ਘਟ ਹੋਣਾ ਕੁਦਰਤੀ ਗੱਲ ਹੈ। ਉਸੇ ਤਰ੍ਹਾਂ ਦੀ ਗੱਲ ਲੱਗਦੀ ਹੈ। ਦੂਜਾ ਕਾਰਨ ਇਹ ਵੀ ਹੈ ਕਿ ਜਿਸ ਤਰ੍ਹਾਂ ਸਰਕਾਰ ਵਲੋਂ ਬਿਆਨ ਆ ਰਹੇ ਸਨ ਤੇ ਜੋ ਕੁਝ ਦਰਬਾਰ ਸਾਹਿਬ ਹੋ ਰਿਹਾ ਸੀ ਉਸ ਤੋਂ ਸਾਰੇ ਇਹ ਹੀ ਕਹਿੰਦੇ ਸੁਣਦੇ ਸਾਂ ਕਿ ਜੋ ਕੁਝ ਅਗੇ ਇਕ ਵਾਰ ਹੋ ਚੁਕਾ ਹੈ ਉਹ ਦੂਜੀ ਵਾਰ ਵੀ ਹੋਵੇਗਾ। ਜਿਸ ਗੱਲ ਦੇ ਅਵਸ਼ ਹੋਣ ਦਾ ਯਕੀਨ ਹੋਵੇ ਉਸਦਾ ਦੁੱਖ ਘੱਟ ਹੁੰਦਾ ਹੈ। ਪਰ ਇਸ ਤੋਂ ਇਹ ਭਾਵ ਨਹੀਂ ਕਿ ਸਿਖ ਸੰਗਤਾਂ ਵਿਚ ਇਸਦੇ ਵਿਰੁਧ ਗੁਸਾ ਨਹੀਂ। ਸਿਖਾਂ ਦੇ ਮਨ ਵਿਚ ਗੁਸਾ ਹੈ ਪਰ ਗੁਸੇ ਦਾ ਪ੍ਰਗਟਾ ਇਤਨਾ ਜ਼ੋਰਦਾਰ ਨਹੀਂ।

ਆਮ ਸਿਖ ਇਹ ਸਮਝਦੇ ਹਨ ਕਿ ਅਕਾਲੀ ਮੁਖ ਮੰਤ੍ਰੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਵਲੋਂ ਕੇਂਦਰ ਸਰਕਾਰ ਨੇ ਦਰਬਾਰ ਸਾਹਿਬ ਅੰਦਰ ਪੁਲੀਸ ਭਿਜਵਾ ਕੇ ਇਹ ਸਾਬਤ ਕਰ ਦਿਤਾ ਹੈ ਕਿ ਇੰਦ੍ਰਾ ਗਾਂਧੀ ਦਾ ਵੀ ਦਰਬਾਰ ਸਾਹਿਬ ਫੌਜ ਭੇਜਣ ਦਾ ਫੈਸਲਾ ਠੀਕ ਸੀ। ਅਤਿਵਾਦੀਆਂ ਦੀਆਂ ਹਿੰਸਕ ਤੇ ਵਖਵਾਦੀ ਕਾਰਵਾਈਆਂ ਦਾ ਇਲਾਜ ਦਰਬਾਰ ਸਾਹਿਬ ਫੌਜ ਭੇਜਣ ਤੋਂ ਬਿਨਾਂ ਨਹੀਂ ਹੋ ਸਕਦਾ ਸੀ। ਆਮ ਸਿਖ ਬਰਨਾਲਾ ਸਰਕਾਰ ਨਾਲ ਪੁਲੀਸ ਦਰਬਾਰ ਸਾਹਿਬ ਭੇਜਣ ਦੇ ਨੁਕਤੇ ਉਤੇ ਸਖਤ ਨਰਾਜ਼ ਹੈ ਤੇ ਇਹ ਸਮਝਦਾ ਹੈ ਕਿ ਇਹ ਵੀ ਕੁਰਸੀ ਕਾਰਨ ਦਿਲੀ ਸਰਕਾਰ ਦੀ ਇਕ ਤਰ੍ਹਾਂ ਨਾਲ ਕਠਪੁਤਲੀ ਸਰਕਾਰ ਹੀ ਬਣ ਗਈ ਹੈ।

ਦਰਬਾਰ ਸਾਹਿਬ ਪੁਲੀਸ ਦੀ ਕਾਰਵਾਈ ਕਾਰਨ ਕੁਝ ਵਜ਼ੀਰਾਂ ਤੇ ਅਕਾਲੀ ਪਾਰਟੀ ਦੇ ਅਹੁਦੇਦਾਰਾਂ ਨੇ ਆਪਣੀਆਂ ਪਦਵੀਆਂ ਤੋਂ ਅਸਤੀਫਾ ਦਿਤਾ ਹੈ ਉਨ੍ਹਾਂ ਦੀ ਆਮ ਸਿਖਾਂ ਵਿਚ ਗੱਲ ਬਣੀ ਹੈ। ਉਹ ਹੁਣ ਇਤਨੇ ਜੋਗੇ ਹੋ ਗਏ ਹਨ ਕਿ ਕਿਸੇ ਸਿਖਾਂ ਦੇ ਦਿਵਾਨ ਵਿਚ ਬਿਨਾਂ ਪੁਲੀਸ ਦੀ ਸੁਰਖਯਾ ਲਏ ਦੇ ਬੋਲ ਸਕਦੇ



ਬਰਨਾਲਾ ਸਾਹਿਬ ਦੇ ਸਮਰਥਕ ਦਰਬਾਰ ਸਾਹਿਬ ਵਿਰੋਧੀ ਅਕਾਲੀਆਂ ਦਾ ਸਵਾਗਤ ਕਾਲੀ ਝੰਡੀਆਂ ਨਾਲ ਕਰ ਰਹੇ ਹਨ।

ਹਨ। ਉਨ੍ਹਾਂ ਨੂੰ ਹੁਣ ਅਗੇ ਵਾਂਗੂ ਪੁਲੀਸ ਦੀਆਂ ਗਾਰਦਾਂ ਲੈ ਕੇ ਚਲਣ ਦੀ ਲੋੜ ਨਹੀਂ ਰਹੀ। ਜੇ ਬਰਨਾਲੇ ਦੇ ਵਿਰੋਧੀ ਇਕਠੇ ਹੋਕੇ ਚਲਣ ਤਾਂ ਇਨ੍ਹਾਂ ਦੀ ਗੱਲ ਘਟੋ ਘਟ ਬਰਨਾਲਾ ਦੇ ਸਮਰਥਕਾਂ ਨਾਲੋਂ ਜ਼ਿਆਦਾ ਬਣ ਸਕਦੀ ਹੈ। ਪਰ ਇਨ੍ਹਾਂ ਦੀ ਰਾਜਸੀ ਲਾਈਨ ਵੀ ਸਪਸ਼ਟ ਨਹੀਂ। ਇਕ ਪਾਸੇ ਇਹ ਖਾਲਸਤਾਨ ਦੀ ਮੰਗ ਦੀ ਵਿਰੋਧਤਾ ਕਰ ਰਹੇ ਹਨ ਤੇ ਇਨ੍ਹਾਂ ਵਿਚੋਂ ਕਈਆਂ ਨੇ ਰਾਜੀਵ-ਲੌਂਗੋਵਾਲ ਸਮਝੌਤੇ ਦਾ ਵੀ ਸਮਰਥਨ ਕੀਤਾ ਸੀ। ਇਨ੍ਹਾਂ ਵਿਚੋਂ ਮਹਾਰਾਜਾ ਅਮਰਿੰਦਰ ਸਿੰਘ ਉਤੇ ਹਿੰਦੂ ਸੁਰਖਯਾ ਸੰਮ੍ਰਤੀ ਦੇ ਪਰਧਾਨ ਸ੍ਰੀ ਪਵਨ ਕੁਮਾਰ ਦੀ ਮਦਦ ਕਰਕੇ ਉਸਨੂੰ ਰਾਜਸੀ ਤੌਰ ਉਤੇ ਸ਼ਕਤੀ ਸ਼ਾਲੀ ਬਨਾਉਣ ਦੇ ਵੀ ਇਲਜ਼ਾਮ ਲਗਾਏ ਜਾਂਦੇ ਹਨ। ਏਥੋਂ ਤਕ ਕਿ ਹਿੰਦੂ ਸੁਰਖਯਾ ਸੰਮਤੀ ਦੇ ਵਰਕਰਾਂ ਨੇ ਪੁਲੀਸ ਕੋਲ ਮੰਨਿਆਂ ਵੀ ਹੈ ਕਿ ਜਦੋਂ ਉਹ ਪੁਲੀਸ ਤੋਂ ਡਰਦੇ ਰੂ-ਪੋਸ਼ ਹੋਏ ਸਨ ਤਾਂ ਉਨ੍ਹਾਂ ਨੇ ਚਾਇਲ ਜਾ ਕੇ ਮਹਾਰਾਜੇ ਦੇ ਮਹਿਲਾਂ ਵਿਚ ਹੀ ਪਨਾਹ ਲਈ ਸੀ।

ਮਹਾਰਾਜਾ ਅਮਰਿੰਦਰ ਸਿੰਘ ਦਾ ਸਕਾ ਭਣਵੇਈਆ ਨਟਵਰ ਸਿੰਘ ਕੇਂਦਰੀ ਸਰਕਾਰ ਵਿਚ ਮੰਤ੍ਰੀ ਹੈ ਤੇ ਹੈ ਵੀ ਰਾਜਪੂਤ ਗੈਰ-ਸਿਖ। ਇਸ ਕਰਕੇ ਕਈ ਤੇ ਇਹ ਵੀ ਕਿਆਫੇ ਲਗਾਂਦੇ ਰਹਿੰਦੇ ਹਨ ਕਿ ਕਾਂਗਰਸ ਨੇ ਮਹਾਰਾਜਾ ਅਮਰਿੰਦਰ ਸਿੰਘ ਨੂੰ ਆਪ ਹੀ ਅਕਾਲੀਆਂ ਵਿਚ ਭੇਜਿਆ ਸੀ। ਹੋ ਸਕਦਾ ਹੈ ਕਿ ਇਹ ਸਾਰੇ ਗਲਤ ਅੰਦਾਜ਼ੇ ਹੀ ਹੋਣ। ਪਰ ਮਹਾਰਾਜਾ ਅਮਰਿੰਦਰ ਸਿੰਘ ਨੂੰ ਕਾਂਗਰਸ ਤੋਂ ਅਸਤੀਫਾ ਦੇਣ ਤੋਂ ਬਾਅਦ ਜਿਸ ਤਰ੍ਹਾਂ ਅਕਾਲੀ ਦਲ ਨੇ ਮਾਨਤਾ ਦਿਤੀ ਹੈ ਉਹ ਵੀ ਹੈਰਾਨੀ ਜਨਕ ਹੈ। ਮਹਾਰਾਜਾ ਅਮਰਿੰਦਰ ਸਿੰਘ ਨੂੰ ਸਿਰਫ ਟਿਕਟ ਹੀ ਨਹੀਂ ਦਿਤਾ ਗਿਆ ਸਗੋਂ ਉਸਨੂੰ ਪਾਰਲੀਮੈਂਟਰੀ ਬੋਰਡ ਦਾ ਮੈਂਬਰ ਵੀ ਬਣਾਇਆ ਗਿਆ ਤੇ ਉਸਦੇ ਚਾਰ ਹਮਾਇਤੀਆ ਨੂੰ ਵੀ ਟਿਕਟਾਂ ਦਿਤੀਆਂ ਗਈਆਂ ਜਿਨ੍ਹਾਂ ਵਿਚੋਂ ਬਹੁਤਿਆਂ ਦਾ ਕੋਈ ਅਕਾਲੀ ਰਾਜਸੀ ਪਿਛੋਕੜ ਨਹੀਂ ਸੀ। ਉਸ ਵਕਤ ਵੀ ਘੁਸਰ ਮੁਸਰ ਹੁੰਦੀ ਸੀ ਕਿ ਕੇਂਦਰੀ ਸਰਕਾਰ ਦੀ ਹਦਾਇਤ ਉਤੇ ਮਹਾਰਾਜਾ ਅਮਰਿੰਦਰ ਸਿੰਘ ਨੂੰ ਪਾਰਲੀਮੈਂਟਰੀ ਬੋਰਡ ਦਾ ਮੈਂਬਰ ਬਣਾ ਲਿਆ ਗਿਆ ਸੀ। ਉਸ ਵਕਤ ਇਨ੍ਹਾਂ ਸਾਰੀਆਂ ਅਫਵਾਹਾਂ ਵਿਚ ਯਕੀਨ ਵੀ ਕੀਤਾ ਜਾਂਦਾ ਸੀ ਕਿਉਂਕਿ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਸ਼ਰੋਮਣੀ ਅਕਾਲੀ ਦਲ ਦਾ ਪਰਧਾਨ ਵੀ ਤੇ ਕੇਂਦਰੀ ਸਰਕਾਰ ਦੀ ਮਰਜ਼ੀ ਨਾਲ ਤੇ ਗਵਰਨਰ ਦੀ ਹਿੰਮਤ ਨਾਲ ਬਣਾਇਆ ਗਿਆ ਸੀ। ਜੋ ਅਕਾਲੀ ਜਥਿਆਂ ਦੇ ਜਥੇਦਾਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੇ ਖਿਲਾਫ ਚਲਦੇ ਸਨ ਉਨ੍ਹਾਂ ਨੂੰ ਗਵਰਨਰ ਨੇ ਆਪਣੀ ਕੋਠੀ ਬੁਲਾਕੇ ਉਨ੍ਹਾਂ ਦੇ ਕਈ ਬੁਤੇ ਸਾਰਕੇ ਉਨ੍ਹਾਂ ਦੀ ਵੋਟ ਸਰਦਾਰ ਸੁਰਜੀਤ ਸਿੰਘ ਬਰਨਾਲਾ ਲਈ ਪਕੀ ਕੀਤੀ ਸੀ। ਜੇ ਪ੍ਰਧਾਨ ਹੀ ਕੇਂਦਰੀ ਸਰਕਾਰ ਨੇ ਬਣਵਾਇਆ ਸੀ ਤਾ ਉਨ੍ਹਾਂ ਦੀ ਮਰਜ਼ੀ ਅਗੋਂ ਵੀ ਤੇ ਚਲਣ ਦੀ ਸੰਭਾਵਨਾ ਤੋਂ ਕਿਸੇ ਤਰ੍ਹਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ।

ਇਹ ਲਿਖਣ ਤੋਂ ਭਾਵ ਹੈ ਕਿ ਬਰਨਾਲਾ ਸਰਕਾਰ ਦੇ ਵਿਰੋਧੀ ਜਦੋਂ ਤਕ ਸਿਖ ਪੰਥ ਲਈ ਰਾਜਸੀ ਨਿਸ਼ਾਨਾ ਮਿਥਕੇ ਉਸ ਉਤੇ ਚਲਣ ਦਾ ਐਲਾਨ ਨਹੀਂ ਕਰਦੇ ਉਤਨੀ ਦੇਰ ਤਕ ਉਨ੍ਹਾਂ ਪ੍ਰਤੀ ਸਿਖ ਸੰਗਤਾਂ ਵਿਚ ਭਰੋਸਾ ਨਹੀਂ ਪੈਦਾ ਹੋ ਸਕਦਾ। ਇਕ ਪਾਸੇ ਇਹ ਲੋਕ ਖਾਲਸਤਾਨ ਦੀ ਵਿਰੋਧਤਾ ਕਰਦੇ ਹਨ ਤੇ ਦੂਜੇ ਪਾਸੇ ਖਾਲਸਤਾਨੀਆਂ ਵਿਰੁਧ ਕੀਤੀ ਗਈ ਕਾਰਵਾਈ ਦੀ ਵੀ ਵਿਰੋਧਤਾ ਕਰਦੇ ਹਨ। ਦਰਬਾਰ ਸਾਹਿਬ ਪੁਲੀਸ ਕਾਰਵਾਈ ਕਰਨੀ ਗਲਤ ਗੱਲ ਸੀ ਪਰ ਦਰਬਾਰ ਸਾਹਿਬ ਟਹਿ ਰਹੇ ਖਾਲਸਤਾਨੀਆਂ ਵਿਰੁਧ ਕਾਰਵਾਈ ਕਰਨ ਦੇ ਜੋ ਸ਼ਾਨਤ ਮਈ ਢੰਗ ਸਨ ਉਨ੍ਹਾਂ ਅਨੁਸਾਰ ਚਲਣ ਦਾ ਬਰਨਾਲੇ ਦੇ ਵਿਰੋਧੀ 'ਵੀ ਹਿੰਮਤ ਨਹੀਂ ਕਰਦੇ ਸਨ ਕਿਉਂਕਿ, ਉਨ੍ਹਾਂ ਨੂੰ ਪਤਾ ਸੀ ਕਿ ਖਾਲਸਤਾਨ ਦੇ ਸਮਰਥਕ ਕਿਤਨੇ ਕੁ ਦ੍ਰਿੜ ਹਨ।

ਇਸ ਕਰਕੇ ਰਾਜਸੀ ਜਾਣਕਾਰੀ ਰਖਣ ਵਾਲੇ ਬਰਨਾਲੇ ਦੇ ਅਕਾਲੀ ਵਿਰੋਧੀਆਂ ਬਾਰੇ ਇਹ ਸੋਚਦੇ ਹਨ ਕਿ ਇਹ ਇਕ ਪਾਸੇ ਕੇਂਦਰੀ ਸਰਕਾਰ ਨੂੰ ਖੁਸ਼ ਰਖਣ ਵਾਸਤੇ ਖਾਲਸਤਾਨ ਦੀ ਵਿਰੋਧਤਾ ਕਰਦੇ ਹਨ ਤੇ ਦੂਜੇ ਪਾਸੇ ਸਿਖਾਂ ਨੂੰ ਖੁਸ਼ ਰਖਣ ਲਈ ਦਰਬਾਰ ਸਾਹਿਬ ਕੀਤੀ ਗਈ ਫੌਜੀ ਕਾਰਵਾਈ ਦੀ ਵਿਰੋਧਤਾ ਕਰਦੇ ਹਨ। ਦੋਵੇਂ ਪਾਸੇ ਖੁਸ਼ ਕਰਕੇ ਇਹ ਆਪਣੇ ਰਾਜਸੀ ਹਿਤਾਂ ਦੀ ਪੂਰਤੀ ਚਾਹੁੰਦੇ ਹਨ। ਜੇ ਇਹ ਲੀਡਰ ਖਾਲਸਤਾਨ ਦੇ ਹਮਾਇਤੀ ਨਹੀਂ ਤਾਂ ਇਨ੍ਹਾਂ ਨੂੰ ਖਾਲਸਤਾਨ ਦੀ ਵਿਰੋਧਤਾ ਦੀ ਕੀ ਲੋੜ ਹੈ। ਜੇ ਇਹ ਖਾਲਸਤਾਨ ਨੂੰ ਸਿਖਾਂ ਦੇ ਹਿਤਾਂ ਦੇ ਅਨਕੂਲ ਨਹੀਂ ਸਮਝਦੇ ਤਾਂ ਪੰਥ ਦੀ ਅਜ਼ਾਦ ਰਾਜਸੀ ਸ਼ਕਤੀ ਕਾਇਮ ਕਰਨ ਲਈ ਕੀ ਇਹ ਅਨੰਦਪੁਰ ਸਾਹਿਬ

Sant Sipahi - The oldest Panthic Magazine/ www.santsipahi.org




ਬੀਬੀਆਂ ਪੁਲੀਸ ਐਕਸ਼ਨ ਦੇ ਵਿਰੁਧ ਮੁਜ਼ਾਹਰਾ ਕੀਤਾ।

ਦੇ ਮਤੇ ਦੀ ਪੂਰਤੀ ਲਈ ਕੋਈ ਸੰਘਰਸ਼ ਕਰਨ ਨੂੰ ਤਿਆਰ ਹਨ ? ਜੇ ਤੇ ਇਹ ਸੰਘਰਸ਼ ਕਰਨਗੇ ਤਾਂ ਸਿਖ ਇਨ੍ਹਾਂ ਦਾ ਸਾਥ ਦੇਣਗੇ। ਨਹੀਂ ਤੇ ਆਮ ਸਿਖ ਉਨ੍ਹਾਂ ਦਾ ਸਾਥ ਦੇਵੇਗਾ ਜੋ ਕਿ ਪੰਥ ਦੀ ਅਜ਼ਾਦ ਰਾਜਸੀ ਸ਼ਕਤੀ ਕਾਇਮ ਕਰਨ ਲਈ ਸਿਰ ਤਲੀ ਉਤੇ ਧਰੀ ਫਿਰਦੇ ਹਨ ਭਾਵੇਂ ਉਨ੍ਹਾਂ ਦੇ ਹਿੰਸਕ ਢੰਗਾਂ ਦੇ ਆਮ ਸਿਖ ਪ੍ਰਸੰਸਾ ਨਹੀਂ ਕਰਦੇ। ਇਸ ਵਕਤ ਤੇ ਸਿਖ ਅਵਾਮ ਉਨ੍ਹਾਂ ਲੋਕਾਂ ਦੀ ਸੁਨਣ ਦੇ ਇਛਕ ਹਨ ਜੋ ਪੰਥ ਲਈ ਸਿਰ ਦੇਣ ਦੇ ਇਛਕ ਹਨ। ਰਾਜਸੀ ਹੇਰਾ ਫੇਰੀਆਂ ਵਾਲਿਆਂ ਦੀ ਹੁਣ ਦੇ ਹਾਲਾਤ ਅਨੁਸਾਰ ਸਿਖਾਂ ਵਿਚ ਗੱਲ ਬਣਨੀ ਮੁਸ਼ਕਲ ਹੈ।

ਸਰਦਾਰ ਸੁਰਜੀਤ ਸਿੰਘ ਬਰਨਾਲਾਂ ਦੇ ਵਿਰੋਧੀ ਅਕਾਲੀ ਵਿਧਾਇਕ ਤੇ ਅਕਾਲੀ ਲੀਡਰਾਂ ਦੀ ਗੱਲ ਸਿਖਾਂ ਵਿਚ ਬਣੇ ਜਾਂ ਨਾ ਬਣੇ ਪਰ ਬਰਨਾਲੇ ਦਾ ਆਪਣਾ ਸਿਖਾਂ ਵਿਚੋਂ ਸਫਾਇਆ ਹੋ ਗਿਆ ਹੈ। ਆਮ ਸਿਖਾਂ ਵਿਚ ਬਰਨਾਲਾ ਸਰਕਾਰ ਵਿਰੁਧ ਇਤਨੀ ਨਫਰਤ ਹੈ ਕਿ ਇਸ ਵਕਤ ਜਿਨ੍ਹਾਂ ਵਿਧਾਇਕਾਂ ਨੇ ਬਰਨਾਲਾ ਸਰਕਾਰ ਦਾ ਸਾਥ ਦਿਤਾ ਹੈ ਜੇ ਹੁਣ ਚੋਣ ਹੋ ਜਾਵੇ ਤਾਂ ਉਨ੍ਹਾਂ ਵਿਚੋਂ ਸ਼ਾਇਦ ਇਕ ਵੀ ਨਾ ਜਿਤ ਸਕੇ। ਜੇ ਕਿਧਰੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੁਣ ਸਰਕਾਰ ਚੋਣਾਂ ਕਰਵਾ ਦੇਵੇ ਤਾਂ ਸ਼ਾਇਦ ਹੀ ਬਰਨਾਲਾ ਸਾਹਿਬ ਦਾ ਸਮਰਥਕ ਕਿਧਰੇ ਜਿਤ ਸਕੇ।

ਬਰਨਾਲਾ ਸਰਕਾਰ ਨੇ ਦਰਬਾਰ ਸਾਹਿਬ ਪੁਲੀਸ ਕਾਰਵਾਈ ਕਰਨ ਲਈ ਗਲਤ ਦਿਨ ਤੇ ਗਲਤ ਵਿਸ਼ਾ ਚੁਣਿਆ ਹੈ। ਪਹਿਲੀ ਗੱਲ ਤੇ ਪੁਲੀਸ ਕਾਰਵਾਈ ਵਾਲੇ ਦਿਨ ਗੁਰੂ ਅਰਜਨ ਦੇਵ ਜੀ ਦਾ ਜਨਮ ਦਿਨ ਸੀ। ਪਹਿਲੀ ਫੌਜੀ ਕਾਰਵਾਈ ਵੇਲੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਇੰਦ੍ਰਾ ਗਾਂਧੀ ਨੇ ਫੌਜ ਦਰਬਾਰ ਸਾਹਿਬ ਭੇਜੀ ਸੀ ਤਾਂ ਬਰਨਾਲਾ ਸਰਕਾਰ ਨੇ ਜੋ ਕਿ ਆਪਣੇ ਆਪਨੂੰ ਸਿਖਾਂ ਦੀ ਚੁਣੀ ਹੋਈ ਪੰਥਕ ਸਰਕਾਰ ਕਹਿੰਦੇ ਹਨ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਜਨਮ ਉਤਸਵ ਦਾ ਕਿਤਨਾ ਕੁ ਸਤਿਕਾਰ ਕੀਤਾ ਹੈ। ਫਿਰ ਇੰਦ੍ਰਾ ਗਾਂਧੀ ਦੀ ਸਰਕਾਰ ਤੇ ਬਰਨਾਲੇ ਦੀ ਸਰਕਾਰ ਵਿਚ ਕੀ ਫਰਕ ਹੋਇਆ।

ਦੂਜਾ ਇਹ ਕਹਿਣਾ ਕਿ ਪੁਲੀਸ ਨੂੰ ਫੌਰਨ ਇਸ ਕਰਕੇ ਦਰਬਾਰ ਸਾਹਿਬ ਅੰਦਰ ਭੇਜਣਾ ਪਿਆ ਕਿਉਂਕੇ ਕੁਝ ਨੌਜੁਆਨਾਂ ਨੇ ਖਾਲਿਸਤਾਨ ਦਾ ਐਲਾਨ ਕਰ ਦਿਤਾ ਸੀ। ਖਾਲਸਤਾਨ ਦੇ ਐਲਾਨ ਨਾਲ ਖਾਲਸਤਾਨ ਬਣ ਨਹੀਂ ਚਲਿਆ ਸੀ। ਜੇ ਐਲਾਨ ਨਾਲ ਖਾਲਸਤਾਨ ਬਣਦਾ ਵੀ ਹੋਵੇ ਤਾਂ ਬਰਨਾਲਾ ਸਰਕਾਰ ਨੂੰ ਕੀ ਤਕਲੀਫ ਹੈ। ਕਿਸੇ ਸਿੱਖ ਨੂੰ ਸਿੱਖ ਰਾਜ ਕਿਸੇ ਥਾਂ ਉਤੇ ਹੋਂਦ ਵਿਚ ਆਉਣ ਵਿਚ ਕੀ ਤਕਲੀਫ ਹੈ ? ਸਿੱਖ ਰੋਜ਼ ਅਰਦਾਸ ਤੋਂ ਪਿਛੋਂ "ਰਾਜ ਕਰੇਗਾ ਖਾਲਸਾ" ਵਾਲਾ ਦੋਹਰਾ ਪੜ੍ਹਦੇ ਹਨ ਜਿਸ ਕਰਕੇ ਰਾਜ ਦਾ ਸੰਕਲਪ ਚੇਤ ਅਚੇਤ ਉਨ੍ਹਾਂ ਦੇ ਦਿਲਾਂ ਤੇ ਦਿਮਾਗ ਉਤੇ ਛਾਇਆ ਹੋਇਆ ਹੈ। ਆਮ ਲੋਕਾਂ ਨੂੰ ਇਹ ਗੱਲ ਤੇ ਸਮਝ ਵਿਚ ਆਉਂਦੀ ਹੈ ਕਿ ਕਿਸੇ ਕਾਨੂੰਨੀ ਕਾਰਵਾਈ ਤੋਂ ਡਰਦਾ ਹੋਇਆ ਕੋਈ ਸਿੱਖ ਖਾਲਸਤਾਨ ਦੀ ਹਮਾਇਤ ਨਹੀਂ ਕਰਦਾ ਜਾਂ ਪੰਜਾਬ ਤੋਂ ਬਾਹਰ ਵਸਦੇ ਹੋਏ ਸਿੱਖ ਡਰਦੇ ਮਾਰੇ ਖਾਲਸਤਾਨ ਦੀ ਵਿਰੋਧਤਾ ਕਰਦੇ ਹਨ ਪਰ ਉਨ੍ਹਾਂ ਨੂੰ ਸੱਚੇ ਦਿਲੋਂ ਕੋਈ ਸਿੱਖ ਵੀ ਜੇ ਕਿਧਰੇ ਸਿੱਖਾਂ ਦਾ ਰਾਜ ਹੋ ਸਕੇ ਤਾਂ ਉਸ ਦਾ ਵਿਰੋਧੀ ਨਜ਼ਰ ਨਹੀਂ ਆਉਂਦਾ।

Sant Sipahi - The oldest Panthic Magazine/ www.santsipahi.org



ਕੈਪਟਨ ਅਮਰਿੰਦਰ ਸਿੰਘ ਵੀ ਵਜ਼ੀਰੀ ਛੱਡ ਕੇ ਦਰਬਾਰ ਸਾਹਿਬ ਆਏ। ਨਾਲ ਜਥੇਦਾਰ ਤਾਲਬ ਸਿੰਘ ਸੰਧੂ ਤੇ ਹੋਰ ਐਮ. ਐਲ. ਏ. ਹਨ।

ਕਥਿਤ ਅਤਿਵਾਦੀਆਂ ਨੇ ਜਿਸ ਤਰ੍ਹਾਂ ਦੀਆਂ 26 ਜਨਵਰੀ ਨੂੰ ਬੁਲਾਏ ਗਏ ਸਰਬੱਤ ਖਾਲਸੇ ਸਮੇਂ ਤਕਰੀਰਾਂ ਕੀਤੀਆਂ ਸਨ ਉਸ ਤੋਂ ਸਪਸ਼ਟ ਸੀ ਕਿ ਆਉਣ ਵਾਲੇ ਸਮੇਂ ਵਿਚ ਕਿਸ ਗੱਲ ਦੀ ਸੰਭਾਵਨਾ ਹੋ ਸਕਦੀ ਹੈ। ਜੇ ਸਰਕਾਰ ਨੇ ਇਨ੍ਹਾਂ ਵਿਰੁਧ ਕੋਈ ਕਾਰਵਾਈ ਕਰਨੀ ਸੀ ਤਾਂ ਉਸ ਵਕਤ ਜਿਸ ਵਕਤ ਇਨ੍ਹਾਂ ਨੇ ਦਰਬਾਰ ਸਾਹਿਬ ਉਤੇ ਕਬਜ਼ਾ ਕੀਤਾ ਸੀ ਤੇ ਪੁਲੀਸ ਦੇ ਇਸ਼ਤਿਹਾਰੀ ਮੁਜਰਮ ਗੁਰਦੁਆਰਾ ਸਟੇਜ ਤੋਂ ਖੁਲ੍ਹੇ ਆਮ ਸਰਕਾਰ ਨੂੰ ਵੰਗਾਰਦੇ ਸਨ। ਸਿੱਖਾਂ ਵਲੋਂ ਗੁਰਦੁਆਰਾ ਪ੍ਰਬੰਧ ਲਈ ਸ਼੍ਰੋਮਣੀ ਪ੍ਰਬੰਧਕ ਕਮੇਟੀ ਹੀ ਚੁਣੀ ਹੋਈ ਹੈ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਜ਼ਬਰਦਸਤੀ ਖੋਹਵੇ ਉਸ ਦੇ ਖਿਲਾਫ ਕੁਝ ਲੋਕ ਤੇ ਹੋਣਗੇ ਹੀ। ਪੁਲੀਸ ਇਹ ਕਹਿ ਸਕਦੀ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਨ੍ਹਾਂ ਦਾ ਅਧਿਕਾਰ ਦਵਾਉਣ ਲਈ ਸਰਕਾਰ ਨੇ ਦਖਲ ਦਿਤਾ ਹੈ।

ਖਾਲਸਤਾਨ ਕੇਹੜੀ ਕੋਈ ਨਵੀਂ ਗੱਲ ਸੀ। ਅਗੇ ਸਿੱਖ ਕੌਂਸਲ ਫਾਰ ਖਾਲਸਤਾਨ ਦੇ ਸੈਕਟਰੀ ਜਨਰਲ ਬਲਬੀਰ ਸਿੰਘ ਸੰਧੂ ਨੇ ਵੀ ਦਰਬਾਰ ਸਾਹਿਬ ਅੰਦਰ ਹੀ ਖਾਲਸਤਾਨ ਦਾ ਵਿਧਾਨ ਜਾਰੀ ਕੀਤਾ ਸੀ। ਉਸ ਵਕਤ ਕੋਈ ਪੁਲੀਸ ਇਸ ਕਾਰਨ ਦਰਬਾਰ ਸਾਹਿਬ ਅੰਦਰ ਨਹੀਂ ਗਈ ਸੀ। ਬਲਊ ਸਟਾਰ ਓਪਰੇਸ਼ਨ ਤੋਂ ਬਾਅਦ ਗੁਰਦੁਆਰਾ ਸ਼ਹੀਦਾਂ ਹੋਏ ਸਰਬੱਤ ਸਿੱਖ ਸਮੇਲਨ ਸਮੇਂ ਵੀ ਖਾਲਸਤਾਨ ਜ਼ਿੰਦਾਬਾਦ ਦੇ ਨਾਹਰੇ ਲੱਗਦੇ ਰਹੇ ਤੇ ਝੰਡੇ ਝੁਲਾਦੇ ਜਾਂਦੇ ਰਹੇ ਕੋਈ ਪੁਲੀਸ ਕਾਰਵਾਈ ਨਾ ਹੋਈ। ਕਾਰ ਸੇਵਾ ਸਮੇਂ ਵੀ ਖਾਲਸਤਾਨ ਜ਼ਿੰਦਾਬਾਦ ਦੇ ਨਾਹਰੇ ਲੱਗਦੇ ਰਹਿੰਦੇ ਸਨ। ਜੇ ਨਾਹਰੇ ਲੱਗਣ ਨਾਲ ਖਾਲਸਤਾਨ ਬਣਦਾ ਹੋਵੇ ਤਾਂ ਤੇ ਗੱਲ ਹੀ ਬੜੀ ਸੌਖੀ ਹੈ। ਹੁਣ ਵੀ ਖਾਲਸਤਾਨ ਦਾ ਐਲਾਨ ਕਰਨ ਕਾਰਨ ਦਰਬਾਰ ਸਾਹਿਬ ਪੁਲੀਸ ਭੇਜਣੀ ਕਿਸੇ ਤਰ੍ਹਾਂ ਵੀ ਆਮ ਸਿੱਖ ਨੂੰ ਜਚਦੀ ਨਹੀਂ।

ਫਿਰ ਜੇ ਖਾਲਸਤਾਨ ਦਾ ਐਲਾਨ ਕਰਨ ਵਾਲਾ ਕੋਈ ਪਕੜਿਆ ਜਾਂਦਾ ਤਾਂ ਵੀ ਸਰਕਾਰ ਕੁਝ ਕਹਿ ਸਕਦੀ ਸੀ। ਪਰ ਜੇ ਪਕੜਿਆ ਹੀ ਕੋਈ ਨਹੀਂ ਗਿਆ ਤਾਂ ਦਰਬਾਰ ਸਾਹਿਬ ਦਾ ਅਪਮਾਨ ਕਿਉਂ ਕੀਤਾ ਗਿਆ। ਦਰਬਾਰ ਸਾਹਿਬ ਅੰਦਰ ਗੋਲੀ ਚਲੀ। ਕਿਹਾ ਗਿਆ ਹੈ ਕਿ ਕਿਸੇ ਅਤਿਵਾਦੀ ਨੇ ਜੁਆਬੀ ਗੋਲੀ ਨਹੀਂ ਚਲਾਈ। ਜੇ ਜੁਆਬੀ ਗੋਲੀ ਕੋਈ ਨਹੀਂ ਚਲੀ ਤਾਂ ਅੰਦਰ ਗੋਲੀਆਂ ਨਾਲ ਬੰਦੇ ਕਿਉਂ ਮਾਰੇ ਗਏ। ਸਰਕਾਰ ਦੇ ਕਹਿਣ ਅਨੁਸਾਰ ਦੋ ਬੰਦੇ ਮਰੇ ਤੇ ਦੋ ਜ਼ਖਮੀ ਹਨ ਪਰ ਆਮ ਸ਼ਹਿਰ ਵਿਚ ਅਫਵਾਹ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਮਰਨ ਵਾਲੇ ਥੋੜ੍ਹੇ ਹੋਣ ਜਾਂ ਬਹੁਤੇ ਹੋਣ ਇਹ ਸੁਆਲ ਵੱਖਰਾ ਹੈ। ਸੁਆਲ ਸਿਧਾ ਹੈ ਕਿ ਜੇ ਅਗੋਂ ਕੋਈ ਬੰਦਾ ਮੁਕਾਬਲਾ ਕਰਨ ਵਾਲਾ ਹੀ ਨਹੀਂ ਸੀ ਤਾਂ ਗੋਲੀ ਚਲਾਈ ਹੀ ਕਿਉਂ ਗਈ। ਗੋਲੀ ਚੱਲਣ ਕਾਰਨ ਜਿਥੇ ਜਾਨੀ ਨੁਕਸਾਨ ਹੋਇਆ ਉਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਖੰਡਨ ਹੋਏ, ਮਰਯਾਦਾ ਭੰਗ ਹੋਈ ਇਕ ਦਿਨ ਦਰਬਾਰ ਸਾਹਿਬ ਅੰਦਰ ਸਵੇਰ ਦਾ ਕੀਰਤਨ ਨਹੀਂ ਹੋਇਆ। ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਫਿਰ ਸਿਗਰਟਾਂ ਪੀਤੀਆਂ ਗਈਆਂ ਤੇ ਕੁਝ ਫੌਜੀ ਕਮਾਂਡੋ ਜੁੱਤੀਆਂ ਸਮੇਤ ਵੀ ਪ੍ਰਕਰਮਾ ਵਿਚ ਗਏ। ਹੋਰ ਦਰਬਾਰ ਸਾਹਿਬ ਦੀ ਬੇਅਦਬੀ ਕਿਸ ਨੂੰ ਕਿਹਾ ਜਾਂਦਾ ਹੈ।


ਲੋਕਾਂ ਦਾ ਇਹ ਸ਼ੱਕ ਸੱਚਾ ਹੈ ਕਿ ਦਰਬਾਰ ਸਾਹਿਬ ਖਾਲਸਤਾਨ ਕਾਰਨ ਪੁਲੀਸ ਕਾਰਵਾਈ ਬਰਨਾਲਾ ਸਰਕਾਰ ਨੇ ਕੇਂਦਰੀ ਸਰਕਾਰ ਦੀ ਹਦਾਇਤ ਉਤੇ ਕੀਤੀ ਹੈ। ਜਦੋਂ ਖਾਲਸਤਾਨ ਦਾ ਐਲਾਨ ਹੋਇਆ ਤਾਂ ਉਸ ਵਕਤ ਬਰਨਾਲਾ ਸਾਹਿਬ ਨੈਸ਼ਨਲ ਡੀਵੈਲਪਮੈਂਟ ਕੌਂਸਲ ਦੀ ਮੀਟਿੰਗ ਉਤੇ ਦਿੱਲੀ ਗਏ ਹੋਏ ਸਨ। ਪ੍ਰਧਾਨ ਮੰਤਰੀ ਨੇ ਬਰਨਾਲਾ ਸਾਹਿਬ ਨੂੰ ਬੁਲਾ ਕੇ ਕਾਰਵਾਈ ਕਰਨ ਦੀ ਹਦਾਇਤ ਕੀਤੀ ਤੇ ਨਾਲ ਹੀ ਪੁਛਿਆ ਕਿ ਪ੍ਰਧਾਨ ਮੰਤਰੀ ਬਰਨਾਲਾ ਸਾਹਿਬ ਦੀ ਕੀ ਮਦਦ ਕਰ ਸਕਦਾ ਹੈ। ਬਰਨਾਲਾ ਸਾਹਿਬ ਨੇ ਫੌਜੀ ਕਮਾਂਡੋ ਦੀ ਮੰਗ ਕੀਤੀ ਜੋ ਕਿ ਮੰਨਜ਼ੂਰ ਕਰਕੇ ਹਵਾਈ ਜਹਾਜ਼ ਰਾਹੀਂ ਫੌਜੀ ਕਮਾਂਡੋ ਅੰਮ੍ਰਿਤਸਰ ਪੁਚਾਏ ਗਏ। ਬਰਨਾਲਾ ਸਾਹਿਬ ਨਾਲ ਹੀ ਦਿੱਲੀ ਤੋਂ ਸ੍ਰੀ ਅਰਜਨ ਸਿੰਘ ਤੇ ਸ੍ਰੀ ਅਰੁਨ ਨਹਿਰੂ ਹਵਾਈ ਜਹਾਜ਼ ਉਤੇ ਅੰਮ੍ਰਿਤਸਰ ਪੁਜੇ। 30 ਅਪ੍ਰੈਲ ਨੂੰ ਰਾਤ

Sant Sipahi - The oldest Panthic Magazine/ www.santsipahi.org

ਸਾਰੀ ਪਲੈਨ ਬਣਾਈ ਗਈ ਤੇ 1 ਮਈ ਨੂੰ ਪੁਲੀਸ ਦਰਬਾਰ ਸਾਹਿਬ ਅੰਦਰ ਚਲੀ ਗਈ।

ਇਸ ਨਾਲ ਬਰਨਾਲਾ ਸਾਹਿਬ ਦੀ ਗੱਲ ਗ਼ੈਰ ਸਿੱਖਾਂ, ਕੇਂਦਰੀ ਸਰਕਾਰ ਤੇ ਕੇਂਦਰੀ ਪਾਰਟੀਆਂ ਵਿਚ ਜ਼ਰੂਰ ਬਣ ਗਈ ਹੈ ਤੇ ਸਾਰੇ ਉਨ੍ਹਾਂ ਦੇ ਸਮਰਥਕ ਹੋ ਗਏ ਹਨ। ਪਰ ਸਿੱਖਾਂ ਵਿਚ ਬਿਲਕੁਲ ਖਤਮ ਹੋ ਗਈ ਹੈ। ਐਮ. ਐਲ. ਏ. ਤੇ ਲਾਲਚ ਨਾਲ ਖਰੀਦੇ ਜਾ ਸਕਦੇ ਹਨ ਜੋ ਕਿ ਫਿਲਹਾਲ ਬਰਨਾਲਾ ਸਾਹਿਬ ਨੇ ਖ਼ੀਦ ਹੀ ਲਏ ਹਨ। ਪਰ ਲੋਕ ਰਾਏ ਨੂੰ ਆਪਣੇ ਖਿਲਾਫ ਕਰਕੇ ਦੇਖੋ ਬਰਨਾਲਾ ਸਾਹਿਬ ਕਿਤਨੀ ਦੇਰ ਐਮ. ਐਲ. ਏ. ਆਪਣੇ ਨਾਲ ਰੱਖ ਸਕਦੇ ਹਨ। ਆਮ ਸਿੱਖ ਸੰਗਤਾਂ ਦੀ ਫਿਟਕਾਰ ਕਈ ਐਮ. ਐਲ. ਏ. ਨੂੰ ਬਰਨਾਲਾ ਸਾਹਿਬ ਦਾ ਸਾਥ ਛੱਡ ਦੇਣ ਉਤੇ ਮਜ਼ਬੂਰ ਕਰੇਗੀ। ਇਹ ਤੇ ਵਕਤ ਹੀ ਦਸੇਗਾ ਕਿ ਆਪਣਿਆਂ ਨਾਲ ਵਿਗਾੜ ਕੇ ਦੂਜਿਆਂ ਦੇ ਫਹੌੜਿਆ ਦੇ ਸਹਾਰੇ ਬਰਨਾਲਾ ਸਾਹਿਬ ਵਜ਼ਾਰਤੀ ਕੁਰਸੀ ਉਤੇ ਕਿਤਨੀ ਕੁ ਦੇਰ ਕਾਇਮ ਰਹਿ ਸਕਦੇ ਹਨ। ਕਾਂਗਰਸ ਨੇ ਤੇ ਬਰਨਾਲਾ ਸਾਹਿਬ ਦੀ ਮਦਦ ਕਰਨ ਦਾ ਪੂਰਾ ਭਰੋਸਾ ਦਵਾਇਆ ਹੈ। ਅਗੇ ਜਿਨ੍ਹਾਂ ਵੀ ਸਿੱਖ ਲੀਡਰਾਂ ਨੇ ਸਿੱਖਾਂ ਨਾਲ ਵਿਗਾੜ ਕੇ ਕਾਂਗਰਸ ਦੀ ਮਦਦ ਨਾਲ ਰਾਜਸੀ ਸ਼ਕਤੀ ਮਾਣਨੀ ਚਾਹੀ ਉਨ੍ਹਾਂ ਸਾਰਿਆਂ ਦਾ ਲਾਭ ਉਠਾ ਕੇ ਕਾਂਗਰਸ ਨੇ ਉਨ੍ਹਾਂ ਨੂੰ ਅੰਬ ਦੀ ਚੂਪੀ ਹੋਈ ਗਿਟਕ ਵਾਂਗੂ ਬਾਹਰ ਵਗਾਹ ਮਾਰਿਆ। ਦੇਖੋ ਹੁਣ ਬਰਨਾਲਾ ਸਾਹਿਬ ਦਾ ਇਹ ਹਸ਼ਰ ਕਿਸ ਵੇਲੇ ਹੁੰਦਾ ਹੈ। ਘਰ ਦੇ ਤੇ ਇਹ ਰਹੇ ਨਹੀਂ ਤੇ ਘਾਟ ਵਾਲਿਆਂ ਨੇ ਇਨ੍ਹਾਂ ਨੂੰ ਬਹੁਤੀ ਦੇਰ ਟਿਕਣ ਨਹੀਂ ਦੇਣਾ। ਸਿੱਖ ਹੋ ਕੇ ਇਨ੍ਹਾਂ ਨੇ ਗੁਰੂ ਦੇ ਘਰ ਉਤੇ ਗੋਲੀਆਂ ਚਲਵਾ ਦਿਤੀਆਂ ਹੁਣ ਗੁਰੂ ਵੀ ਇਨ੍ਹਾਂ ਨੂੰ ਕਿਸ ਤਰ੍ਹਾਂ ਬਹੁੜੇਗਾ।

ਬਰਨਾਲਾ ਸਰਕਾਰ ਨੂੰ ਤੇ ਸਾਰੇ ਮਾੜਾ ਕਹਿੰਦੇ ਹਨ ਪਰ ਕੁਝ ਲੋਕ ਉਨ੍ਹਾਂ ਨੌਜੁਆਨਾਂ ਦੇ ਵਿਰੁਧ ਵੀ ਹਨ ਜਿਨ੍ਹਾਂ ਨੇ ਦਰਬਾਰ ਸਾਹਿਬ ਆਪਣੇ ਕਬਜ਼ੇ ਸਮੇਂ ਕਈ ਗ਼ਲਤ ਗੱਲਾਂ ਵੀ ਕੀਤੀਆਂ ਹਨ। ਕੋਈ ਵਿਰਲਾ ਇਹ ਵੀ ਕਹਿੰਦਾ ਹੈ ਕਿ ਇਨ੍ਹਾਂ ਮੁੰਡਿਆਂ ਨੂੰ ਵੀ ਤੇ ਦਰਬਾਰ ਸਾਹਿਬ ਤੋਂ ਕੱਢਣ ਦਾ ਕੋਈ ਹੋਰ ਢੰਗ ਨਹੀਂ ਸੀ। ਪਰ ਸੋਚਣ ਵਾਲੀ ਗੱਲ ਹੈ ਕਿ ਦਰਬਾਰ ਸਾਹਿਬ ਅੰਦਰ ਆਖਿਰ ਕਿਤਨੇ ਕੁ ਨੌਜੁਆਨ ਸਨ। ਕੁਲ ਗਿਣਤੀ 300 ਯਾ 400 ਤੋਂ ਉਤੇ ਨਹੀਂ ਸੀ। ਵੱਧੋ ਵੱਧ ਪੰਜ ਸੌ ਕਹਿ ਲਵੋ। ਸ਼ਰੋਮਣੀ ਅਕਾਲੀ ਦਲ ਸਮੁਚੇ ਪੰਥ ਦੀ ਜਥੇ-ਬੰਦੀ ਕਹੀ ਜਾਂਦੀ ਹੈ। ਕੀ ਇਨ੍ਹਾਂ ਕੋਲੋਂ ਇਕ ਹਜ਼ਾਰ ਵਰਕਰ ਵੀ ਨਹੀਂ ਸੀ ਜੋ ਕਿ ਦਰਬਾਰ ਸਾਹਿਬ ਜਾ ਕੇ ਸਟੂਡੈਂਟ ਫ਼ਡਰੇਸ਼ਨ ਤੇ ਟਕਸਾਲ


ਟੌਹੜਾ ਸਾਹਿਬ ਕਈ ਮਹੀਨਿਆਂ ਬਾਦ ਦਰਬਾਰ ਸਾਹਿਬ ਆਏ।

ਵਾਲਿਆਂ ਨੂੰ ਉਥੋਂ ਕੱਢ ਸਕਦੇ। ਜੇ ਇਨ੍ਹਾਂ ਕੋਲ ਇਤਨੇ ਵੀ ਵਰਕਰ ਨਹੀਂ ਤਾਂ ਇਨ੍ਹਾਂ ਨੂੰ ਪੰਥ ਦੀ ਜਥੇਬੰਦੀ ਅਖਵਾਉਣ ਦਾ ਵੀ ਕੋਈ ਹੱਕ ਨਹੀਂ। ਅਸਲ ਵਿਚ ਸ਼ਰੋਮਣੀ ਅਕਾਲੀ ਦਲ ਕੋਲ ਵਰਕਰਾਂ ਵਾਲੀ ਗੱਲ ਦਾ ਭੋਗ ਪੈ ਗਿਆ ਹੈ। ਹੁਣ ਜਥੇਦਾਰ ਉਹ ਹਨ ਜੋ ਹਰ ਵਕਤ ਇਹਨਾਂ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ। ਆਮ ਤੌਰ ਉਤੇ ਹਾਂ ਵਿਚ ਹਾਂ ਮਿਲਾਉਣ ਵਾਲੇ ਜਥੇਦਾਰ ਉਹ ਹੁੰਦੇ ਹਨ ਜਿਨ੍ਹਾਂ ਨੂੰ ਆਪਣੇ ਇਲਾਕੇ ਵਿਚ ਕੋਈ ਪੁਛਦਾ ਹੀ ਨਹੀਂ। ਜਥੇ-ਦਾਰਾਂ ਕੋਲੋਂ ਤੇ ਬਰਨਾਲਾ ਸਾਹਿਬ ਆਪਣੇ ਹੱਕ ਵਿਚ ਐਲਾਨ ਕਰਵਾ ਸਕਦੇ ਹਨ ਪਰ ਉਹ ਆਪਣੇ ਨਾਲ ਕੋਈ ਬੰਦਾ ਨਹੀਂ ਇਲਾਕੇ ਵਿਚੋਂ ਤੋਰ ਸਕਦੇ ਖਾਸ ਕਰਕੇ ਜਦੋਂ ਕਿ ਆਮ ਸਿੱਖਾਂ ਦੇ ਜਜ਼ਬਾਤ ਹੀ ਉਲਟ ਹੋਣ।

ਇਸ ਪੁਲੀਸ ਕਾਰਵਾਈ ਤੋਂ ਪਹਿਲਾਂ ਵੀ ਸਿਖ ਬੜੀ ਤੇਜ਼ੀ ਨਾਲ ਬਰਨਾਲਾ ਸਰਕਾਰ ਦੇ ਵਿਰੁਧ ਹੋ ਰਹੇ ਸਨ ਕਿਉਂਕਿ ਇਨ੍ਹਾਂ ਨੇ ਚੋਣਾਂ ਸਮੇਂ ਕੀਤੇ ਸਿਖਾਂ ਨਾਲ ਇਕਰਾਰ ਦੀ ਕਿਸੇ ਪਹਿਲੂ ਤੋਂ ਵੀ ਪੂਰਤੀ ਨਹੀਂ ਹੋਈ ਸੀ। ਨਾ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਹੋਇਆ। ਨਾ ਫੌਜੀ ਮੁੜ ਨੌਕਰੀਆਂ ਉਤੇ ਬਹਾਲ ਹੋਏ ਤੇ ਨਾ ਹੀ ਜੋਧਪੁਰ ਦੇ ਕੈਦੀ ਹੀ ਛਡੇ ਗਏ। ਅਗੇ ਹੀ ਬਰਨਾਲਾ ਸਰਕਾਰ ਸਿਖਾਂ ਲਈ ਕੁਝ ਨਾ ਕਰ ਸਕਣ ਕਾਰਨ ਬਦਨਾਮ ਹੈ ਤੇ ਹੁਣ ਰਹਿੰਦੀ ਕਸਰ ਇਸਨੇ ਸਿਖ ਜਜ਼ਬਾਤਾਂ ਵਿਰੁਧ ਦਰਬਾਰ ਸਾਹਿਬ ਪੁਲੀਸ ਕਾਰਵਾਈ ਕਰਕੇ ਪੂਰੀ ਕਰ ਲਈ ਹੈ।

ਬਰਨਾਲਾ ਸਾਹਿਬ ਦਾ ਇਹ ਕਹਿਣਾ ਕਿ "ਜੋ ਸਰਬਤ ਖਾਲਸੇ ਨੇ ਉਨ੍ਹਾਂ ਦੀ ਜ਼ਿਮੇਵਾਰੀ ਦਰਬਾਰ ਸਾਹਿਬ ਉਤੇ ਨਜਾਇਜ਼ ਕਬਜ਼ਾ ਹਟਾਉਣ ਦੀ ਲਾਈ ਸੀ ਉਹ ਉਨ੍ਹਾਂ ਨੇ ਪੂਰੀ ਕੀਤੀ ਹੈ", ਆਮ ਲੋਕਾਂ ਉਤੇ ਕੋਈ ਅਸਰ ਨਹੀਂ। ਆਮ ਲੋਕ ਤੇ ਅਨੰਦਪੁਰ ਸਾਹਿਬ ਹੋਏ ਸਰਬਤ ਖਾਲਸਾ ਦੇ ਮਹਾਨ ਇਕੱਠ ਨੂੰ ਵੀ ਇਕ ਤਰ੍ਹਾਂ ਨਾਲ ਸਰਕਾਰ ਦੀ ਨੁਮਾਇਸ਼ ਹੀ ਸਮਝਦੇ ਸਨ ਕਿਉਂਕਿ ਉਹ ਇਕਠ ਸਰਕਾਰੀ ਸਾਧਨਾਂ ਨਾਲ ਕੀਤਾ ਗਿਆ

Sant Sipahi - The oldest Panthic Magazine/ www.santsipahi.org



ਸੁਖਜਿੰਦਰ ਸਿੰਘ ਵਜ਼ੀਰੀ ਛੱਡ ਕੇ ਦਰਬਾਰ ਸਾਹਿਬ ਆਏ ।

ਮਥਾ ਟੇਕਣ ਆਏ ਸਨ ਤਾਂ ਬਰਨਾਲਾ ਸਾਹਿਬ ਦੇ ਸਮਰਥਕਾਂ ਨੇ ਸਾਰੀ ਕੋਸ਼ਸ਼ ਕਰਕੇ ਉਨ੍ਹਾਂ ਵਿਰੁਧ ਜੋ ਮੁਜ਼ਾਹਰਾ ਕਰਨ ਦੀ ਕੋਸ਼ਸ਼ ਕੀਤੀ ਸੀ ਉਸ ਮੁਜ਼ਾਹਿਰੇ ਦਾ ਜੋ ਹਸ਼ਰ ਹੋਇਆ ਹੈ ਉਸ ਤੋਂ ਕੋਈ ਗਲਤ ਫ਼ਹਿਮੀ ਨਹੀਂ ਰਹਿਣੀ ਚਾਹੀਦੀ ਕਿ ਸਿਖ ਜਜ਼ਬਾਤ ਕਿਧਰ ਜਾ ਰਹੇ ਹਨ ।

ਪੁਲੀਸ ਕਾਰਵਾਈ ਦਾ ਪ੍ਰਤੀਕਰਮ ਇਹ ਵੀ ਹੋਇਆ ਹੈ ਕਿ ਪੰਜਾਬ ਵਜ਼ਾਰਤ ਜੋ ਕਿਤਨੀ ਦੇਰ ਤੋਂ ਵਧਾਈ ਨਹੀਂ ਜਾ ਰਹੀ ਸੀ ਉਸ ਨੂੰ ਵਧਾਉਣ ਦੀ ਬਰਨਾਲਾ ਸਾਹਿਬ ਨੂੰ ਇਕ ਦਮ ਲੋੜ ਪੈ ਗਈ । ਦਰਬਾਰ ਸਾਹਿਬ ਕਾਰਵਾਈ ਕਾਰਨ ਆਮ ਸਿੱਖਾਂ ਦੇ ਜਜ਼ਬਾਤ ਸਰਕਾਰ ਵਿਰੁਧ ਭੜਕੇ ਹੋਏ ਸਨ ਇਸ ਕਰਕੇ ਅਕਾਲੀ ਐਮ. ਐਲ. ਏ. ਦਾ ਵੀ ਵਜ਼ਾਰਤੀ ਧੜੇ ਤੋਂ ਬਾਗੀ ਹੋ ਜਾਣ ਦਾ ਖਤਰਾ ਪੈਦਾ ਹੋ ਗਿਆ । ਬਰਨਾਲਾ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੇ ਐਮ. ਐਲ. ਏ. ਡੀਲੈਕਸ ਬੱਸਾਂ ਵਿਚ ਲੱਦਕੇ ਸ਼ਿਮਲਾ ਸੈਰ ਕਰਨ ਲਈ ਭੇਜ ਦਿਤੇ । ਉਥੇ ਹੀ ਸਾਰਿਆਂ ਨੂੰ ਇਕ ਜਾਂ ਦੂਜਾ ਲਾਲਚ ਦੇ ਕੇ ਕਾਬੂ ਕਰ ਲਿਆ । ਵਾਪਿਸ ਆਉਂਦਿਆਂ ਹੀ ਚਾਰ ਐਮ. ਐਲ. ਏ. ਛੱਡ ਕੇ ਬਾਕੀਆਂ ਨੂੰ ਮੰਤ੍ਰੀ ਜਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਬਣਾ ਦਿਤਾ । ਸਾਰੇ ਹੀ ਇਕ ਜਾਂ ਦੂਜੇ ਤਰੀਕੇ ਨਾਲ ਖੁਸ਼ ਕਰ ਲਏ । ਪੁਲੀਸ ਕਾਰਵਾਈ ਨਾਲ ਸਿੱਖਾਂ ਦੇ ਜਜ਼ਬਾਤ ਵਲੂੰਦਰੇ ਗਏ ਪਰ ਐਮ. ਐਲ. ਏ. ਸਾਹਿਬਾਨ ਨੂੰ ਲਾਭ ਹੋ ਗਿਆ ।

ਆਮ ਸਿੱਖਾਂ ਦੇ ਜਜ਼ਬਾਤਾਂ ਨੂੰ ਵੇਖ ਕੇ ਬਰਨਾਲਾ ਸਾਹਿਬ ਨੇ ਆਪਣੇ ਆਪ ਨੂੰ ਪੰਜਾਂ ਸਿੰਘ ਸਾਹਿਬਾਨ ਕੋਲੋਂ ਤਨਖਾਹ ਲਗਵਾ ਕੇ ਭੁਲ ਬਖਸ਼ਾਉਣੀ ਹੀ ਯੋਗ ਸਮਝੀ ਹੈ । ਕਿਹਾ ਤੇ ਜਾਂਦਾ ਹੈ ਕਿ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਰਦਾਰ ਸੁਰਜੀਤ ਸਿੰਘ ਨੂੰ ਸਪਸ਼ਟੀਕਰਨ ਦੇਣ ਲਈ ਬੁਲਾਇਆ । ਇਸ ਤੋਂ ਪਹਿਲਾਂ ਪੁਲੀਸ ਕਾਰਵਾਈ ਤੋਂ ਦੂਜੇ ਦਿਨ ਜਦੋਂ ਬਰਨਾਲਾ ਸਾਹਿਬ ਦਰਬਾਰ ਸਾਹਿਬ ਆਏ ਸਨ ਤਾਂ ਸਿੰਘ ਸਾਹਿਬ ਨੇ ਪੁਲੀਸ ਕਾਰਵਾਈ ਨੂੰ ਜਾਇਜ਼ ਕਰਾਰ ਦੇ ਦਿਤਾ ਸੀ । ਹੁਣ ਨਵਾਂ ਸ਼ਪਸ਼ਟੀ-ਕਰਨ ਕੀ ਲਿਆ ਜਾਣਾ ਸੀ । ਨਾ ਹੀ ਸਿੰਘ ਸਾਹਿਬਾਂ ਵਲੋਂ ਪੁਲੀਸ ਕਾਰਵਾਈ ਦੀ ਕੀਤੀ ਗਈ ਪ੍ਰੋੜਤਾ ਦਾ ਹੀ ਕੋਈ ਅਸਰ ਹੈ । ਇਸ ਨਾਲ ਸਿੰਘ ਸਾਹਿਬਾਨ ਦੀ ਸ਼ਾਖ ਨੂੰ ਹੋਰ ਸੱਟ ਵਜੀ ਹੈ । ਬਰਨਾਲਾ ਸਾਹਿਬ ਨੂੰ ਇਸਦੀ ਕੋਈ ਮਦਦ ਨਹੀਂ ਮਿਲੀ ।

ਬਰਨਾਲਾ ਸਰਕਾਰ ਨੂੰ ਵੀ ਸ਼ਾਇਦ ਲੋਕਾਂ ਦੇ ਗੁਸੇ ਦਾ ਗਿਆਨ ਹੈ ਇਸੇ ਕਰਕੇ ਹਾਲੀ ਤਕ ਦਰਬਾਰ ਸਾਹਿਬ ਕਾਮਪਲੈਕਸ ਪੁਲੀਸ ਤੇ ਬੀ. ਐਸ. ਐਫ ਨਾਲ ਭਰਿਆ ਹੋਇਆ ਹੈ ਤੇ ਇਸਦੇ ਬਾਵਜੂਦ ਮਸਿਆ ਉਤੇ 8 ਮਈ ਨੂੰ ਦਰਬਾਰ ਸਾਹਿਬ ਦੇ ਆਲੇ ਦੁਆਲੇ ਕਰਫਿਊ ਲਾਉਣਾ ਪਿਆ ਤਾਂ ਕਿ ਸੰਗਤਾਂ ਇਕਠੀਆਂ ਹੋਕੇ ਕਿਧਰੇ ਬਰਨਾਲਾ ਸਰਕਾਰ ਵਿਰੁਧ ਕਿਸੇ ਤਰ੍ਹਾਂ ਆਪਣੇ ਗੁਸੇ ਦਾ ਪਰਗਟਾ ਨਾ ਕਰ ਸਕਣ । ਆਖਿਰ ਇਸ ਤਰ੍ਹਾਂ ਕਰਫਿਊ ਲਗਾ ਕੇ ਗੱਲ ਕਿਤਨੀ ਦੇਰ ਤੇ ਕਿਸ ਤਰ੍ਹਾਂ ਚਲੇਗੀ ।

ਜੇ ਬਰਨਾਲਾ ਸਰਕਾਰ ਨੂੰ ਲੋਕਾਂ ਦੇ ਜਜ਼ਬਾਤਾਂ ਸਬੰਧੀ ਕੋਈ ਗਲਤ ਫ਼ਹਿਮੀ ਸੀ ਤਾਂ ਉਹ ਯਾਰਾਂ ਮਈ ਨੂੰ ਜਦੋਂ ਉਨ੍ਹਾਂ ਦੇ ਵਿਰੋਧੀ ਦਰਬਾਰ ਸਾਹਿਬ

Sant Sipahi - The oldest Panthic Magazine/ www.santsipahi.org



ਬਰਨਾਲਾ ਸਾਹਿਬ ਨੂੰ ਸਿੰਘ ਸਾਹਿਬ ਤਨਖਾਹ ਲਗਾ ਰਹੇ ਹਨ ।

ਸੀ। ਇਹ ਤੇ ਸਿੱਖ ਜਜ਼ਬਾਤਾਂ ਨੂੰ ਠੰਡਾ ਕਰਨ ਦਾ ਹੀ ਇਕ ਤਰੀਕਾ ਸੀ। ਸਿੰਘ ਸਾਹਿਬਾਂ ਨੇ ਸਿੱਖ ਸੰਗਤਾਂ ਦੇ ਜਜ਼ਬਾਤਾਂ ਨੂੰ ਠੇਸ ਪੁਚਾਉਣ ਦੇ ਕਸੂਰ ਬਦਲੇ ਤਨਖਾਹ ਲਗਾਈ ਹੈ। ਬਰਨਾਲਾ ਸਾਹਿਬ ਨੇ ਉਹ ਤਨਖਾਹ ਪੂਰੀ ਵੀ ਕੀਤੀ ਹੈ। ਇਸ ਨਾਲ ਸਿੱਖ ਜਜ਼ਬਾਤਾਂ ਨੂੰ ਕੁਝ ਧਰਵਾਸ ਜਰੂਰ ਮਿਲੇਗੀ ਭਾਵੇਂ ਪੂਰੀ ਸੰਤੁਸ਼ਟੀ ਨਹੀਂ ਹੋਣੀ।

ਬਰਨਾਲਾ ਸਾਹਿਬ ਜਦੋਂ ਦਰਬਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਪੇਸ਼ ਹੋਣ ਲਈ ਆਏ ਸਨ ਉਸ ਵਕਤ ਕੁਝ ਲੜਕੇ ਤੇ ਲੜਕੀਆਂ ਵਲੋਂ ਉਨ੍ਹਾਂ ਦੇ ਖਿਲਾਫ ਮੁਜ਼ਾਹਿਰਾ ਵੀ ਕੀਤਾ ਗਿਆ ਸੀ। ਪਰ ਇਹ ਮੁਜ਼ਾਹਿਰਾ ਟਕਸਾਲ ਤੇ ਫੈਡਰੇਸ਼ਨ ਦੇ ਸਰਗਰਮ ਵਰਕਰਾਂ ਵਲੋਂ ਹੀ ਕੀਤਾ ਗਿਆ ਸੀ। ਆਮ ਲੋਕ ਖਲੋਤੇ ਤਮਾਸ਼ਾ ਹੀ ਵੇਖਦੇ ਰਹੇ ਸੀ ਤੇ ਮੁਜ਼ਾਹਿਰੇ ਵਿਚ ਸ਼ਾਮਿਲ ਨਹੀਂ ਹੋਏ। ਇਸ ਮੁਜ਼ਾਹਿਰੇ ਵਿਚ ਸ਼ਾਮਿਲ ਲੜਕੀਆਂ ਉਹ ਹੀ ਸਨ ਜਿਨ੍ਹਾਂ ਨੇ ਦੋ ਦਿਨ ਪਹਿਲਾਂ ਸਰਾਵਾਂ ਦੇ ਸਾਹਮਣੇ ਵਾਲੀ ਸੜਕ ਉਤੇ ਨੰਗੀਆਂ ਕਿਰਪਾਨਾਂ ਕੱਢ ਕੇ ਜਲੂਸ ਕੱਢਿਆ ਸੀ। ਇਨ੍ਹਾਂ ਮੁਜ਼ਾਹਰਾ ਕਰਨ ਵਾਲ਼ਿਆਂ ਨੇ ਬਰਨਾਲਾ ਸਾਹਿਬ ਦੇ ਵਿਰੁਧ ਗ਼ਲਤ ਸਬਦ ਵੀ ਵਰਤੇ ਜੋ ਕਿ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਸੋਭਦੇ ਨਹੀਂ। ਉਂਝ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਕਿਸੇ ਦੁਸ਼ਮਣ ਨੂੰ ਵੀ ਗਾਹਲਾਂ ਕੱਢਣੀਆਂ ਜਾਂ ਉਸ ਦਾ ਸਿਆਪਾ ਕਰਨਾ ਗੁਰਮਤਿ ਅਸੂਲਾਂ ਦੇ ਅਨਕੂਲ ਨਹੀਂ।

ਪੁਲੀਸ ਕਾਰਵਾਈ ਦਾ ਪ੍ਰਤੀਕਰਮ ਹਲੀਂ ਲੰਬਾਂ ਸਮਾਂ ਚਲੇਗਾ, ਜਲਦੀ ਜਲਦੀ ਭੁੱਲਣ ਵਾਲੀ ਗੱਲ ਨਹੀਂ। ਵਕਤ ਵਕਤ ਨਾਲ ਇਸ ਦਾ ਅਸਰ ਬਾਹਰ ਆਉਂਦਾ ਜਾਵੇਗਾ।

ਕਈਆਂ ਦਾ ਕਹਿਣਾ ਹੈ ਕਿ ਕੇਂਦਰੀ ਸਰਕਾਰ ਨੇ ਇਕ ਪਾਸੇ ਤੇ ਦਮਦਮੀ ਟਕਸਾਲ ਤੇ ਫੈਡਰੇਸ਼ਨ ਵਿਚ ਆਪਣੇ ਬੰਦੇ ਛਡੇ ਹੋਏ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਰਸਤੇ ਉਤੇ ਪਾਇਆ ਕਿ ਤੁਸੀਂ ਸਰਕਾਰ ਨੂੰ ਦਰਬਾਰ ਸਾਹਿਬ ਅੰਦਰੋਂ ਚੈਲਿੰਜ ਕਰੋ ਤਾਂ ਕਿ ਸਰਕਾਰ ਨੂੰ ਮਜਬੂਰਨ ਕਾਰਵਾਈ ਕਰਨੀ ਪਵੇ ਤੇ ਇਸ ਕਾਰਵਾਈ ਨਾਲ ਪਹਿਲੀ ਇੰਦ੍ਰਾ ਗਾਂਧੀ ਵਲੋਂ ਕੀਤੀ ਗਈ ਫੌਜੀ ਕਾਰਵਾਈ ਠੀਕ ਸਾਬਤ ਹੋ ਸਕੇ। ਦੂਜੇ ਪਾਸੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੇ ਕੇਂਦਰੀ ਸਰਕਾਰ ਗਲ ਪਈ ਹੋਈ ਸੀ ਕਿ ਤੂੰ ਕਾਹਦਾ ਮੁਖ ਮੰਤ੍ਰੀ ਹੈ ਜਿਥੇ ਤੂੰ ਕਾਨੂੰਨ ਹੀ ਦੇਸ਼ ਦਾ ਕਾਇਮ ਨਹੀਂ ਰਖ ਸਕਦਾ। ਕਾਂਗਰਸ ਸਰਕਾਰ ਨੇ ਦੋਗਲੀ ਚਾਲ ਚਲਕੇ ਇਹ ਕਾਰਵਾਈ ਕਰਾਈ।

ਕਈ ਇਹ ਵੀ ਆਖਦੇ ਹਨ ਕਿ ਕਥਿਤ ਅਤਿਵਾਦੀਆਂ ਦੀ ਆਪਸ ਵਿਚ ਵਿਰੋਧਤਾ ਕਾਰਨ ਖਾਲਸਤਾਨ ਦਾ ਐਲਾਨ ਕੀਤਾ ਗਿਆ ਹੈ। ਜਿਸ ਦਿਨ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਜੀ ਨੇ ਪੰਜ ਮੈਂਬਰੀ ਕਮੇਟੀ ਦੇ ਭਾਈ ਵਸਣ ਸਿੰਘ ਨੂੰ ਸਜ਼ਾ ਦਿਤੀ ਸੀ ਤਾਂ ਉਨ੍ਹਾਂ ਦੇ ਸਾਥੀਆਂ ਨੇ ਕੇਲੇ ਵੰਡੇ ਤੇ ਕਿਹਾ ਕਿ ਚਾਰ ਦਿਨ ਇਹ ਵੀ ਆਪਣੀ ਚਲਾ ਲਵੇ ਪੰਜਵੇਂ ਦਿਨ ਇਸਨੂੰ ਦਸਾਂਗੇ। ਪੰਜਵੇਂ ਦਿਨ ਉਨ੍ਹਾਂ ਨੇ ਖਾਲਸਤਾਨ ਦਾ ਐਲਾਨ ਕਰ ਦਿਤਾ। ਆਪ ਤੇ ਐਲਾਨ ਕਰਨ ਵਾਲੇ ਦੌੜ ਗਏ ਪਰ ਭਾਈ ਗੁਰਦੇਵ ਸਿੰਘ ਜੀ ਜਥੇਦਾਰ ਹੋਣ ਕਰਕੇ ਕਿਸ ਤਰ੍ਹਾਂ ਦੌੜ ਸਕਦੇ ਸਨ। ਇਹ ਅੰਦਾਜ਼ਾ ਠੀਕ ਨਹੀਂ ਲਗਦਾ ਕਿਉਂਕਿ ਖਾਲਸਤਾਨ ਦਾ ਤੇ ਵਿਸਾਖੀ ਵਾਲੇ ਦਿਨ ਐਲਾਨ ਹੋਣ ਦਾ ਅੰਦਾਜ਼ਾ ਸੀ ਜੋ ਕਿ ਬਾਬਾ ਜੋਗਿੰਦਰ ਸਿੰਘ ਜੀ ਨਾਲ ਮਤ ਭੇਦ ਹੋਣ ਕਰਕੇ ਪਿਛੇ ਪੈ ਗਿਆ ਸੀ।

ਪਹੇਲੀ ਨੰਬਰ 3 ਦਾ ਸਹੀ ਹਲ

| | | | | | | |
|---|---|---|---|---|---|---|
| | | | 1 ਲ | ਪ | ਕ | ਦੇ |
| | | | 2 ਤ | ਕ | ਗੇ | ਗਾਂ |
| | | | 3 ਮੇ | ਹ | ਲ | ਤ |
| 4 ਇ | ਲ | ਮ | | 5 ਟਿ | ਕ | ਟਾ |
| 6 ਹਿ | ਲ | ਮਿ | ਲ | | | |
| 7 ਬ | ਟਾ | ਉ | ਟਾ | | | |
| 8 ਨਿ | ਖ | ਰਿ | ਆ | | | |

ਕਰਿਸ਼ਮਾ ਸਾਹਿਤਕ ਪਹੇਲੀ

ਪਹਿਲਾ ਇਨਾਮ : ਪੂਰਾ ਸਹੀ ਹਲ ਵਾਲੇ 5 ਜੋੜ੍ਹਆਂ ਨੂੰ ਪ੍ਰਤੀ ਹਲ 300/- ਰੁਪਏ ਭੇਜੇ ਗਏ
ਦੂਜਾ ਇਨਾਮ : ਇਕ ਗਲਤੀ ਵਾਲੇ 40 ਜੋੜ੍ਹਆਂ ਨੂੰ ਪ੍ਰਤੀ ਹਲ 25/- ਰੁਪਏ ਭੇਜੇ ਗਏ

ਸੂਚਨਾ : ਪੰਜਾਬ ਵਿਚ ਹਾਲਾਤ ਖਰਾਬ ਹੋਣ ਕਾਰਣ ਪਾਠਕਾਂ ਵਲੋਂ ਸਾਡੇ ਉਪਰਾਲੇ ਨੂੰ ਪੂਰਾ ਸਮਰਥਨ ਨਹੀਂ ਮਿਲ ਸਕਿਆ ਇਸ ਲਈ ਹਾਲਾਤ ਸੁਧਰਨ ਤਕ ਕਰਿਸ਼ਮਾ ਸਾਹਿਤਕ ਪਹੇਲੀ ਦਾ ਸਿਲਸਿਲਾ ਕੁਝ ਸਮੇਂ ਲਈ ਨਹੀਂ ਛਾਪਿਆ ਕਰੇਗਾ।
ਕਰਾਸਵਰਡ ਮੈਨੇਜਰ

Sant Sipahi - The oldest Panthic Magazine/ www.santsipahi.org



# ਅਕਾਲੀ ਪਾਰਟੀ ਦੇ ਫਾੜ

ਅਕਾਲੀ ਦਲ ਕਈ ਵਾਰੀ ਆਪਸ ਵਿਚ ਪਾਟਿਆ ਹੈ। ਹੁਣ ਕੋਈ ਨਵੀਂ ਗਲ ਨਹੀਂ ਹੋਈ। ਉਂਝ ਵੀ ਸਾਡੇ ਦੇਸ਼ ਦੇ ਕਈ ਹਿਸਿਆ ਵਿਚ ਰਾਜਸੀ ਪਾਰਟੀਆਂ ਦਾ ਦੋ ਹਿਸਿਆਂ ਵਿਚ ਵੰਡਿਆ ਜਾਣਾ ਆਮ ਜੇਹੀ ਗੱਲ ਹੋ ਗਈ ਹੈ ਪਰ ਗੁਲਾਮ ਕੋਮਾਂ ਵਿਚ ਤੇ ਵੇਲੇ ਦੀਆਂ ਸਰਕਾਰਾਂ ਕਦੀ ਏਕਤਾ ਰਹਿਣ ਹੀ ਨਹੀਂ ਦਿੰਦੀਆਂ ਹੁੰਦੀਆਂ। ਸ਼ਾਇਦ ਇਸੇ ਕਰਕੇ ਅਜ਼ਾਦੀ ਤੋਂ ਬਾਅਦ ਸ਼ਰੋਮਣੀ ਅਕਾਲੀ ਦਲ ਵਿਚ ਸਭ ਤੋਂ ਵੱਧ ਵਾਰੀ ਪਾੜਾ ਪਿਆ ਹੈ। ਸਾਰਾ ਇਤਿਹਾਸ ਲਿਖਣ ਦੀ ਲੋੜ ਨਹੀਂ ਪਰ ਇਹ ਕਹਿਣਾ ਪਵੇਗਾ ਕਿ ਇਸ ਵਾਰ ਇਕ ਦੂਜੇ ਦੇ ਕਟੜ ਵਿਰੋਧੀ ਇਕਠੇ ਹੋਏ ਹਨ ਤੇ ਸਾਥੀ ਇਕ ਦੂਜੇ ਨਾਲੋਂ ਵਖਰੇ ਹੋ ਗਏ ਹਨ। ਰਾਜਨੀਤੀ ਵਿਚ ਭਾਵੇਂ ਅਜ ਦਾ ਦੋਸਤ ਕਲ ਦਾ ਦੁਸ਼ਮਣ ਹੁੰਦਾ ਹੈ ਤੇ ਅਜ ਦਾ ਦੁਸ਼ਮਣ ਕਲ ਦਾ ਦੋਸਤ ਹੋ ਸਕਦਾ ਹੈ। ਪਰ ਇਸ ਵਾਰ ਜਿਸ ਤੇਜ਼ੀ ਨਾਲ ਅਕਾਲੀ ਲੀਡਰਾਂ ਨੇ ਆਪਣੀ ਵਫਾ ਬਦਲੀ ਹੈ ਉਹ ਜ਼ਰਾ ਜਿਆਦਾ ਹੀ ਹੈਰਾਨੀ ਜਨਕ ਹੈ।

ਸਰਦਾਰ ਗੁਰਚਰਨ ਸਿੰਘ ਟੌਹੜਾ ਤੇ ਮਹਾਰਾਜਾ ਅਮਰਿੰਦਰ ਸਿੰਘ ਇਕ ਦੂਜੇ ਦੇ ਕਟੜ ਵਿਰੋਧੀ ਸਨ। ਵਿਰੋਧ ਤੋਂ ਪਹਿਲਾਂ ਇਨ੍ਹਾਂ ਦਾ ਆਪਿਸ ਵਿਚ ਤਾਲ ਮੇਲ ਵੀ ਰਿਹਾ ਹੈ ਭਾਵੇਂ ਟੌਹੜਾ ਸਾਹਿਬ ਹਮੇਸ਼ਾ ਅਕਾਲੀ ਰਹੇ ਹਨ ਤੇ ਮਹਾਰਾਜਾ ਸਾਹਿਬ ਜਾਂ ਕਾਂਗਰਸੀ ਰਹੇ ਹਨ ਤੇ ਜਾਂ ਨਿਰਦਲੀਏ। 1980 ਦੀਆਂ ਲੋਕ ਸਭਾ ਦੀਆਂ ਚੋਣਾਂ ਵੇਲੇ ਕਿਹਾ ਜਾਂਦਾ ਹੈ ਕਿ ਟੌਹੜਾ ਸਾਹਿਬ ਨੇ ਅੰਦਰ ਖਾਤੇ ਮਹਾਰਾਜਾ ਅਮਰਿੰਦਰ ਸਿੰਘ ਦੀ ਮਦਦ ਕੀਤੀ ਸੀ। ਜੇ ਇਹ ਅੰਦਰ ਖਾਤੇ ਦੀ ਗੱਲ ਉਤੇ ਯਕੀਨ ਨਾ ਵੀ ਕੀਤਾ ਜਾਵੇ ਤਾਂ ਇਕ ਗਲ ਸਪਸ਼ਟ ਸੀ ਕਿ ਟੌਹੜਾ ਸਾਹਿਬ ਨੇ ਚੋਣ ਵਿਚ ਮਹਾਰਾਜਾ ਅਮਰਿੰਦਰ ਸਿੰਘ ਦੀ ਜੇ ਮਦਦ ਨਹੀਂ ਕੀਤੀ ਸੀ ਤਾਂ ਮੁਖਾਲਫਤ ਵੀ ਨਹੀਂ ਕੀਤੀ ਸੀ ਜਦੋਂ ਕਿ ਪਟਿਆਲੇ ਦੀ ਪਾਰਲੀਮੈਂਟਰੀ ਸੀਟ ਤੋਂ ਮਹਾਰਾਜਾ ਅਮਰਿੰਦਰ ਸਿੰਘ ਕਾਂਗਰਸ ਦੀ ਟਿਕਟ ਉਤੇ ਚੋਣ ਲੜ ਰਹੇ ਸਨ ਤੇ ਅਕਾਲੀ ਦਲ ਦੇ ਉਮੀਦਵਾਰ ਸਰਦਾਰ ਅਜੀਤ ਸਿੰਘ ਸਰਹਦੀ ਸਨ। ਸਰਹਦੀ ਸਾਹਿਬ ਦੀ ਟੌਹੜਾ ਸਾਹਿਬ ਤੇ ਉਨ੍ਹਾਂ ਦੇ ਬੰਦਿਆਂ ਨੇ ਕੋਈ ਮਦਦ ਨਹੀਂ ਕੀਤੀ ਸੀ। ਟੌਹੜਾ ਸਾਹਿਬ ਦਾ ਆਪਣਾ ਹਲਕਾ ਪਟਿਆਲਾ ਹੈ ਪਰ ਉਹ ਪਟਿਆਲਾ ਛਡਕੇ ਸਰਦਾਰ ਬਸੰਤ ਸਿੰਘ ਖਾਲਸਾ ਦੇ ਹਲਕੇ ਰੋਪੜ ਵਿਚ ਹੀ ਘੁੰਮਦੇ ਰਹੇ।

ਟੌਹੜਾ ਸਾਹਿਬ ਦਾ ਹਮੇਸ਼ਾਂ ਕਟੜ ਵਿਰੋਧੀ ਰਵਿੰਦਰ ਸਿੰਘ ਰਿਹਾ ਹੈ ਤੇ ਮਹਾਰਾਜਾ ਅਮਰਿੰਦਰ ਸਿੰਘ ਨੇ ਅਕਾਲੀ ਦਲ ਵਿਚ ਸ਼ਾਮਿਲ ਹੋਣ ਤੋਂ ਬਾਅਦ ਰਵਿੰਦਰ ਸਿੰਘ ਦਾ ਸਾਥ ਦਿਤਾ ਤੇ ਟੌਹੜਾ ਸਾਹਿਬ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿਤੀ। ਟੌਹੜਾ ਸਾਹਿਬ ਨੇ ਵੀ ਜਿਥੇ ਵੀ ਸੰਭਵ ਹੋਇਆ ਮਹਾਰਾਜਾ ਅਮਰਿੰਦਰ ਸਿੰਘ ਦੀ ਡਟਕੇ ਮੁਖਾਲਫਿਤ ਕੀਤੀ। ਰਾਜੀਵ ਲੌਂਗੋਵਾਲ ਸਮਝੋਤੇ ਵੇਲੇ ਵੀ ਮਹਾਰਾਜਾ ਅਮਰਿੰਦਰ ਸਿੰਘ ਨੇ ਸਮਝੋਤੇ ਦੀ ਹਮਾਇਤ ਕੀਤੀ ਸੀ ਤੇ ਟੌਹੜਾ ਸਾਹਿਬ ਨੇ ਵਿਰੋਧਤਾ ਕੀਤੀ ਸੀ।


ਇਸੇ ਤਰ੍ਹਾਂ ਸਰਦਾਰ ਸੁਖਜਿੰਦਰ ਸਿੰਘ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਪਸ ਦੇ ਵਿਰੋਧੀ ਹਨ। ਬਾਦਲ ਵਜ਼ਾਰਤ ਵਿਚੋਂ ਸਰਦਾਰ ਸੁਖਜਿੰਦਰ ਸਿੰਘ ਨੂੰ ਕਢਿਆ ਗਿਆ ਸੀ. ਫਿਰ ਉਨ੍ਹਾਂ ਨੇ ਅਕਾਲੀ ਦਲ ਛਡਕੇ ਮੁੜ ਆਪਣਾ ਅਕਾਲੀ ਦਲ ਬਣਾ ਲਿਆ। ਬਾਅਦ ਵਿਚ ਫੇਰ ਅਕਾਲੀ ਦਲ ਵਿਚ ਸ਼ਾਮਿਲ ਹੋ ਗਏ। ਇਨ੍ਹਾਂ ਨੇ ਵੀ ਰਾਜੀਵ-ਲੌਂਗੋਵਾਲ ਸਮਝੌਤੇ ਦੀ ਹਮਾਇਤ ਕੀਤੀ ਸੀ ਤੇ ਬਾਦਲ ਸਾਹਿਬ ਨੇ ਵਿਰੋਧਤਾ ਕੀਤੀ ਸੀ।

ਟੌਹੜਾ ਸਾਹਿਬ ਤੇ ਬਾਦਲ ਸਾਹਿਬ ਦੇ ਤੇ ਦੋ ਪੁਰਾਣੇ ਵਡੇ ਅਕਾਲੀ ਦਲ ਵਿਚ ਧੜੇ ਚਲੇ ਹੀ ਆਉਂਦੇ ਹਨ। ਜੋ ਟੌਹੜਾ ਸਾਹਿਬ ਦਾ ਮੁਕਾਲਿਫ ਹੁੰਦਾ ਸੀ ਉਹ ਬਾਦਲ ਧੜੇ ਵਿਚ ਜਾ ਰਲਦਾ ਸੀ ਤੇ ਜੋ ਬਾਦਲ ਸਾਹਿਬ ਦਾ ਮੁਖਾਲਫ ਹੁੰਦਾ ਸੀ ਉਹ ਟੌਹੜਾ ਸਾਹਿਬ ਦੇ ਧੜੇ ਨਾਲ ਜਾ ਰਲਦਾ ਸੀ। ਅਕਾਲੀ ਦਲ ਦੀ ਅੰਦਰੂਨੀ ਬਣਤਰ ਹੀ ਧੜੇ ਬੰਦੀ ਦੇ ਅਧਾਰ ਉਤੇ ਬਣ ਗਈ ਹੈ। ਜੋ ਵਰਕਰ ਕਿਸੇ ਧੜੇ ਨਾਲ ਨਹੀਂ ਬਧਾ ਹੋਇਆ ਉਸਦੀ ਅਕਾਲੀ ਦਲ ਵਿਚ ਸੁਣਦਾ ਵੀ ਕੋਈ ਨਹੀਂ। ਇਸ ਕਰਕੇ ਧੜੇ ਬੰਦੀ ਦਾ ਅਕਾਲੀ ਦਲ ਵਿਚ ਚੰਗਾ ਬੋਲ ਬਾਲਾ ਹੈ। ਹਰ ਇਕ ਅਕਾਲੀ ਇਕ ਜਾਂ ਦੂਜੇ ਧੜੇ ਵਿਚ ਬਧਾ ਹੋਇਆ ਹੈ। ਇਸ ਧੜੇ ਬੰਦੀ ਦੇ ਹਿਸਾਬ ਸਿਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਟੌਹੜਾ ਸਾਹਿਬ ਦੇ ਧੜੇ ਦੇ ਗਿਣੇ ਜਾਂਦੇ ਸਨ। ਸ਼ਾਇਦ ਇਸੇ ਕਰਕੇ ਟੌਹੜਾ ਸਾਹਿਬ ਭਾਵੇਂ ਰਾਜੀਵ-ਲੌਂਗੋਵਾਲ ਸਮਝੌਤੇ ਦੇ ਖਿਲਾਫ ਸਨ ਤੇ ਬਾਦਲ ਸਾਹਿਬ ਵੀ ਸਮਝੌਤੇ ਦੇ ਖਿਲਾਫ ਸਨ, ਇਸ ਕਰਕੇ ਜੇ ਕੇਵਲ ਵਿਚਾਰਧਾਰਾ ਦੀ ਸਾਂਝ ਦੀ ਹੀ ਗੱਲ ਹੁੰਦੀ ਤਾਂ ਬਾਦਲ ਤੇ ਟੌਹੜਾ ਸਾਹਿਬ ਨੂੰ ਇਕਠਾ ਰਹਿਣਾ ਚਾਹੀਦਾ ਸੀ, ਪਰ ਬਰਨਾਲਾ ਸਾਹਿਬ ਦੇ ਮੁਖ ਮੰਤ੍ਰੀ ਬਣਨ ਉਤੇ ਟੌਹੜਾ ਸਾਹਿਬ ਨੇ ਬਰਨਾਲਾ ਸਾਹਿਬ ਦਾ ਹੀ ਸਾਥ ਦਿਤਾ। ਉਨ੍ਹਾਂ ਦੇ ਦੋ ਹਮਾਇਤੀ ਸਰਦਾਰ ਮੇਜਰ ਸਿੰਘ ਤੇ ਸਰਦਾਰ ਬਸੰਤ ਸਿੰਘ ਖਾਲਸਾ ਮੰਤ੍ਰੀ ਮੰਡਲ ਵਿਚ ਵੀ ਲਏ ਗਏ। ਸ਼ੁਰੂ ਸ਼ੁਰੂ ਵਿਚ ਇਹ ਪ੍ਰਭਾਵ ਲਿਆ ਜਾਂਦਾ ਸੀ ਕਿ ਬਰਨਾਲਾ ਸਾਹਿਬ ਦੀ ਵਜ਼ਾਰਤ ਵਿਚ ਟੌਹੜਾ ਸਾਹਿਬ ਦੀ ਹੀ ਚਲਦੀ ਹੈ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੁਕਰੇ ਲਗੇ ਹੋਏ ਹਨ। ਬਰਨਾਲਾ ਸਾਹਿਬ ਦੇ ਨਵੇਂ ਬਣੇ ਸਮਰਥਕ ਜੋ ਰਾਜਸੀ ਤੌਰ ਉਤੇ ਬਿਲਕੁਲ ਅਨਾੜੀ ਹਨ ਉਨ੍ਹਾਂ ਨੇ ਵੀ ਸ਼ੇਖੀ ਵਿਚ ਆਖਣਾ ਸ਼ੁਰੂ ਕਰ ਦਿਤਾ, "ਲਾ ਦਿਤਾ ਨਾ ਬਾਦਲ ਨੂੰ ਨੁਕਰੇ ?" ਇਹ ਕਹਿਣ ਵਾਲੇ ਆਮ ਤੌਰ ਉਤੇ ਉਹ ਹੁੰਦੇ ਸਨ ਜਿਨ੍ਹਾਂ ਦੀ ਆਪਣੀ ਰਾਜਸੀ ਤੌਰ ਉਤੇ ਕਿਧਰੇ ਕੋਈ ਗੱਲ ਨਹੀਂ।

ਬਰਨਾਲਾਂ. ਸਾਹਿਬ ਤੇ ਟੌਹੜਾ ਸਾਹਿਬ ਦੀ

Sant Sipahi - The oldest Panthic Magazine/ www.santsipahi.org





ਮੁਖ ਮੰਤ੍ਰੀ ਸੁਰਜੀਤ ਸਿੰਘ ਬਰਨਾਲਾ ਪੁਲੀਸ ਐਕਸ਼ਨ ਤੋਂ ਬਾਦ ਦਰਬਾਰ ਸਾਹਿਬ ਆਏ ।

ਕਾਫੀ ਦੇਰ ਤਕ ਬਣਦੀ ਰਹੀ । ਟੌਹੜਾ ਸਾਹਿਬ ਦੀ ਕਾਫ਼ੀ ਮੁਖ਼ਾਲਫਿਤ ਹੁੰਦਿਆਂ ਹੋਇਆਂ ਵੀ ਬਰਨਾਲਾ ਸਾਹਿਬ ਨੇ ਟੌਹੜਾ ਸਾਹਿਬ ਨੂੰ ਪ੍ਰਧਾਨ ਬਣਾਇਆ ਟੌਹੜਾ ਸਾਹਿਬ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਤੇ ਬਣੇ ਪਰ ਇਹ ਪਰਧਾਨਗੀ ਜਾਂ ਪਟਿਆਲੇ ਗੁਰਦੁਆਰਾ ਦੁਖ ਨਿਵਾਰਨ ਤੋਂ ਕਰਦੇ ਸਨ ਤੇ ਜਾਂ ਅੰਮ੍ਰਿਤਸਰ ਸਰਕਟ ਹਾਊਸ ਤੋਂ । ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਘਟ ਵੱਧ ਹੀ ਵੜਦੇ ਸਨ । ਟੌਹੜਾ ਸਾਹਿਬ ਨੇ ਹਰ ਵੇਲੇ ਹਰ ਬੰਦੇ ਨੂੰ ਖ਼ੁਸ਼ ਰਖਣ ਦੀ ਕੋਸ਼ਸ਼ ਕਰਦਿਆਂ ਕਰਦਿਆਂ ਸਾਰਿਆਂ ਨੂੰ ਹੀ ਨਰਾਜ਼ ਕਰ ਲਿਆ ।

ਬਲਿਊ ਸਟਾਰ ਓਪਰੇਸ਼ਨ ਤੋਂ ਬਾਅਦ ਜਦੋਂ ਸਰਾਵਾਂ ਵਿਚੋਂ ਫ਼ੋਜ ਕੱਢ ਕੇ ਮੁੜ ਸਰਾਵਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੀਆਂ ਗਈਆਂ ਤਾਂ ਬਜਾਏ ਇਸ ਦੇ ਕਿ ਸਰਾਵਾਂ ਕੇਵਲ ਯਾਤਰੂਆਂ ਦੇ ਠਹਿਰਨ ਲਈ ਰੱਖੀਆਂ ਜਾਂਦੀਆਂ, ਮੁੜ ਪੱਕੇ ਤੌਰ ਉਤੇ ਕਮਰੇ ਅਲਾਟ ਹੋਣੇ ਸ਼ੁਰੂ ਹੋ ਗਏ । ਯੂਨਾਇਟਿਡ ਅਕਾਲੀ ਦਲ ਦੇ ਵਰਕਰਾਂ ਨੂੰ ਵੀ ਕਮਰੇ ਅਲਾਟ ਕੀਤੇ ਗਏ ਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਵਾਲਿਆਂ ਨੂੰ ਵੀ। ਪਹਿਲਾਂ ਸ਼ਰੋਮਣੀ ਕਮੇਟੀ ਨੇ ਆਪ ਕਮਰੇ ਅਲਾਟ ਕੀਤੇ ਤੇ ਬਾਅਦ ਵਿਚ ਉਨ੍ਹਾਂ ਨੇ ਆਪੇ ਮਲਣੇ ਸ਼ੁਰੂ ਕਰ ਦਿਤੇ। ਟੌਹੜਾ ਸਾਹਿਬ ਨੇ ਜੇਲ੍ਹ ਵਿਚੋਂ ਆਉਂਦਿਆਂ ਹੀ ਸਰਕਾਰ ਵਲੋਂ ਬਣਾਈ ਗਈ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਾਹੁਣ ਦਾ ਐਲਾਨ ਕਰ ਦਿਤਾ । ਐਲਾਨ ਤੇ ਕਰ ਦਿਤਾ ਪਰ ਢਾਹੁਣ ਨਾ । ਜਦੋਂ ਟੌਹੜਾ ਸਾਹਿਬ ਨੂੰ ਪਤਾ ਲੱਗਾ ਕਿ ਦਮਦਮੀ ਟਕਸਾਲ ਵਾਲੇ ਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਵਾਲੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਾਹ ਕੇ ਬਨਾਉਣ ਨੂੰ ਤੁਲੇ ਹੋਏ ਹਨ ਤਾਂ ਟੌਹੜਾ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਾਹੁਣ ਦੀ ਤਰੀਕ 27 ਜਨਵਰੀ 86 ਮਿਥ ਦਿਤੀ ਪਰ ਸਟੂਡੈਂਟ ਫ਼ਡਰੇਸ਼ਨ ਵਾਲਿਆਂ ਨੇ 26 ਜਨਵਰੀ 86 ਮਿਥ ਲਈ । ਅੰਤ ਟੌਹੜਾ ਸਾਹਿਬ ਨੇ ਸਮਝੌਤੇ ਦਾ ਬਹਾਨਾ ਬਣਾ ਕੇ ਸੇਵਾ ਫ਼ੈਡਰੇਸ਼ਨ ਤੇ ਦਮਦਮੀ ਟਕਸਾਲ ਵਾਲਿਆਂ ਨੂੰ ਦੇ ਕੇ ਜਾਨ ਛੁਡਾਈ ।

ਪਰ ਇਸ ਤਰ੍ਹਾਂ ਜਾਨ ਤਾਂ ਛੁਟੀ ਨਾ ਪਰ ਹੋਰ ਹੀ ਫਸਦੀ ਗਈ। ਟਕਸਾਲ ਤੇ ਫ਼ੈਡਰੇਸ਼ਨ ਵਾਲਿਆਂ ਨੇ ਦਰਬਾਰ ਸਾਹਿਬ ਦਾ ਹੈੱਡ ਗ੍ਰੰਥੀ ਤੇ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਆਪਣੀ ਮਰਜ਼ੀ ਨਾਲ ਬਣਾ ਲਿਆ । ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਰਬਾਰ ਸਾਹਿਬ ਕੰਪਲੈਕਸ ਉਤੇ ਕੋਈ ਕੰਟਰੋਲ ਨਾ ਰਿਹਾ। ਸਾਰਾ ਕੰਟਰੋਲ ਦਮਦਮੀ ਟਕਸਾਲ ਤੇ ਫ਼ੈਡਰੇਸ਼ਨ ਵਾਲਿਆਂ ਕੋਲ ਚਲਾ ਗਿਆ। ਉਹਨਾਂ ਦੀ ਹੀ ਦਰਬਾਰ ਸਾਹਿਬ ਅੰਦਰ ਚਲਦੀ ਸੀ । ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਤੇ ਮੁਲਾਜ਼ਮ ਉਨ੍ਹਾਂ ਕੋਲੋਂ ਥਰ ਥਰ ਕੰਬਦੇ ਆਪਣੀ ਜਾਨ ਲੁਕਾਉਂਦੇ ਫਿਰਦੇ ਸਨ। 26 ਜਨਵਰੀ ਨੂੰ ਜੋ ਪੰਥਕ ਕਮੇਟੀ ਬਣਾਈ ਗਈ ਉਸ ਦੇ ਸਾਰੇ ਹੀ ਮੈਂਬਰ ਇਸ਼ਤਿਹਾਰੀ ਮੁਜਰਮ ਸਨ । ਹੋਰ ਵੀ ਇਸ਼ਤਿਹਾਰੀ

Sant Sipahi - The oldest Panthic Magazine/ www.santsipahi.org

ਮੁਜਰਮ ਦਰਬਾਰ ਸਾਹਿਬ ਲੈਕਚਰ ਦਿਆ ਕਰਦੇ ਸੀ। ਇਸ਼ਤਿਹਾਰੀ ਮੁਜਰਮਾਂ ਦਾ ਐਲਾਨੀਆਂ ਦਰਬਾਰ ਸਾਹਿਬ ਰਹਿਣਾ ਵੇਲੇ ਦੀ ਸਰਕਾਰ ਦੇ ਕਾਨੂੰਨ ਨੂੰ ਇਕ ਚੈਲਿੰਜ ਸੀ।

ਹਾਲਾਤ ਐਸੇ ਪੈਦਾ ਹੋ ਗਏ ਸਨ ਜਿਸ ਤੋਂ ਸਰਕਾਰੀ ਹਲਕੇ ਮਹਿਸੂਸ ਕਰਦੇ ਸਨ ਕਿ ਕੁਝ ਕਰਨਾ ਹੀ ਪਵੇਗਾ। ਸਰਦਾਰ ਬਲਵੰਤ ਸਿੰਘ ਵਿਤ ਮੰਤ੍ਰੀ ਟੌਹੜਾ ਸਾਹਿਬ ਨੂੰ ਕਹਿੰਦੇ ਸਨ ਕਿ ਉਹ ਲਿਖ ਕੇ ਦੇਣ ਤਾਂ ਦਰਬਾਰ ਸਾਹਿਬ ਅੰਦਰ ਪੁਲੀਸ ਭੇਜੀ ਜਾਵੇਗੀ। ਟੌਹੜਾ ਸਾਹਿਬ ਇਹ ਲਿਖ ਕੇ ਸਿੱਖਾਂ ਦੀਆਂ ਨਜ਼ਰਾਂ ਵਿਚ ਹੋਰ ਬਦਨਾਮ ਨਹੀਂ ਹੋਣਾ ਚਾਹੁੰਦੇ ਸਨ। ਇਸ ਖਿਚਾ ਖਿਚੀ ਵਿਚ ਹੀ ਟੌਹੜਾ ਸਾਹਿਬ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿਤਾ ਤੇ ਬਰਨਾਲਾ ਸਾਹਿਬ ਨੇ ਉਹ ਪ੍ਰਧਾਨ ਬਣਾ ਲਿਆ ਜਿਹੜਾ ਕਿ ਉਨ੍ਹਾਂ ਦੀ ਮਰਜ਼ੀ ਅਨੁਸਾਰ ਚਲੇ। ਟੌਹੜਾ ਸਾਹਿਬ ਦੀ ਪ੍ਰਧਾਨਗੀ ਛੱਡਣ ਕਾਰਨ ਬਰਨਾਲਾ ਸਾਹਿਬ ਨਾਲ ਦਿਲੋਂ ਰੰਜਸ ਜ਼ਰੂਰ ਹੋਣੀ ਹੈ।

ਦਰਬਾਰ ਸਾਹਿਬ ਪੁਲੀਸ ਕਾਰਵਾਈ ਹੋਈ। ਸਿੱਖ ਜਗਤ ਵਿਚ ਇਸ ਦਾ ਤਿਖਾ ਪ੍ਰਤੀਕਰਮ ਹੋਇਆ। ਇਸ ਨਾਲ ਨਵੀਂ ਸੱਫ ਬੰਧੀ ਹੋਈ ਤੇ ਬਰਨਾਲਾ ਸਾਹਿਬ ਦੇ ਸਾਰੇ ਮੁਖਾਲਿਫ ਇਕ ਪਲੇਟਫਾਰਮ ਉਤੇ ਇਕੱਠੇ ਹੋ ਗਏ। ਇਨ੍ਹਾਂ ਵਿਚੋਂ ਬਹੁ ਗਿਣਤੀ ਉਨ੍ਹਾਂ ਦੀ ਹੈ ਜਿਨ੍ਹਾਂ ਨੂੰ ਕੁਝ ਮਿਲਿਆ ਨਹੀਂ ਸਵਾਏ ਸਰਦਾਰ ਸੁਖਜਿੰਦਰ ਸਿੰਘ, ਸਰਦਾਰ ਅਮਰਿੰਦਰ ਸਿੰਘ ਤੇ ਸਰਦਾਰ ਸੁੱਚਾ ਸਿੰਘ ਛੋਟੇ ਪੁਰ ਦੇ ਜੋ ਵਜ਼ੀਰੀਆਂ ਛੱਡ ਕੇ ਆਏ ਹਨ। ਇਨ੍ਹਾਂ ਤਿੰਨਾਂ ਨੇ ਵਜ਼ੀਰੀਆਂ ਛੱਡ ਕੇ ਸਿੱਖ ਸੰਗਤਾਂ ਦੀਆਂ ਨਜ਼ਰਾਂ ਵਿਚ ਕੁਝ ਖੱਟਿਆ ਹੀ ਹੈ।

ਬਾਦਲ ਸਾਹਿਬ ਪਹਿਲਾਂ ਹੀ ਬਰਨਾਲੇ ਦੇ ਵਿਰੋਧੀ ਗਿਣੇ ਜਾਂਦੇ ਸਨ ਕਿਉਂਕਿ ਉਨ੍ਹਾਂ ਦੀ ਕੁਰਸੀ ਬਰਨਾਲਾ ਸਾਹਿਬ ਨੇ ਸਾਂਭੀ ਸੀ। ਟੌਹੜਾ ਸਾਹਿਬ ਕੋਲੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਖੋਹ ਕੇ ਉਨ੍ਹਾਂ ਨੂੰ ਬਾਦਲ ਸਾਹਿਬ ਵੱਲ ਧਕੇਲ ਦਿਤਾ ਗਿਆ। ਉਂਝ ਵੀ ਇਨ੍ਹਾਂ ਦੋਹਾਂ ਲੀਡਰਾਂ ਵਿਚ ਇਕ ਸਿਫਤ ਹੈ ਕਿ ਇਹ ਦਿਲੋਂ ਇਕ ਦੂਜੇ ਦੇ ਭਾਵੇਂ ਕਿਤਨੇ ਵੀ ਵਿਰੋਧੀ ਹੋਣ ਪਰ ਜ਼ਾਹਿਰਾ ਇਨ੍ਹਾਂ ਨੇ ਇਕ ਦੂਜੇ ਨਾਲ ਕਦੀ ਨਹੀਂ ਗਵਾਈ ਤੇ ਇਕ ਦੂਜੇ ਨੂੰ ਮਿਲਦੇ ਵੀ ਪੂਰੇ ਸਤਿਕਾਰ ਨਾਲ ਹਨ। ਇਸ ਕਰਕੇ ਇਨ੍ਹਾਂ ਬਾਰੇ ਕੁਝ ਕਹਿਣਾ ਔਖਾ ਹੁੰਦਾ ਹੈ ਕਿ ਉਹ ਕਦੋਂ ਇਕੱਠੇ ਹੁੰਦੇ ਹਨ ਤੇ ਕਦੋਂ ਵਖ।

ਇਕ ਗੱਲ ਹੈ ਕਿ ਟੌਹੜਾ ਸਾਹਿਬ ਨੇ ਜਿਨ੍ਹਾਂ ਬੰਦਿਆਂ ਨੂੰ ਕਿਥੋਂ ਚੁੱਕ ਕੇ ਕਿਥੇ ਪੁਚਾ ਦਿਤਾ ਉਨ੍ਹਾਂ ਨੇ ਇਸ ਵਕਤ ਟੌਹੜਾ ਸਾਹਿਬ ਦਾ ਸਾਥ ਨਹੀਂ ਦਿਤਾ ਜਿਨ੍ਹਾਂ ਵਿਚੋਂ ਇਕ ਪ੍ਰੇਮ ਸਿੰਘ ਚੰਦੂ ਮਾਜਰਾ ਵੀ ਹੈ।

ਦਰਬਾਰ ਸਾਹਿਬ ਪੁਲੀਸ ਦਾਖਲੇ ਦੇ ਇਸ਼ੂ ਉਤੇ ਬਰਨਾਲਾ ਸਾਹਿਬ ਦੀ ਮੁਖਾਲਫਿਤ ਕਰਨ ਵਾਲਿਆਂ ਨੇ ਸਿੱਖਾਂ ਵਿਚ ਆਪਣੀ ਥਾਂ ਬਣਾਈ ਹੈ। ਪਰ ਬਰਨਾਲਾ ਸਾਹਿਬ ਤੇ ਉਨ੍ਹਾਂ ਦੇ ਸਮਰਥਕਾਂ ਦੇ ਦੋ ਸਵਾਲਾਂ ਦਾ ਇਨ੍ਹਾਂ ਕੋਲ ਕੋਈ ਜੁਆਬ ਨਹੀਂ। ਇਕ ਕਿ ਜੇ ਦਰਬਾਰ ਸਾਹਿਬ ਕੰਪਲੈਕਸ ਕਥਿਤ ਦਹਿਸ਼ਤਵਾਦੀਆਂ ਕੋਲੋਂ ਮੁਕਤ ਕਰਵਾਇਆ ਗਿਆ ਹੈ ਤਾਂ ਹੀ ਇਹ ਦਰਬਾਰ ਸਾਹਿਬ ਮੱਥਾ ਟੇਕਣ ਆ ਸਕੇ ਹਨ। ਦੂਜਾ ਕਿ ਸਰਕਾਰ ਦਰਬਾਰ ਸਾਹਿਬ ਕੰਪਲੈਕਸ ਤੋਂ ਪੁਲੀਸ ਹਟਾਉਣ ਲਈ ਤਿਆਰ ਹੈ ਪਰ ਇਹ ਕੀ



ਸਾਬਕਾ ਮੁਖ ਮੰਤ੍ਰੀ ਪ੍ਰਕਾਸ਼ ਸਿੰਘ ਬਾਦਲ

Sant Sipahi - The oldest Panthic Magazine/ www.santsipahi.org

ਗਰੰਟੀ ਹੈ ਕਿ ਕਥਿਤ ਦਹਿਸ਼ਤਵਾਦੀ ਤੇ ਇਸ਼ਤਿਹਾਰੀ ਮੁਜਰਮ ਮੁੜ ਦਰਬਾਰ ਸਾਹਿਬ ਨਹੀਂ ਆਉਣਗੇ। ਟੌਹੜਾ ਸਾਹਿਬ ਨੇ ਪਹਿਲੇ ਸੁਆਲ ਦਾ ਇਹ ਜੁਆਬ ਦਿਤਾ ਕਿ ਅਸੀਂ ਪਹਿਲਾਂ ਪਾਪ ਦੇ ਜਹਾਜ਼ ਵਿਚ ਚੜ੍ਹੇ ਹੋਏ ਸਾਂ ਇਸ ਕਰਕੇ ਅਸੀਂ ਦਰਬਾਰ ਸਾਹਿਬ ਨਹੀਂ ਆ ਸਕਦੇ ਸੀ। ਹੁਣ ਅਸੀਂ ਉਸ ਜਹਾਜ਼ ਤੋਂ ਥੱਲ੍ਹੇ ਉਤਰ ਗਏ ਹਾਂ ਇਸ ਕਰਕੇ ਖੁਲ੍ਹੇ ਅਜ਼ਾਦ ਫਿਰ ਸਕਦੇ ਹਾਂ। ਪਰ ਟੌਹੜਾ ਸਾਹਿਬ ਦਾ ਇਹ ਜੁਆਬ ਕੋਈ ਜਚਿਆ ਨਹੀਂ। ਟੌਹੜਾ ਸਾਹਿਬ ਨੂੰ ਕੋਈ ਪੁਛੇ ਕਿ ਤੁਸੀਂ ਪਾਪ ਦੇ ਜਹਾਜ਼ ਉਤੇ ਚੜ੍ਹੇ ਕਿਉਂ ਸੀ ?

ਅਸਲ ਵਿਚ ਦਮਦਮੀ ਟਕਸਾਲ ਤੇ ਫੈਡਰੇਸ਼ਨ ਵਾਲੇ ਟੌਹੜਾ ਸਾਹਿਬ ਸਰਦਾਰ ਸੁਖਜਿੰਦਰ ਸਿੰਘ ਤੇ ਸਰਦਾਰ ਸੁਚਾ ਸਿੰਘ ਛੋਟੇ ਪੁਰੀਏ ਨਾਲ ਸਖਤ ਨਰਾਜ਼ ਸਨ। ਕਾਰਨ ਵੱਖ ਵੱਖ ਹਨ। ਪੁਲੀਸ ਕਾਰਵਾਈ ਕਾਰਨ ਬਰਨਾਲਾ ਸਾਹਿਬ ਦਾ ਵਿਰੋਧ ਕਰਕੇ ਇਨ੍ਹਾਂ ਨੇ ਕਥਿਤ ਅਤਿਵਾਦੀਆਂ ਦਾ ਗੁੱਸਾ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਨਾਲ ਹੀ ਆਪਣਾ ਬਰਨਾਲਾ ਸਾਹਿਬ ਵਿਰੁੱਧ ਰੰਜ ਵੀ ਕੱਢ ਲਿਆ ਹੈ। ਕਈਂ ਕਹਿੰਦੇ ਹਨ ਕਿ ਇਨ੍ਹਾਂ ਨੇ ਬਰਨਾਲੇ ਦੀ ਵਿਰੋਧਤਾ ਦਾ ਚੰਗਾ ਮੌਕਾ ਲੱਭਿਆ ਹੈ ਤਾਂ ਕਿ ਇਹ ਹਿਟ ਲਿਸਟ ਵਿਚੋਂ ਨਿਕਲ ਜਾਣ। ਪਰ ਇਨ੍ਹਾਂ ਕਥਿਤ ਦਹਿਸ਼ਤਵਾਦੀਆਂ ਵਿਚ ਕੁਝ ਤੇ ਬਹੁਤ ਸਿਆਣੇ ਹਨ ਤੇ ਕੁਝ ਦਾ ਪਤਾ ਨਹੀਂ ਕਿ ਕਿਸ ਵਕਤ ਕੀ ਕਰ ਦੇਣ। ਇਸ ਕਰਕੇ ਬਰਨਾਲਾ ਸਾਹਿਬ ਦੇ ਵਿਰੋਧੀਆਂ ਨੂੰ ਇਹ ਯਕੀਨ ਨਹੀਂ ਕਿ ਉਹ ਅਤਿਵਾਦੀਆਂ ਦੇ ਦਰਬਾਰ ਵਿਚ ਬਖਸ਼ੇ ਗਏ ਹਨ। ਸ਼ਾਇਦ ਇਸੇ ਕਾਰਨ ਜਦੋਂ ਸਾਰੇ ਦਰਬਾਰ ਸਾਹਿਬ ਮੱਥਾ ਟੇਕਣ ਆਏ ਸਨ ਤਾਂ ਉਹ ਵੱਖਰੇ ਵੱਖਰੇ ਰਹੇ ਸਨ ਤੇ ਇਕੱਠੇ ਅੰਦਰ ਮੱਥਾ ਟੇਕਣ ਨਹੀਂ ਗਏ।

ਹੁਣ ਬਾਦਲ, ਟੌਹੜਾ, ਸੁਖਜਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਬਰਨਾਲੇ ਵਿਰੁਧ ਮੁਹਿੰਮ ਚਲਾਈ ਹੈ ਕਿ ਉਹ ਮੁਖ ਮੰਤ੍ਰੀ ਤੇ ਸ਼ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਦੋਹਾਂ ਪਦਵੀਆਂ ਤੋਂ ਅਸਤੀਫਾ ਦੇਵੇ। ਬਾਦਲ ਸਾਹਿਬ ਨੇ ਕਿਹਾ ਹੈ ਕਿ ਉਹ ਇਹਨਾਂ ਦੋਹਾਂ ਅਹੁਦਿਆਂ ਵਿਚੋਂ ਕਿਸੇ ਇਕ ਲਈ ਵੀ ਉਮੀਦਵਾਰ ਨਹੀਂ। ਪਰ ਸਾਰਿਆਂ ਨੂੰ ਪਤਾ ਹੈ ਕਿ ਇਹ ਸਿਰਫ ਕਹਿਣ ਦੀਆਂ ਗਲਾਂ ਹੁੰਦੀਆਂ ਹਨ। ਜੇ ਬਾਦਲ ਸਾਹਿਬ ਬਰਨਾਲੇ ਕੋਲੋਂ ਇਹ ਪਦਵੀਆਂ ਖੋਹ ਲੈਣ ਤੇ ਜੋ ਵੀ ਇਨ੍ਹਾਂ ਪਦਵੀਆਂ ਉਤੇ ਆਵੇਗਾ ਉਹ ਬਾਦਲ ਸਾਹਿਬ ਦੇ ਪ੍ਰਭਾਵ ਖਲੋਂ ਹੀ ਹੋਵੇਗਾ। ਜੋ ਪਰਧਾਨ ਲਾਹਉਂਦਾਂ ਹੁੰਦਾ ਹੈ ਉਹ ਹੀ ਬਣਾਂਦਾ ਹੁੰਦਾ ਹੈ ਤੇ ਬਨਾਉਣ ਵਾਲਾ ਬਣਨ ਵਾਲੇ ਤੋਂ ਵੱਧ ਬਲਵਾਨ ਹੁੰਦਾ ਹੈ।

ਇਨ੍ਹਾਂ ਨੇ ਦਰਬਾਰ ਸਾਹਿਬ ਪੁਲੀਸ ਕੋਲੋਂ ਅਜ਼ਾਦ ਕਰਵਾਉਣ ਦਾ ਬੀੜਾ ਚੁਕਿਆ ਹੈ। ਪਰ ਜਿਨ੍ਹਾਂ ਕਾਰਨਾਂ ਕਰਕੇ ਪੁਲੀਸ ਦਰਬਾਰ ਸਾਹਿਬ ਆਈ ਹੈ ਉਨ੍ਹਾਂ ਬਾਰੇ ਇਹ ਚੁੱਪ ਹਨ ਜਾਂ ਵਿਰੋਧਤਾ ਕਰਦੇ ਹਨ। ਆਖਿਰ ਪੰਥ ਦੀ ਮੰਜ਼ਲ ਕੀ ਹੈ ? ਉਸ ਬਾਰੇ ਹਾਲੀਂ ਤਕ ਇਨ੍ਹਾਂ ਨੇ ਸਪਸ਼ਟ ਕੁਝ ਨਹੀਂ ਕਿਹਾ। ਪਰ ਇਨ੍ਹਾਂ ਨੇ ਬਰਨਾਲੇ ਦੀ ਮੁਖਾਲਫਿਤ ਦਾ ਬੀੜਾ ਚੁਕਿਆ ਹੈ। ਇਹ ਬਰਨਾਲਾ ਸਰਕਾਰ ਦੀਆਂ ਖਾਮੀਆਂ ਤੇ ਸਮਝੌਤੇ ਦੀਆਂ ਤਰੁਟੀਆਂ ਤੇ ਨਸ਼ਰ ਕਰ ਸਕਦੇ ਹਨ। ਪਰ ਇਹ ਮਹਿਸੂਸ ਕਰਦੇ ਹਨ ਕਿ ਬਰਨਾਲਾ ਸਾਹਿਬ ਦੀ ਵਜ਼ਾਰਤ ਜੇ ਟੁਟ ਗਈ ਤਾਂ ਫਿਰ ਜੋ ਵੀ ਪੰਜਾਬ ਵਿਚ ਰਾਜਸੀ ਨਿਜ਼ਾਮ ਆਵੇਗਾ ਉਹ ਸਿਖਾਂ ਲਈ ਇਸ ਨਾਲੋਂ ਮਾੜਾ ਹੀ ਹੋਵੇਗਾ ਚੰਗਾ ਕਦੀ ਨਹੀਂ ਹੋ ਸਕਦਾ। ਇਸ ਗੱਲ ਨੂੰ ਭਾਂਪਦੇ ਹੋਏ ਸ਼ਾਇਦ ਬਾਦਲ ਸਾਹਿਬ ਨੇ ਕਿਹਾ ਹੈ ਕਿ ਉਹ ਅਕਾਲੀ ਵਜ਼ਾਰਤ ਤੋੜਨ ਦੇ ਹਕ ਵਿਚ ਨਹੀਂ ਸਿਰਫ ਬਰਨਾਲੇ ਤੇ ਬਲਵੰਤ ਸਿੰਘ ਨੂੰ ਹਟਾਉਣ ਦੇ ਹੀ ਇਛਕ ਹਨ ਜੋ ਦੋਵੇਂ ਦਰਬਾਰ ਸਾਹਿਬ ਪੁਲੀਸ ਭੇਜਣ ਦੇ ਜ਼ਿਮੇਂਵਾਰ ਹਨ। ਭਾਵੇਂ ਬਾਦਲ ਸਾਹਿਬ ਨੇ ਬਲਵੰਤ ਸਿੰਘ ਦਾ ਨਾਮ ਸਪਸ਼ਟ ਨਹੀਂ ਲਿਆ ਪਰ ਇਸ਼ਾਰੇ ਤੋਂ ਹੀ ਸਮਝ ਆ ਜਾਂਦੀ ਹੈ।

ਸਿਖ ਹਲਕਿਆਂ ਵਿਚ ਬਰਨਾਲਾ ਸਾਹਿਬ ਨਾਲੋਂ ਵੀ ਵੱਧ ਮੁਖਾਲਫਿਤ ਸਰਦਾਰ ਬਲਵੰਤ ਸਿੰਘ ਦੀ ਹੈ। ਸਾਰੇ ਇਕੋ ਹੀ ਗੱਲ ਕਹਿੰਦੇ ਹਨ ਕਿ ਇਸਨੇ ਕਦੀ ਕੋਈ ਕੁਰਬਾਨੀ ਨਹੀਂ ਕੀਤੀ, ਕੇਂਦਰੀ ਸਰਕਾਰ ਨਾਲ ਇਹ ਹਮੇਸ਼ਾ ਬਣਾਕੇ ਰਖਦਾ ਹੈ ਤਦੇ ਹੀ ਕ੍ਰੋੜਾਂ ਪਤੀ ਹੋ ਗਿਆ ਹੈ। ਫਿਰ ਹਰ ਵਾਰੀ ਜਦੋਂ ਵੀ ਅਕਾਲੀਆਂ ਦੀ ਵਜ਼ਾਰਤ ਬਣਦੀ ਹੈ ਤਾਂ ਇਹ ਵਿਤ ਮੰਤ੍ਰੀ ਬਣ ਜਾਂਦਾ ਹੈ। ਸਰਦਾਰ ਬਲਵੰਤ ਸਿੰਘ ਧਰਮ ਯੁੱਧ ਮੋਰਚੇ ਵਿਚ ਜੇਲ੍ਹ ਜਥਾ ਲੈ ਕੇ ਗਿਆ ਸੀ ਪਰ ਅਜ ਦੇ ਮਾਹੌਲ ਅਨੁਸਾਰ ਉਹ ਕੁਰਬਾਨੀ ਗਿਣੀ ਹੀ ਨਹੀਂ ਜਾਂਦੀ। ਉਂਝ ਗਵਰਨਰੀ ਰਾਜ ਵੇਲੇ ਤੇ ਕੇਂਦਰ ਸਰਕਾਰ ਵਿਚ ਵੀ ਕਿਹਾ ਜਾਂਦਾ ਹੈ ਕਿ ਸਰਦਾਰ ਬਲਵੰਤ ਸਿੰਘ ਦੀ ਚਲਦੀ ਸੀ। ਸਰਦਾਰ ਸੁਰਜੀਤ ਸਿੰਘ ਬਰਨਾਲਾ ਦਾ ਤੇ ਸਿਖੀ ਚੇਹਰਾ ਮੋਹਰਾ ਤੇ ਜੱਟ ਹੋਣ ਕਰਕੇ ਉਸਨੂੰ ਮੁਖ ਮੰਤ੍ਰੀ ਬਣਾਇਆ ਗਿਆ ਸੀ ਪਰ ਅਸਲ ਮੁਖ ਮੰਤ੍ਰੀ ਸਰਦਾਰ ਬਲਵੰਤ ਸਿੰਘ ਹੀ ਹੈ।

ਜਿਤਨੇ ਵੀ ਬਰਨਾਲਾ ਸਾਹਿਬ ਦੀ ਵਿਰੋਧਤਾ ਲਈ ਲੀਡਰ ਇਕਠੇ ਹੋਏ ਹਨ ਉਹ ਸਾਰੇ ਹੀ ਸਰਦਾਰ ਬਲਵੰਤ ਸਿੰਘ ਦੇ ਵਿਰੋਧੀ ਹਨ। ਅਗੇ ਤੇ ਸਰਦਾਰ ਬਲਵੰਤ ਸਿੰਘ ਤਿੰਨ ਵਾਰ ਵਿਤ ਮੰਤ੍ਰੀ ਬਣ ਗਿਆ ਹੈ ਪਰ ਹੁਣ ਲਗਦਾ ਹੈ ਕਿ ਜੇ ਹੁਣ ਬਰਨਾਲਾ ਵਜ਼ਾਰਤ ਟੁਟ ਗਈ ਤਾਂ ਮੁੜ ਸਰਦਾਰ ਬਲਵੰਤ ਸਿੰਘ ਦਾ ਲੀਡਰੀ ਵਿਚ ਪੈਰ ਵਜਣਾ ਮੁਸ਼ਕਲ ਹੋਵੇਗਾ। ਫਿਰ ਆਪਣੇ ਕਾਰਖਾਨੇ ਹੀ ਚਲਾਵੇਗਾ। ਦੇਖੋ ਹਾਲੀ ਹਾਲਾਤ ਕੀ ਕਰਵਟ ਲੈਂਦੇ ਹਨ। ਬੰਦਾ ਬੜਾ ਹੁਸ਼ਿਆਰ ਹੈ। ਇਸਨੂੰ ਵੇਲੇ ਸਿਰ ਪਾਸਾ ਬਦਲਣ ਦੀ ਬੜੀ ਵਧੀਆ ਜਾਚ ਹੈ। ਅਗੇ ਜਦ ਜਸਟਸ ਗੁਰਨਾਮ ਸਿੰਘ ਮੁਖ ਮੰਤ੍ਰੀ ਸਨ ਤਾਂ ਸਰਦਾਰ ਬਲਵੰਤ ਸਿੰਘ ਨੇ ਜਸਟਸ ਗੁਰਨਾਮ ਸਿੰਘ ਦਾ ਅੰਨ ਵੇਲੇ ਸਿਰ ਸਾਥ ਛੱਡ ਦਿਤਾ ਸੀ। ਬਾਦਲ ਸਾਹਿਬ ਦਾ ਵੀ ਵਕਤ ਆਉਣ ਉਤੇ ਇਸਨੇ ਸਾਥ ਛੱਡ ਦਿਤਾ ਸੀ। ਹੁਣ ਸਿਆਸੀ ਹਲਕੇ ਕਿਆਫੇ ਲਗਾਂਦੇ ਹਨ ਕਿ ਦੇਖੋ ਹੁਣ ਸਰਦਾਰ ਬਲਵੰਤ ਸਿੰਘ ਸਰਦਾਰ ਸੁਰਜੀਤ ਸਿੰਘ ਬਰਨਾਲੇ ਦਾ ਸਾਥ ਕਿਸ ਵੇਲੇ ਛਡਦਾ ਹੈ।

ਬਰਨਾਲਾ ਸਾਹਿਬ ਦੇ ਵਿਰੋਧੀ ਕੀ ਕਰਨਗੇ ਇਹ ਸ਼ਾਇਦ ਉਨ੍ਹਾਂ ਨੂੰ ਵੀ ਸਮਝ ਨਹੀਂ ਆ ਰਹੀ। ਜੇ ਉਹ ਬਰਨਾਲਾ ਸਾਹਿਬ ਦੇ ਵਿਰੁਧ ਬੇ-ਪ੍ਰਤੀਤੀ ਦਾ ਮਤਾ ਪੇਸ਼ ਕਰਨ ਤਾਂ ਸਰਕਾਰੀ ਅਸਰ ਰਸੂਖ ਵਰਤਕੇ ਬਰਨਾਲਾ ਸਾਹਿਬ ਦੀ ਜਿਤ ਹੋਣੀ ਯਕੀਨੀ ਹੈ। ਜੇ ਨਵੀਂ ਪਾਰਟੀ ਬਨਾਉਣ ਤਾਂ ਪ੍ਰਧਾਨ ਕੌਣ ਹੋਵੇਗਾ ! ਟੌਹੜਾ ਸਾਹਿਬ ਦੇ ਸਮਰਥਕ ਕਹਿਣਗੇ ਕਿ ਟੌਹੜਾ ਸਾਹਿਬ ਤੋਂ ਬਿਨਾਂ ਪ੍ਰਧਾਨਗੀ ਦੇ ਹੋਰ ਕੋਈ ਯੋਗ ਹੀ ਨਹੀਂ। ਟੌਹੜਾ ਸਾਹਿਬ ਦੇ ਸਮਰਥਕ ਤੇ ਕਿਤਨੀ ਦੇਰ ਤੋਂ ਉਨ੍ਹਾਂ ਨੂੰ ਸ਼ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਨਾਉਣ ਲਈ ਇਛਕ ਹਨ। ਟੌਹੜਾ ਸਾਹਿਬ ਨੂੰ ਬਾਦਲ ਤੇ ਅਮਰਿੰਦਰ ਸਿੰਘ ਦੇ ਧੜੇ ਨੇ ਨਹੀਂ ਮੰਨਣਾ। ਬਾਦਲ ਸਾਹਿਬ ਵੀ ਆਪ ਪ੍ਰਧਾਨ ਬਣਨਾ ਚਾਹੁਣਗੇ। ਜੇ ਪ੍ਰਧਾਨਗੀ ਦੌੜ ਹੋਈ ਤਾਂ ਇਨ੍ਹਾਂ ਦੀ ਆਪਿਸ ਵਿਚ ਫੁੱਟ ਪੈ ਜਾਵੇਗੀ। ਇਸ ਕਰਕੇ ਹਾਲੀਂ ਇਹ ਬਰਨਾਲਾ ਸਾਹਿਬ ਦੇ ਵਿਰੁਧ ਹੀ ਪ੍ਰਚਾਰ ਕਰਨਗੇ ਤੇ ਸ਼ਾਇਦ ਜਲਦੀ ਜਲਦੀ ਆਪਣੀ ਪਾਰਟੀ ਕੋਈ ਨਾ ਬਨਾਉਣ ਇਨ੍ਹਾਂ ਦੇ ਵਿਰੋਧ ਨਾਲ ਜੇ ਬਰਨਾਲਾ ਵਜ਼ਾਰਤ ਟੁੱਟ ਜਾਵੇ ਤਾਂ ਸ਼ਾਇਦ ਪਦਵੀਆਂ ਦੀਆਂ ਵੰਡੀਆਂ ਸੌਖੀਆਂ ਪੈ ਜਾਣ। ਫਿਰ ਤੇ ਬਾਦਲ ਸਾਹਿਬ ਮੁਖ ਮੰਤ੍ਰੀ ਤੇ ਟੌਹੜਾ ਸਾਹਿਬ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣ ਸਕਦੇ ਹਨ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਰਧਾਨਗੀ ਜਗਦੇਵ ਸਿੰਘ ਤਲਵੰਡੀ ਨੂੰ ਮਿਲ ਸਕਦੀ ਹੈ। ਜੇ ਬਰਨਾਲਾ ਸਰਕਾਰ ਹਰ ਹਾਲ ਕਾਇਮ ਰਹੀ ਜਾਂ ਰਖੀ ਗਈ ਤਾਂ ਬਰਨਾਲੇ ਦੇ ਵਿਰੋਧੀਆਂ ਦੇ ਸਾਥੀ ਖਿਸਕਣੇ ਸ਼ੁਰੂ ਹੋ ਜਾਣਗੇ। ਜੇ ਇਨ੍ਹਾਂ ਸਾਰਿਆਂ ਦਾ ਮੁੜ ਬਰਨਾਲੇ ਨਾਲ ਸਮਝੌਤਾ ਹੋ ਜਾਵੇ ਤਾਂ ਵੀ ਅਚੰਭੇ ਵਾਲੀ ਗੱਲ ਨਹੀਂ ਹੋਵੇਗੀ।

Sant Sipahi - The oldest Panthic Magazine/ www.santsipahi.org

# ਇਹਵੀ ਜਥੇਦਾਰ ਨੇ, ਤੇ ਉਹਵੀ ਜਥੇਦਾਰ ਨੇ

—ਸ: ਪਿਆਰਾ ਸਿੰਘ ਨਿਰਛਲ

ਪੰਥ ਦੇ ਪਿਆਰੇ ਸ਼ਰਧਾਲੂ ਕੋਈ ਜਥੇਦਾਰ, ਦਿਲ 'ਚ ਲੁਕਾ ਕੇ ਬੈਠੇ ਪੰਥ ਦਾ ਪਿਆਰ ਨੇ ।
ਕੋਈ ਜਥੇਦਾਰ ਤਾਂ ਏਨੇ ਪੰਥ ਦਰਦੀ ਨੇ, ਪੰਥ ਉਤੋਂ ਆਪਣੀ ਓਹ ਜਾਨ ਦੇਂਦੇ ਵਾਰ ਨੇ ।
ਐਸੇ ਜਥੇਦਾਰਾਂ ਉਤੋਂ ਕਿਉਂਨਾਂ ਵਾਰੇ ਵਾਰੇ ਜਾਈਏ, ਜਿਹੜੇ ਜਥੇਦਾਰ ਜਥੇਬੰਦੀ ਸ਼ਿੰਗਾਰ ਨੇ ।
ਕੋਈ ਜਥੇਦਾਰ ਬੇੜੀ ਕੌਮ ਦੀ 'ਚ ਪਾਣ ਵੱਟੇ, ਕੋਈ ਜਥੇਦਾਰ ਸਹਿਦੇ ਮੁਸ਼ਕਲਾਂ ਦੇ ਭਾਰ ਨੇ ।
ਕੋਈ ਜਥੇਦਾਰ ਹੁੰਦੇ ਫੱਟੂਆਂ ਲੁਹਾਣ ਵਾਲੇ, ਹੇਰਾ ਫੇਰੀ ਵਿਚ ਵੇਖੇ ਬੜੇ ਹੁਸ਼ਿਆਰ ਨੇ ।
ਇਕ ਬੇੜੀ ਡੋਬਦੇ ਨੇ, ਇਕ ਬੇੜੀ ਤਾਰਦੇ ਨੇ, ਉਹਵੀ ਜਥੇਦਾਰ ਨੇ ਤੇ ਇਹਵੀ ਜਥੇਦਾਰ ਨੇ ।

ਲੱਗੇ ਜਦੋਂ ਮੋਰਚਾ ਕੋਈ ਜਥੇਦਾਰ ਲੁਕ ਜਾਂਦੇ, ਜਦੋਂ ਹੱਟ ਜਾਵੇ ਬਹਿਦੇ ਮੋਹਰਲੀ ਕਤਾਰ ਨੇ ।
ਕੋਈ ਜਥੇਦਾਰ ਪੱਗਾਂ ਰੱਖਦੇ ਨੇ ਦੋ ਦੋ, ਜਦੋਂ ਵਕਤ ਆਵੇ ਲੈਂਦੇ ਬਦਲ ਦਸਤਾਰ ਨੇ ।
ਜਿਹੜੇ ਜਥੇਦਾਰ ਜਥੇਦਾਰੀ ਲਈ ਜਥੇਦਾਰ, ਸਮਝੋ ਨਾ ਪਾਰਟੀ ਦੇ ਸੱਚੇ ਵਫਾਦਾਰ ਨੇ ।
ਉਹਨਾਂ ਜਥੇਦਾਰਾਂ ਦਾ ਮਾਨ ਸਤਿਕਾਰ ਕਰੋ, ਉੱਚਾ ਸੁੱਚਾ ਰੱਖਦੇ ਜੋ ਕੌਮ ਦਾ ਵਕਾਰ ਨੇ ।
ਜਿਹੜੇ ਜਥੇਦਾਰ ਸਿੱਖ ਕੌਮ ਨੂੰ ਨਾ ਕੌਮ ਕਹਿਣ, ਕੌਮ ਦੇ ਪੁਜਾਰੀ ਨਹੀਂ ਉਹ ਕੌਮ ਦੇ ਗ਼ਦਾਰ ਨੇ ।
ਕੋਈ ਜਥੇਦਾਰ ਘੜਾ ਘੜਾ ਨੇ ਸ਼ਰਾਬ ਪੀਂਦੇ, ਪੀਕੇ ਸ਼ਰਾਬ ਖੂਬ ਮਾਰਦੇ ਡਕਾਰ ਨੇ ।

ਕੋਈਆਂ ਜਥੇਦਾਰਾਂ ਤਾਂਈ ਰੱਜਵੀ ਨਾ ਮਿਲੇ ਰੋਟੀ, ਰੁੱਖੀ ਸੁੱਕੀ ਖਾਕੇ ਵੀ ਸ਼ੁਕਰ ਗੁਜ਼ਾਰ ਨੇ ।
ਕੋਈ ਜਥੇਦਾਰਾਂ ਦਾ ਡਿੱਗਾ ਢੱਠਾ ਢਾਰਾ ਹੈ, ਕੋਈ ਜਥੇਦਾਰ ਰਹੇ ਕੋਠੀਆਂ ਉਸਾਰ ਨੇ ।
ਕੋਈ ਜਥੇਦਾਰਾਂ ਦੇ ਕਿੰਨੇ ਕਿੰਨੇ ਮੂੰਹ ਹੁੰਦੇ, ਬਦਲ ਜਾਂਦੇ ਮੂੰਹ ਕੋਈ ਰੂਪ ਲੈਂਦੇ ਧਾਰ ਨੇ ।
ਕੋਈ ਜਥੇਦਾਰ ਬੜੀ ਪਾਰਟੀ 'ਚ ਕੁਟ ਖਾਂਣ, ਖਾਕੇ ਵੀ ਕੁਟ ਨਾ ਉਹ ਕਰਦੇ ਵਿਚਾਰ ਨੇ ।
ਕੋਈ ਜਥੇਦਾਰ ਬੜੀ ਪਾਰਟੀ 'ਚ ਕੁਟ ਖਾਂਣ, ਖਾ ਕੇ ਵੀ ਕੁਟ ਨਾ ਉਹ ਕਰਦੇ ਵਿਚਾਰ ਨੇ ।
ਕੋਈ ਜਥੇਦਾਰ ਬੜੇ ਸੱਚੇ ਸੁੱਚੇ ਹੋ ਕੇ ਵੀ, ਸਦਾ ਹੋ ਜਾਂਦੇ ਬੇ ਇਨਸਾਫੀ ਦਾ ਸ਼ਕਾਰ ਨੇ ।
ਜਿਹੜੇ ਜਥੇਦਾਰ ਹੁੰਦੇ ਉਪਰੋਂ ਈਂ ਠੋਕੇ ਹੋਏ, ਕਾਹਦੇ ਜਥੇਦਾਰ ਉਹ ਤਾਂ ਜਫੇਮਾਰ ਨੇ ।

ਕੋਈ ਜਥੇਦਾਰ ਨਿਤਨੇਮੀ ਪੰਜਾਂ ਬਾਣੀਆਂ ਦੇ, ਦਾਨੀ ਤੇ ਪ੍ਰੇਮੀ ਉੱਚੇ ਸੁੱਚੇ ਕਿਰਦਾਰ ਨੇ ।
ਉਹਨਾਂ ਜਥੇਦਾਰਾਂ ਅਗੇ ਸੀਸ ਝੁਕ ਜਾਂਵਦਾ ਏ, ਤਨੋ ਮਨੋ ਕੌਮ ਦੇ ਜੋ ਸੱਚੇ ਸੇਵਾਦਾਰ ਨੇ ।
ਕੋਈ ਜਥੇਦਾਰ ਹੁੰਦੇ ਦਰਸ਼ਨੀ ਪਹਿਲਵਾਨ, ਵੇਖਣ ਨੂੰ ਲਗਦੇ ਉਹ ਬੜੇ ਸ਼ਾਨਦਾਰ ਨੇ ।
ਕੋਈਆਂ ਜਥੇਦਾਰਾਂ ਦਾ ਕੱਦ ਬੜਾ ਛੋਟਾ ਜਿਹਾ, ਕੋਈ ਛੇ ਛੇ ਫੁਟੇ ਉੱਚੇ ਲੰਮੇ ਸਰਦਾਰ ਨੇ ।
ਕੋਈ ਜਥੇਦਾਰ ਪਾਟੀ ਕੌਮ ਦੇ ਨੇ ਫੱਟ ਸੀਂਦੇ, ਕੋਈ ਜਥੇਦਾਰ ਲਾਹੀ ਜਾਂਵਦੇ ਲੰਗਾਰ ਨੇ ।
ਜਿਹੜੇ ਜਥੇਦਾਰ ਕਰਦੇ ਕੌਮ ਨੂੰ ਬਲੈਕ ਮੇਲ, ਪੰਥ ਦੇ ਪਿਆਰੇ ਨਹੀਂ ਉਹ ਕੁਰਸੀ ਦੇ ਯਾਰ ਨੇ ।

ਕੋਈ ਜਥੇਦਾਰਾਂ ਨੇ ਤਲੀ ਤੇ ਟਿਕਾਈ ਜਾਨ, ਦਿਲ ਦੇ ਦਲੇਰ ਸ਼ੇਰ ਬੜੇ ਜਾਨਬਾਜ ਨੇ ।
ਕੋਈਆਂ ਜਥੇਦਾਰਾਂ ਵਿਚੋਂ ਹੋਰ ਕੋਈ ਬੋਲਦਾ ਹੈ, ਆਪਣੀ ਆਵਾਜ਼ ਨਹੀਂ ਉਹ ਕਿਸੇ ਦੀ ਆਵਾਜ਼ ਨੇ ।
ਕੋਈ ਜਥੇਦਾਰ ਤਾਂ ਬਣੇ ਹੋਏ ਬੱਕਰੀ ਨੇ, ਕੋਈ ਜਥੇਦਾਰ ਦਸਮੇਸ਼ ਜੀ ਦਾ ਬਾਜ ਨੇ ।
ਕੋਈ ਜਥੇਦਾਰ ਹੈਣ ਰੱਖਦੇ ਦੂਵਲੀ ਸਾਂਝ, ਮੂੰਹ ਦੇ ਮਿੱਠੇ ਕਿਸੇ ਨੂੰ ਨਾ ਕਰਦੇ ਨਰਾਜ਼ ਨੇ ।
ਕੋਈ ਜਥੇਦਾਰ ਸੇਵਾ ਕੌਮ ਦੀ ਕਰਨ ਵਾਲੇ, ਕਈ ਜਥੇਦਾਰ ਪੈਦਾ ਕੀਤੇ ਸਰਕਾਰ ਨੇ ।
ਕੋਈ ਜਥੇਦਾਰਾਂ ਦੀਆਂ ਕੋਈ ਕੋਈ ਬੋਲੀਆਂ ਨੇ, ਵਕਤ ਵਕਤ ਨਾਲ ਲੈਂਦੇ ਬਦਲ ਉਹ ਵਿਚਾਰ ਨੇ ।

ਐਸੇ ਵੀ ਜਥੇਦਾਰ ਹੈਣ ਸਤਿਕਾਰਯੋਗ, ਤੱਤੇ ਥਾਂ ਉਤੇ ਜਿਹੜੇ ਪੈਰ ਨਾ ਟਿਕਾਂਦੇ ਨੇ ।
ਧੰਨ ਜਥੇਦਾਰ ਧੰਨ ਉਹਨਾਂ ਦੀ ਕਮਾਈ ਆਖੋ, ਵੇਚ ਵੇਚ ਨਾ ਜੋ ਸਿੱਖ ਪੰਥ ਦਾ ਪੈ ਖਾਂਦੇ ਨੇ ।
ਕੋਈ ਜਥੇਦਾਰ ਹੈਣ ਮਾਰਦੇ ਜੈਕਾਰੇ ਬੜੇ, ਜਦੋਂ ਵਿਕਣ ਲੱਗਣ ਫੇਰ ਨਾ ਦੇਰ ਨਾ ਲਗਾਂਦੇ ਨੇ ।
ਹੋਵੇ ਅਕਾਲੀ ਫੂਲਾ ਸਿੰਘ ਉਹਨਾਂ ਸਜ਼ਾ ਦੇਵੇ, ਜਿਹੜੇ ਜਥੇਦਾਰੀਆਂ ਨੂੰ ਲੀਕ ਪੈ ਲਵਾਂਦੇ ਨੇ ।
ਚੱਪਣੀ 'ਚ ਪਾਣੀ ਪਾਕੇ ਕਿਉ ਨਾ ਉਹ ਮਰ ਜਾਵੇ, ਮਾਰੀ ਜਿਸ ਸੱਟ ਜਥੇਦਾਰੀ ਦੇ ਵਕਾਰ ਨੂੰ ।
ਜਿਸ ਜਥੇਦਾਰ ਜਥੇਦਾਰੀ ਬਦਨਾਮ ਕੀਤੀ, ਪਾਵੇ ਫਿਟਕਾਰ ਨਿਰਛਲ ਓਸ ਜਥੇਦਾਰ ਨੂੰ ।

# ਸ਼ਹੀਦੀਆਂ ਦੀ ਰੁਤ

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਨਾਲ ਹੀ ਬਲਿਊ ਸਟਾਰ ਓਪਰੇਸ਼ਨ ਸਮੇਂ ਦਰਬਾਰ ਸਾਹਿਬ ਹੋਏ ਸ਼ਹੀਦਾਂ ਦੀਆਂ ਸ਼ਹੀਦੀਆਂ ਦਾ ਅਟੁਟ ਰਿਸ਼ਤਾ ਬਣ ਗਿਆ ਹੈ। ਦਰਬਾਰ ਸਾਹਿਬ ਉਤੇ ਫੌਜੀ ਕਾਰਵਾਈ ਸ਼ਹੀਦੀ ਪੁਰਬ ਵਾਲੇ ਦਿਨ ਸ਼ੁਰੂ ਹੋਈ। ਗੁਰੂ ਅਰਜਨ ਦੇਵ ਜੀ ਸ਼ਹੀਦੀ ਦੇਣ ਲਈ ਸ੍ਰੀ ਅੰਮ੍ਰਿਤਸਰ ਤੋਂ ਹੀ ਚਲੇ ਸਨ। ਸਵੇਰੇ ਦਰਬਾਰ ਸਾਹਿਬ ਦਿਵਾਨ ਸਜਾਉਣ ਤੇ ਸਿਖ ਸੰਗਤਾਂ ਨਾਲ ਬਚਨ ਬਿਲਾਸ ਕਰਨ ਤੋਂ ਬਾਅਦ ਹੀ ਗੁਰੂ ਅਰਜਨ ਦੇਵ ਜੀ ਨੇ ਚਾਲੇ ਪਾਏ ਹੋਏ ਹਨ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵੇਲੇ ਦੀ ਹਕੂਮਤ ਨੂੰ ਗੁਰੂ ਘਰ ਦੀ ਵਧ ਰਹੀ ਚੜ੍ਹਤ ਨਾਲ ਖੁੰਦਕ ਪੈਣ ਨਾਲ ਹੋਈ ਸੀ। ਜਹਾਂਗੀਰ ਬਾਦਸ਼ਾਹ ਆਪਣੀ ਜੀਵਨੀ ਵਿਚ ਲਿਖਦਾ ਹੈ ਕਿ "ਇਹ ਪਾਖੰਡ ਦੀ ਦੁਕਾਨ ਕਿਤਨੀ ਦੇਰ ਤੋਂ ਚਲ ਰਹੀ ਸੀ ਜਿਸ ਵਿਚ ਭੋਲੇ ਭਾਲੇ ਹਿੰਦੂਆਂ ਦੇ ਨਾਲ ਕਈ ਮੂਰਖ ਮੁਸਲਮਾਨ ਵੀ ਫਸਦੇ ਜਾਂਦੇ ਸਨ। ਇਸ ਕਰਕੇ ਮੈਂ ਇਹ ਦੁਕਾਨ ਬੰਦ ਕਰਨੀ ਹੀ ਯੋਗ ਸਮਝੀ।" ਸਿਖੀ ਦੀ ਦੁਕਾਨ ਬੰਦ ਕਰਨ ਦਾ ਜੋ ਰਸਤਾ ਜਹਾਂਗੀਰ ਨੇ ਅਪਣਾਇਆ ਉਸ ਨੇ ਸਿਖੀ ਦੀਆਂ ਜੜ੍ਹਾਂ ਪਤਾਲ ਵਿਚ ਗੱਡ ਦਿਤੀਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਰਹਿੰਦੀ ਦੁਨੀਆਂ ਤਕ ਧਰਮ ਪਿਛੇ ਮਰ ਮਿਟਣ ਵਾਲੇ ਸਿਖਾਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਰਹਵੇਗੀ। ਇਸ ਸ਼ਹੀਦੀ ਨਾਲ ਸਿਖੀ ਹੋਰ ਉਜਾਗਰ ਹੋਈ ਤੇ ਹੋਰ ਪਕੀ ਹੋਈ, ਮਿਟਾਈ ਨਾ ਜਾ ਸਕੀ।

ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਾਲੇ ਦਿਨ ਹੁਣ ਦੀ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਖਤਮ ਕਰਕੇ ਉਨ੍ਹਾਂ ਦੀ ਵਿਚਾਰਧਾਰਾ ਖਤਮ ਕਰਨ ਦੀ ਕੋਸ਼ਿਸ਼ ਕੀਤੀ, ਤੇ ਇਹ ਕੋਸ਼ਿਸ਼ ਸਰਕਾਰ ਨੂੰ ਪੁੱਠੀ ਪਈ। ਸੰਤ ਜਰਨੈਲ ਸਿੰਘ ਜੀ ਤੋਂ ਬਾਅਦ ਉਨ੍ਹਾਂ ਦੀ ਵਿਚਾਰਧਾਰਾ ਪਹਿਲਾਂ ਨਾਲੋਂ ਕਿਧਰੇ ਜ਼ਿਆਦਾ ਪ੍ਰਬਲ ਹੋ ਚੁਕੀ ਹੈ। ਹੁਣ ਵੀ ਹਰਮੰਦਰ ਸਾਹਿਬ ਦੇ ਅੰਦਰ ਸੰਤ ਜਰਨੈਲ ਸਿੰਘ ਦੀ ਵਿਚਾਰਧਾਰਾ ਗੂੰਜਦੀ ਫਿਰਦੀ ਹੈ। ਸੰਤ ਭਿੰਡਰਾਂਵਾਲਿਆਂ ਨੂੰ ਰਾਜਸੀ ਸ਼ਕਤੀ ਨਾਲ ਖਤਮ ਕੀਤਾ ਜਾ ਸਕਦਾ ਸੀ ਉਨ੍ਹਾਂ ਦੀ ਵਿਚਾਰਧਾਰਾ ਨੂੰ ਨਹੀਂ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਕਲਪਨਾ ਕਰਕੇ ਹੀ ਸਰੀਰ ਦੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਕਹਿਰਾਂ ਦੀ ਗਰਮੀ, ਥੱਲੇ ਅੱਗ ਤੇ ਉਤੇ ਤੱਤੀ ਰੇਤਾ ਪੈਂਦਿਆਂ ਹੋਇਆਂ ਵੀ ਗੁਰੂ ਅਰਜਨ ਦੇਵ ਜੀ ਸ਼ਾਂਤ ਚਿਤ "ਤੇਰਾ ਭਾਣਾ ਮੀਠਾ ਲਾਗੈ" ਦੀ ਧੁੰਨ ਅਲਾਪ ਰਹੇ ਹਨ। ਸਰੀਰ ਉਤੇ ਵਰਤ ਰਿਹਾ ਕਹਿਰ ਉਨ੍ਹਾਂ ਦੇ ਅਡੋਲ ਮਨ ਨੂੰ ਡੁਲਾ ਨਾ ਸਕਿਆ। ਇਸ ਕਹਿਰ ਦੇ ਜ਼ੁਲਮ ਨੇ ਸਿਖ ਪੰਥ ਨੂੰ ਇਕ ਨਵਾਂ ਮੋੜ ਦਿਤਾ, ਇਕ ਨਵਾਂ ਜਜ਼ਬਾ ਤੇ ਧਰਮ ਲਈ ਮਰ ਮਿਟਣ ਦੀ ਹਿੰਮਤ ਪ੍ਰਦਾਨ ਕੀਤੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਗੁਰੂ ਹਰਗੋਬਿੰਦ ਸਾਹਿਬ ਦੀ ਵਿਚਾਰਧਾਰਾ ਵਿਚ ਭਗਤੀ ਤੇ ਸ਼ਕਤੀ ਦਾ ਸੰਕਲਪ ਜੋੜ ਦਿਤਾ। ਸ਼ਕਤੀ ਤੋਂ ਬਿਨਾਂ ਭਗਤੀ ਕਰਨੀ ਵੀ ਔਖੀ ਹੈ। ਸਿਖ ਧਰਮ ਜੰਗਲਾਂ ਵਿਚ ਜਾਕੇ "ਰਾਮ, ਰਾਮ" ਕਰਨ ਦਾ ਧਰਮ ਨਹੀਂ। ਇਹ ਜ਼ਿੰਦਗੀ ਦੀ ਨਿਰਵਿਰਤੀ ਦਾ ਧਰਮ ਨਹੀਂ। ਇਹ ਤੇ ਜ਼ਿੰਦਗੀ ਵਿਚ ਪ੍ਰਵਿਰਤੀ ਕਰਨ ਵਾਲੇ ਗ੍ਰਹਸਤੀਆਂ ਦਾ ਧਰਮ ਹੈ। ਜਿਸ ਵਕਤ ਕਿਸੇ ਗ੍ਰਹਸਤੀ ਨੇ ਧਰਮ ਅਨੁਸਾਰ ਜੀਵਨ ਜੀਉਣਾ ਹੈ ਤਾਂ ਉਸਨੇ ਵੇਲੇ ਦਾ ਜ਼ੁਲਮ ਤੇ ਧਕੇ ਵਿਰੁਧ ਵੀ ਜੂਝਣਾ ਹੈ। ਜ਼ੁਲਮ ਕਮਜ਼ੋਰ ਆਦਮੀ ਨਹੀਂ ਕਰਿਆ ਕਰਦਾ। ਜ਼ੁਲਮ ਉਹ ਹੀ ਕਰ ਸਕਦਾ ਹੈ ਜਿਸ ਕੋਲ ਜ਼ੁਲਮ ਕਰਨ ਦੀ ਸ਼ਕਤੀ ਹੁੰਦੀ ਹੈ। ਵੇਲੇ ਦੀ ਸਰਕਾਰ ਦੀ ਸ਼ਕਤੀ ਸਭ ਸ਼ਕਤੀਆਂ ਤੋਂ ਬਲਵਾਨ ਹੁੰਦੀ ਹੈ। ਜੋ ਸਭ ਸ਼ਕਤੀਆਂ ਤੋਂ ਬਲਵਾਨ ਮਹਾਨ ਸ਼ਕਤੀ ਹੈ ਉਹ ਹੀ ਜ਼ੁਲਮ ਤੇ ਧੱਕਾ ਕਰ ਸਕਦੀ ਹੈ। ਇਸ ਕਰਕੇ ਧਰਮ ਉਤੇ ਚਲਣ ਵਾਲਾ ਵਿਅਕਤੀ ਜ਼ੁਲਮ ਕਰਨ ਵਾਲੀ ਸਰਕਾਰੀ ਸ਼ਕਤੀ ਨਾਲ ਟਕਰਾ ਜਾਂਦਾ ਹੈ। ਇਸ ਕਰਕੇ ਸਰਕਾਰਾਂ ਉਭਰ ਰਹੀ ਧਰਮ ਦੀ ਸ਼ਕਤੀ ਵਿਰੁਧ ਹਮੇਸ਼ਾਂ ਹੁੰਦੀਆਂ ਹਨ ਤੇ ਉਸ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਕਰਕੇ ਧਰਮ ਤੇ ਸਰਕਾਰ ਦਾ ਟਕਰਾ ਹੋ ਜਾਂਦਾ ਹੈ।

ਸਰਕਾਰ ਨੂੰ ਆਪਣੀ ਤਾਕਤ ਦਾ ਹੰਕਾਰ ਹੁੰਦਾ ਹੈ ਤੇ ਧਰਮੀਆਂ ਨੂੰ ਆਪਣੇ ਧਰਮ ਉਤੇ ਮਾਣ। ਜਹਾਂਗੀਰ ਸਮਝਦਾ ਸੀ ਕਿ ਮੈਂ ਰਾਜਸੀ ਤਲਵਾਰ ਦੀ ਸ਼ਕਤੀ ਨਾਲ ਵੱਧ ਰਿਹਾ ਸਿਖੀ ਦਾ ਬੂਟਾ ਹਮੇਸ਼ਾਂ ਲਈ ਖਤਮ ਕਰ ਦੇਵਾਂਗਾ। ਗੁਰੂ ਅਰਜਨ ਦੇਵ ਜੀ ਨੂੰ ਆਪਣੀ ਸਿਖੀ ਉਤੇ ਮਾਣ ਸੀ। ਉਨ੍ਹਾਂ ਨੂੰ ਪਤਾ ਸੀ ਕਿ ਜ਼ੁਲਮ ਤੇ ਧਰਮ ਦੀ ਲੜਾਈ ਵਿਚ ਹਮੇਸ਼ਾਂ ਧਰਮ ਦੀ ਜਿਤ ਹੁੰਦੀ ਹੈ। ਕਿਸੇ ਮੂਰਖ ਰਾਜ ਸ਼ਕਤੀ ਵਿਚ ਅੰਨ੍ਹੇ ਹੋਏ ਜ਼ਾਲਿਮ ਕੋਲੋਂ ਧਰਮ ਬਚਾਉਣ ਲਈ ਤਲਵਾਰ ਦੀ ਸ਼ਕਤੀ ਦੀ ਲੋੜ ਹੁੰਦੀ ਹੈ ਜਿਸਦੇ ਅਧੀਨ ਰਾਜ ਚਲਦਾ ਹੈ। "ਸ਼ਸਤਰਨ ਕੇ ਅਧੀਨ ਹੈ ਰਾਜ।" ਇਸ ਕਰਕੇ ਗੁਰੂ ਅਰਜਨ ਦੇਵ ਜੀ ਲਾਹੌਰ ਸ਼ਹੀਦੀ ਦੇਣ ਲਈ ਜਾਣ ਲਗਿਆਂ ਗੁਰੂ ਹਰਗੋਬਿੰਦ ਸਾਹਿਬ ਨੂੰ ਰਾਜ ਦੀ ਸ਼ਕਤੀ ਪੈਦਾ ਕਰਨ ਲਈ ਆਦੇਸ਼ ਦੇ ਗਏ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਦੀ ਸਾਜਨਾ ਕੀਤੀ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਾਈਆਂ ਤੇ ਸਿੱਖਾ ਨੂੰ ਫੌਜੀ ਲੀਹਾਂ ਉਤੇ ਤੋਰਨਾ ਅਰੰਭ ਕਰ ਦਿਤਾ।

ਬਲਿਊ ਸਟਾਰ ਓਪਰੇਸ਼ਨ ਤੇ ਦਿੱਲੀ ਦੰਗਿਆਂ ਨੇ ਵੀ ਰਾਜ ਸ਼ਕਤੀ ਹਥਿਆਉਣ ਦੀ ਤਮੰਨਾ ਪੂਰੇ ਜ਼ੋਰ ਨਾਲ ਪੈਦਾ ਕਰ ਦਿਤੀ ਹੈ। ਦੇਖੋ ਇਹ ਤਮੰਨਾ ਹੁਣ ਕਿਹੜਾ ਰੰਗ ਪਕੜਦੀ ਹੈ। ਜਿਸ ਤਰ੍ਹਾਂ ਗੁਰੂ ਹਰਗੋਬਿੰਦ ਸਾਹਿਬ ਨੂੰ ਗਿਆਨ ਹੋ ਗਿਆ ਸੀ ਕਿ ਜਿਸ ਸ਼ਕਤੀ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਹੈ, ਉਸ ਸ਼ਕਤੀ ਤੋਂ ਬਿਨਾਂ ਗੁਰੂ ਤੇ ਗੁਰੂ ਦੇ ਸਿਖਾਂ ਦੀ ਰਾਖੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਹੁਣ ਸਿਖ ਮਹਿਸੂਸ ਕਰਦੇ ਹਨ ਕਿ ਜਿਸ ਸ਼ਕਤੀ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹਿਆ ਹੈ ਉਸ ਸ਼ਕਤੀ ਤੋਂ ਬਿਨਾਂ ਅਕਾਲ ਤਖਤ ਸਾਹਿਬ ਦੀ ਰਾਖੀ ਨਹੀਂ ਕੀਤੀ ਜਾ ਸਕਦੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਅਕਾਲ ਤਖਤ ਦੀ ਸਾਜਨਾਂ ਕਰਵਾਈ ਸੀ ਤੇ ਅਕਾਲ ਤਖਤ ਸਾਹਿਬ ਦੀ ਸ਼ਹੀਦੀ ਹੁਣ ਦੇਖੋ ਕੀ ਰੰਗ ਲਿਆਉਂਦੀ ਹੈ। ਸ਼ਾਇਦ ਇਹ ਰੁਤ ਹੀ ਸ਼ਹੀਦੀਆਂ ਤੇ ਪੰਥ ਵਿਚ ਨਵੇਂ ਮੋੜਾਂ ਦੀ ਹੈ।

**ਜਿਸ ਤਰ੍ਹਾਂ ਗੁਰੂ ਹਰਗੋਬਿੰਦ ਸਾਹਿਬ ਨੂੰ ਗਿਆਨ ਹੋ ਗਿਆ ਸੀ ਕਿ ਜਿਸ ਸ਼ਕਤੀ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਹੈ, ਉਸ ਸ਼ਕਤੀ ਤੋਂ ਬਿਨਾਂ ਗੁਰੂ ਤੇ ਗੁਰੂ ਦੇ ਸਿੱਖਾਂ ਦੀ ਰਾਖੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਹੁਣ ਸਿੱਖ ਮਹਿਸੂਸ ਕਰਦੇ ਹਨ ਕਿ ਜਿਸ ਸ਼ਕਤੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹਿਆ ਹੈ ਉਸ ਸ਼ਕਤੀ ਤੋਂ ਬਿਨਾਂ ਅਕਾਲ ਤਖ਼ਤ ਸਾਹਿਬ ਦੀ ਰਾਖੀ ਨਹੀਂ ਕੀਤੀ ਜਾ ਸਕਦੀ।**

Sant Sipahi - The oldest Panthic Magazine/ www.santsipahi.org

# ਕਰਫਿਊ ਲਾ ਅਵਾਮ ਨੂੰ ਬੰਦ ਕਰਕੇ

ਚਿਟੀ ਕਾਂਗੋ ਦੇ ਕਾਲੇ ਕਾਰਨਾਮੇ,
ਕਦੇ ਨਹੀਂ ਪੰਜਾਬ ਨੂੰ ਭੁੱਲ ਸਕਦੇ ।
ਡੁਲ੍ਹਿਆ ਖ਼ੂਨ ਨਿਰਦੋਸ਼ਾਂ ਦਾ ਜੋ ਏਥੇ,
ਉਹ ਪੰਨੇ ਇਤਿਹਾਸ ਨਹੀਂ ਭੁੱਲ ਸਕਦੇ ।

ਤਿੰਨ ਜੂਨ ਚੌਰਾਸੀ ਦੀ ਗਲ ਸੁਣ ਲੋ,
ਏਥੇ ਬੰਬਾਂ ਦਾ ਮੀਂਹ ਵਰ੍ਹਾਇਆ ਗਿਆ ।
ਬੇ-ਗੁਨਾਹਾਂ ਨੂੰ ਕਹਿ ਕੇ ਅੱਤਵਾਦੀ,
ਹਦੋਂ ਵੱਧ ਕੇ ਜ਼ੁਲਮ ਕਮਾਇਆ ਗਿਆ ।

ਹੁੰਦਾ ਨਹੀਂ ਬਿਆਨ ਗੁਰੂ ਖਾਲਸਾ ਜੀ,
ਜੋ ਜੋ ਜ਼ੁਲਮ ਜੁਆਨਾਂ ਤੇ ਢਾਇਆ ਗਿਆ ।
ਬੇਰੀ ਦੁੱਖ-ਭੰਜਨੀ ਵਿਚ ਪ੍ਰਕਰਮਾਂ ਜੋ,
ਉਤੇ ਓਸ ਦੇ ਟੈਂਕ ਚੜ੍ਹਾਇਆ ਗਿਆ ।

ਦਰਸ਼ਨੀ ਡਿਓੜੀ ਨੂੰ ਮਾਰ ਕੇ ਕਈ ਤੋਪਾਂ,
ਅਣਖੀ ਸਿੰਘਾਂ ਨੂੰ ਮਾਰ ਮੁਕਾਇਆ ਗਿਆ ।
ਲੰਗਰ ਅਤੇ ਸਰਾਂ ਤੇ ਕਹਿਰ ਹੋਇਆ,
ਨਿਰਦੋਸ਼ ਜਿੰਦਾਂ ਨੂੰ ਮਾਰ ਮੁਕਾਇਆ ਗਿਆ ।

ਪੂਜਨੀਕ ਪਵਿੱਤਰ ਅਸਥਾਨ ਸਾਡਾ,
ਲਾਈਟ-ਗੰਨਾਂ-ਮਸ਼ੀਨਾਂ ਨਾਲ ਢਾਹਿਆ ਗਿਆਂ ।
ਕਰਫਿਊ ਲਾ ਅਵਾਂਮ ਨੂੰ ਬੰਦ ਕਰਕੇ,
ਗੁਰੂ-ਧਾਮਾਂ ਤੇ ਕਹਿਰ ਕਮਾਇਆ ਗਿਆ ।

ਜਿਸ ਤਖਤ ਤੇ ਅਕਾਲ ਵਸਦਾ,
ਉਸ ਨੂੰ ਮਿੱਟੀ ਦੇ ਵਿਚ ਮਿਲਾਇਆ ਗਿਆ ।
ਪਰਖਣ ਵਾਸਤੇ ਕੌਂਮ ਦਾ ਦਿਲ ਜਿਗਰਾ,
ਧਰਤੀ ਉਤੇ ਤੂਫਾਨ ਚੜ੍ਹਾਇਆ ਗਿਆ ।

ਸੀ-ਪੀ-ਆਰ ਆਈ ਬੀ-ਐਸ-ਐਫ ਆਈ,
ਟੈਂਕਾਂ ਤੋਪਾਂ ਦੇ ਬੜੇ ਤੂਫਾਨ ਆਏ ।
ਕਿਹੜੀ ਗਲ ਦਾ ਕਰੀਏ ਜ਼ਿਕਰ ਅਸੀਂ,
ਸਿੱਖ ਕੌਮ ਨੂੰ ਮਾਰ ਮੁਕਾਣ ਆਏ ।

ਵਿੰਨ੍ਹੇ ਗਏ ਸਰੂਪ ਗੁਰਬਾਣੀ ਦੇ ਕਈ,
ਅਸੀਂ ਉਨ੍ਹਾਂ ਨੂੰ ਸੀਨੇ ਤੇ ਜਰ ਲਿਐ ।
ਤੋਸ਼ਾਖਾਨਾ ਬਰਬਾਦ ਕਰਵਾ ਕੇ ਵੀ,
ਸੁਹਣੀ ਚਾਨਣੀ ਦਾ ਘਾਟਾ ਜਰ ਲਿਐ ।

ਮੋਰਾਂਕਸ਼ੀ ਤੇ ਨੀਲਮ ਦੇ ਕਈ ਗਹਿਣੇ,
ਰਿਹਾ ਕੋਈ ਨਹੀਂ ਘਾਟਾ ਜਰ ਲਿਐ,
ਪਹਿਲੀ ਵਾਰ ਕਈ ਆਏ ਦਰਸ਼ਨਾਂ ਨੂੰ,
ਮੁੜੇ ਨਹੀਂ ਵਾਪਸ ਭਾਣਾ ਜਰ ਲਿਐ ।

ਤਿੰਨ ਜੂਨ ਸੀ ਦਿਨ ਸ਼ਹੀਦੀ ਵਾਲਾ,
ਹਰ ਕੋਈ ਦਿਲ ਵਿਚ ਗੁਰੂ ਨੂੰ ਧਾਰਦਾ ਏ ।
ਉਪਰ ਵੇਖਾਂ ਤੇ ਲਾਲ ਅਸਮਾਨ ਹੋਇਆ,
ਧੂੰਆਂ ਤੋਪਾਂ ਦਾ ਘੁਟ ਘੁਟ ਮਾਰਦਾ ਏ ।

ਜਿਨ੍ਹਾਂ ਗੁਰੂ ਦੇ ਲੇਖੇ ਹੈ ਜਾਨ ਲਾਈ,
ਭੱਜੇ ਨਹੀਂ ਜੋ ਜੰਗ-ਮੈਦਾਨ ਵਿਚੋਂ ।
ਜਿਨ੍ਹਾਂ ਵਾਰ ਪਰਿਵਾਰ ਤੇ ਜਾਨ ਦਿੱਤੀ,
ਐਸੇ ਸੂਰਮੇ ਕਈ ਹਜ਼ਾਰ ਵਿਚੋਂ ।

ਜਨਰਲ ਸਿੰਘ ਸੁਬੇਗ ਜਹੇ ਵੀਰ ਸੂਰੇ,
ਨਹੀਂ ਲੱਭਦੇ ਲੱਖ ਹਜ਼ਾਰ ਵਿਚੋਂ ।
ਕਰਨੀ ਵਾਲਿਆਂ ਕਰ ਕਮਾਲ ਦਿੱਤਾ,
ਮਿਲਦੀ ਨਹੀਂ ਮਿਸਾਲ ਕਰੋੜ ਵਿਚੋਂ ।

ਐਸੇ ਯੋਧਿਆਂ ਨੂੰ ਧੰਨ ਧੰਨ ਆਖੋ,
ਬਾਜ਼ੀ ਸੀਸ ਤੇ ਧੜ ਦੀ ਲਾ ਗਏ ਜੋ ।
ਸਿਦਕੀ ਸੂਰਮੇ ਕਈ ਬਲਵਾਨ ਯੋਧੇ,
ਸਿਰ ਦੇ ਕੇ ਤੋੜ ਨਿਭਾ ਗਏ ਜੋ ।

–ਕਰਨੈਲ ਸਿੰਘ "ਖਾਮੋਸ਼"

Sant Sipahi - The oldest Panthic Magazine/ www.santsipahi.org

# ਮਾਸਟਰ ਜੀ ਦੀਆਂ ਲਿਖਤਾਂ

## ਸਿੱਖੀ ਰਹਿਤ



ਮੈਂ ਇਉਂ ਸਮਝਦਾ ਹਾਂ ਕਿ ਹਰ ਇਕ ਆਦਮੀ ਆਪਣੇ ਆਲੇ ਦੁਆਲੇ ਦੇ ਹਾਲਾਤ ਤੇ ਹਰ ਤਰ੍ਹਾਂ ਦੇ ਅਸਰਾਤ ਦਾ ਬਣਿਆ ਹੋਇਆ ਹੈ ਤੇ ਹਰ ਛੋਟਾ ਮੋਟਾ ਖਿਆਲ, ਹਰ ਹਵਾ ਦਾ ਬੁੱਲਾ, ਹਰ ਪਾਣੀ ਦੀ ਕਣੀ ਤੇ ਹਰ ਮਿਟੀ ਦਾ ਕਿਣਕਾ ਜੋ ਕੋਲੋਂ ਲੰਘ ਭੀ ਜਾਂਦਾ ਹੈ, ਉਹ ਆਦਮੀ ਦੇ ਮਨ ਉਤੇ ਕਝ ਨਾਲ ਕਝ ਪਕਾ ਅਸਰ ਛਡ ਜਾਂਦਾ ਹੈ। ਇਸੇ ਲਈ ਤਾਂ ਮਹਾਤਮਾ ਨੇ ਹਰ ਛੋਟੇ ਮੋਟੇ ਬੁਰੇ ਖਿਆਲ ਤੋਂ ਬਚਣ ਲਈ ਕਿਹਾ ਹੈ, 'ਪਰ ਨਾਰੀ ਕੀ ਸੇਜ ਭੂਲ ਸੁਪਨੇ ਭੀ ਨਾ ਜੈਈਓ।' ਫਿਰ ਇਸੇ ਲਈ ਤਾਂ ਮਹਾਤਮਾ ਨੇ ਹਰ ਵੇਲੇ ਮਨ ਨੂੰ ਪਵਿੱਤ੍ਰਤਾ, ਪ੍ਰੇਮ ਤੇ ਸ਼ਰਧਾ ਨਾਲ ਭਰੇ ਰੱਖਣ ਲਈ ਸਵਾਸ ਸਵਾਸ ਵਾਹਿਗੁਰੂ ਜਪਣ ਲਈ ਉਪਦੇਸ਼ ਕੀਤਾ ਹੈ। ਗਲ ਕਾਹਦੀ ਜੋ ਭੀ ਅਸੀਂ ਕਹਿੰਦੇ, ਗਾਂਦੇ, ਵੇਖਦੇ ਚਖਦੇ ਤੇ ਛੋਂਹਦੇ ਹਾਂ, ਸਭ ਦਾ ਅਸਰ ਸਾਡੇ ਉਤੇ ਪੈਂਦਾ ਰਹਿੰਦਾ ਹੈ। ਇਉਂ ਮਤ ਸਮਝੋਂ ਕਿ ਜੋ ਤੁਸਾਂ ਕਪੜੇ ਪਾਏ ਹਨ, ਉਹ ਲਾਹ ਦਿਤੇ ਤੇ ਗਲ ਮੁਕ ਗਈ; ਜਾਂ ਜੋ ਰੋਟੀ ਤੁਸਾਂ ਖਾਧੀ ਸੀ ਉਹ ਹਜ਼ਮ ਹੋ ਗਈ ਤੇ ਉਸਦਾ ਅਸਰ ਹਟ ਗਿਆ ਤੁਹਾਡੇ ਪਾਏ ਕਪੜੇ ਤੇ ਤੁਹਾਡੀ ਖਾਧੀ ਰੋਟੀ ਕਝ ਨਾ ਕੁਝ ਪਕਾ ਅਸਰ ਸਦਾ ਲਈ ਛਡ ਗਏ ਹਨ। ਇਨ੍ਹਾਂ ਅਸਰਾਂ ਦਾ ਬਣਿਆ ਹੋਇਆ ਹੀ ਤਾਂ ਬੰਦਾ ਹੈ।

ਜਿਸ ਤਰ੍ਹਾਂ ਨੇਕ ਕਰਮਾਂ ਤੇ ਨੇਕ ਖਿਆਲਾਂ ਦਾ ਅਸਰ ਪਕਾ ਹੈ, ਇਸੇ ਤਰ੍ਹਾਂ ਕੁਕਰਮਾਂ ਤੇ ਬੁਰੇ ਖਿਆਲਾਂ ਦਾ ਅਸਰ ਭੀ ਪੱਕਾ ਹੈ। ਇਸ ਲਈ ਹਰ ਵੇਲੇ, ਹਰ ਘੜੀ, ਹਰ ਪਲ ਆਪਣੇ ਮਨ ਉਤੇ ਪਹਿਰਾ ਦਿਉ। ਸਵਾਸ ਸਵਾਸ ਵਾਹਿਗੁਰੂ ਜਪੋ ਤੇ ਪ੍ਰਮਾਤਮਾ ਦੇ ਪਰੇਮ ਵਿਚ ਡੁਬੇ ਰਹੋ। ਇਹ ਹੈ ਨਿਸ਼ਾਨਾ। ਇਸ ਨਿਸ਼ਾਨੇ ਵੱਲ ਧਿਆਨ ਲਾਈ ਰੱਖਣ ਲਈ ਕਈ ਤਰ੍ਹਾਂ ਦੇ ਸਾਧਨ, ਰਸਮਾਂ ਤੇ ਰਹਿਤਾਂ ਹਨ। ਗੁਰੂ ਨਾਲ ਮਨ ਜੋੜੀ ਰੱਖਣ ਦੇ ਸਾਧਨਾਂ ਵਿਚੋਂ ਹੀ ਸਿੱਖੀ ਰਹਿਤ ਭੀ ਇਕ ਸਾਧਨ ਹੈ। ਪਰ ਚੇਤਾ ਰੱਖੋ, ਨਾਮ ਜੱਪਣਾ, ਬਾਣੀ ਪੜ੍ਹਨਾ, ਦਾਨ ਕਰਨਾ, ਸੇਵਾ ਕਰਨਾ, ਆਦਿਕ ਸਾਧਨ ਹਨ, ਨਿਸ਼ਾਨਾ ਨਹੀਂ ਹਨ। ਨਿਸ਼ਾਨਾ ਤਾਂ ਹੈ ਉਸ ਪ੍ਰਮਾਤਮਾਂ ਦੇ ਪਰੇਮ ਵਿਚ ਡੁਬ ਜਾਣਾ। "ਸਚ ਕਹੂੰ ਸੁਨ ਲਿਓ ਸਭੈ, ਜਿਨ ਪਰੇਮ ਕੀਓ ਤਿਨ ਹੀ ਪ੍ਰਭ ਪਾਇਓ।"

ਉਤੇ ਲਿਖੇ ਹੋਰ ਸਭ ਸਾਧਨਾਂ ਨੂੰ ਛੱਡ ਕੇ ਅਜ ਮੈਂ ਰਹਿਤ ਬਹਿਤ ਉਤੇ ਹੀ ਕੁਝ ਲਿਖਦਾ ਹਾਂ। ਬਥੇਰੇ ਭੋਲੇ ਭੁਲਾ ਹਨ ਜੋ ਰਹਿਤ ਨੂੰ ਨਿਸ਼ਾਨਾ ਸਮਝ ਕੇ ਨਿਸ਼ਾਨੇ ਤੋਂ ਥਿੜਕ ਜਾਂਦੇ ਹਨ ਤੇ ਇਸ ਤਰ੍ਹਾਂ ਵਹਿਮ ਜਾਂ ਪਖੰਡ ਵਿਚ ਫਸ ਜਾਂਦੇ ਹਨ। ਰਹਿਤ ਹੈ ਉਸ ਗੁਰੂ ਦੀ ਨਿਸ਼ਾਨੀ ਤੇ ਉਸ ਗੁਰੂ ਦੀ ਚਿਤਾਵਨੀ। ਜਿਸ ਸਿੱਖ ਨੂੰ ਕੜੇ ਉਤੇ ਨਜ਼ਰ ਪਿਆਂ ਗੁਰੂ ਗੋਬਿੰਦ ਸਿੰਘ ਜੀ ਯਾਦ ਆ ਜਾਂਦੇ ਹਨ ਜਾਂ ਆਪਣਾ ਸਿੱਖ ਹੋਣ ਦਾ ਚੇਤਾ ਆ ਜਾਂਦਾ ਹੈ, ਉਸ ਲਈ ਕੜਾ ਪਾਣਾ ਤਾਂ ਬਾਣੀ ਪੜ੍ਹਨ ਨਾਲੋਂ ਘਟ ਲਾਭਦਾਇਕ ਨਹੀਂ। ਪਰ ਜੇ ਕੜਾ ਕਿਸੇ ਪਖੰਡ ਲਈ ਜਾਂ ਵਹਿਮ ਵਿਚ ਜਾਂ ਆਲੇ ਦੁਆਲੇ ਦੀ ਤਸੱਲੀ ਕਰਨ ਲਈ ਪਾਂਦਾ ਹੈ, ਉਹ ਅਸਲ ਨਿਸ਼ਾਨੇ ਤੋਂ ਥਿੜਕ ਕੇ ਖਡੇ ਵਿਚ ਡਿੱਗਦਾ ਹੈ। ਰਹਿਤ ਹੈ ਹੀ ਉਹ ਜੋ ਸ਼ਰਧਾ ਵਿਚ ਰਖੀ ਜਾਵੇ ਤੇ ਜਿਸ ਵਿਚੋਂ ਸ਼ਰਧਾ ਹੀ ਵਧੇ।

**ਇਸ ਵੇਲੇ ਤਾਂ ਸਿੱਖੀ ਰਹਿਤ ਜ਼ਿੰਦਾ ਹੈ ਤੇ ਇਸ ਦੀ ਹੋਂਦ ਸਿੱਖਾਂ ਵਿਚ ਸਿੱਖੀ ਜਜ਼ਬੇ ਪੈਦਾ ਕਰਨ ਵਿਚ ਬਹੁਤ ਸਹਾਈ ਹੋ ਰਹੀ ਹੈ। ਪਖੰਡ ਤੇ ਵਹਿਮ ਤੋਂ ਨਾ ਡਰੋ, ਪਰ ਆਪਣੀ ਖੇਤੀ ਦੀ ਉਨਤੀ ਲਈ ਇਸ ਡੀਲੇ ਨੂੰ ਕੱਢ ਮਾਰਨ ਦਾ ਰੰਬਾ ਭੀ ਵਰਤੀ ਚਲੋ।**

ਪਖੰਡ ਜਾਂ ਵਹਿਮ ਵਿਚ ਰਖੀ ਰਹਿਤ ਪਖੰਡ ਤੇ ਵਹਿਮ ਵਧਾਂਦੀ ਹੈ ਤੇ ਸ਼ਰਧਾ ਵਿਚ ਰਖੀ ਰਹਿਤ ਸ਼ਰਧਾ ਵਧਾਂਦੀ ਹੈ। ਜਿਸ ਤਰ੍ਹਾਂ ਪਖੰਡ ਜਾਂ ਵਹਿਮ ਵਿਚ ਕੀਤੇ ਦਾਨ, ਸੇਵਾ ਤੇ ਬਾਣੀ ਭੀ ਪਖੰਡ ਤੇ ਵਹਿਮ ਹੀ ਵਧਾਂਦੇ ਹਨ।

ਮਨ ਨੂੰ ਪਵਿੱਤਰ ਤਾਂ ਉਹੋ ਖਿਆਲਾਂ ਦਾ ਹਲੂਣਾ ਕਰਦਾ ਹੈ ਜੋ ਮਨ ਵਿਚ ਉਠੇ। ਜੇ ਕੋਈ ਵਸਤੂ ਜਾਂ ਕੋਈ ਕਰਤਬ ਜਾਂ ਕੋਈ ਖਿਆਲ ਮਨ ਵਿਚ ਸ਼ਰਧਾ ਪੈਦਾ ਕਰੇ ਤਾਂ ਉਹ ਪਵਿੱਤਰ ਹੈ ਤੇ ਜੇ ਉਹ ਪਖੰਡ ਜਾਂ ਹੋਰ ਕਿਸੇ ਤਰ੍ਹਾਂ ਦਾ ਨੀਵਾਂ ਪਨ ਪੈਦਾ ਕਰੇ ਤਾਂ ਉਹ ਅਪਵਿਤਰ ਹੈ। ਹਰ ਪਵਿੱਤ੍ਰਤਾ ਨੂੰ ਪਰੱਖਣ ਲਈ ਇਹੋ ਹੀ ਕਸਵੱਟੀ ਹੈ। ਭੁਲੇ ਹੋਏ ਨੂੰ ਪਿਆਰੇ ਦੀ ਯਾਦ ਕਰਾਣ ਲਈ ਕੋਈ ਪਿਆਰੇ ਦੀ ਦਿਤੀ ਨਿਸ਼ਾਨੀ ਠੀਕ ਹੈ। ਜੇ ਪਿਆਰੇ ਨੇ ਕੋਈ ਨਿਸ਼ਾਨੀ ਨਾ ਦਿਤੀ ਹੋਵੇ ਤਾਂ ਭੀ ਕੋਈ ਨਿਸ਼ਾਨੀ ਲੱਭ ਲੈਣੀ ਚਾਹੀਦੀ ਹੈ ਜਾਂ ਬਣਾ ਲੈਣੀ ਚਾਹੀਦੀ ਹੈ।

ਹੁਣ ਕਿਹਾ ਜਾ ਸਕਦਾ ਹੈ ਕਿ ਜੇ ਪ੍ਰਮਾਤਮਾਂ ਜਾਂ ਗੁਰੂ ਨੂੰ ਚੇਤਾ ਕਰਾਣ ਲਈ ਕਿਸੇ ਰਹਿਤ ਜਾਂ ਰਸਮ ਦੀ ਸਹਾਇਤਾ ਦੀ ਲੋੜ ਹੈ ਤਾਂ ਫਿਰ ਗੁਰੂ ਜੀ ਨੇ ਹਿੰਦੂ ਮੁਸਲਮਾਨਾਂ ਦੀ ਰਹਿਤ ਜਾਂ ਰਸਮ ਨੂੰ ਨਿੰਦਿਆ ਕਿਉਂ ਹੈ? ਮੇਰੇ ਖਿਆਲ ਵਿਚ ਤਾਂ ਗੁਰੂ ਸਾਹਿਬ ਨੇ ਇਨ੍ਹਾਂ ਰਹਿਤਾਂ ਤੇ ਰਸਮਾਂ ਵਿਚ ਗਲੇਫੇ ਵਹਿਮ ਤੇ ਪਖੰਡ ਨੂੰ ਨਿੰਦਿਆ ਹੈ। ਜਿਥੇ ਗੁਰੂ ਗ੍ਰੰਥ ਸਾਹਿਬ ਵਿਚ ਪਖੰਡ ਤੇ ਨਿਮਾਜ਼ ਰੋਜ਼ੇ ਨੂੰ ਜਾਂ ਜੰਜੂ, ਤਿਲਕ ਜਾਂ ਮੁੰਦ੍ਰਾਂ ਆਦਿ ਨੂੰ ਨਿੰਦਿਆ ਹੈ ਉਥੇ ਇਨ੍ਹਾਂ ਦੀ ਚੰਗੀ ਸ਼ਕਲ ਉਤੇ ਚਾਨਣਾ ਭੀ ਪਾਇਆ ਹੈ। ਸਭ ਨੇਕ ਕੰਮਾਂ ਤੇ ਨੇਕ ਰਹਿਤਾਂ ਵਿਚ ਪਖੰਡ ਤੇ ਵਹਿਮ ਆ ਹੀ ਵੜਦਾ ਹੈ ਤੇ ਇਨ੍ਹਾਂ ਨੇਕੀਆਂ ਨੂੰ ਇਨ੍ਹਾਂ ਬੀਮਾਰੀਆਂ ਤੋਂ ਪਵਿੱਤਰ ਰੱਖਣ ਦਾ ਉਪਰਾਲਾ ਕਰਦੇ ਹੀ ਰਹਿਣਾ ਚਾਹੀਦਾ ਹੈ। ਸ਼ਰਧਾ ਵਿਚ ਰਖੇ ਵਰਤ ਨੇਮਾਂ ਜਾਂ ਹੋਰ ਪੂਜਾ ਪਾਠ ਮਾੜੇ ਨਹੀਂ ਹਨ, ਪਰ ਪਖੰਡ ਜਾਂ ਵਹਿਮ

**ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਆਪਣੀ ਰਹਿਤ ਬਹਿਤ ਤੇ ਆਪਣੇ ਰਸਮ ਰਿਵਾਜ਼ ਦਿਤੇ ਜੋ ਸਿੱਖੀ ਤੇ ਵਾਹਿਗੁਰੂ ਚੇਤਾ ਕਰਾਣ ਵਿਚ ਸਹਾਈ ਹੁੰਦੇ ਹਨ।**

Sant Sipahi - The oldest Panthic Magazine/ www.santsipahi.org

ਵਿਚ ਰਖੇ ਮਾੜੇ ਬਣ ਜਾਂਦ ਹਨ। ਹਾਂ ? ਇਹ ਵੀ ਠੀਕ ਹੈ ਕਿ ਜ਼ਮਾਨੇ ਦੇ ਫੇਰ ਨਾਲ ਕਈ ਵੇਰਾਂ ਪਖੰਡ ਤੇ ਵਹਿਮ ਇਤਨਾ ਵਧ ਜਾਂਦਾ ਹੈ ਕਿ ਉਹ ਅਸਲੀਅਤ ਨੂੰ ਮਾਤ ਹੀ ਦੇਂਦਾ ਹੈ। ਇਸ ਤਰ੍ਹਾਂ ਮਰ ਚੁਕੀ ਰਹਿਤ ਬਹਿਤ ਤੋਂ ਖ਼ਲਾਸੀ ਪਾ ਲੈਣਾ ਹੀ ਪਾਖੰਡ ਤੇ ਵਹਿਮ ਤੋਂ ਬਚਣ ਦਾ ਸੌਖਾ ਢੰਗ ਹੋਂਦਾ ਹੈ। ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਵੇਲੇ ਜੋਗੀਆਂ ਚੋਂ ਰਹਿਤ ਬਹਿਤ ਤਾਂ ਪੂਰੇ ਤੌਰ ਤੇ ਮਰ ਚੁੱਕੀ ਸੀ ਜਿਸ ਦਾ ਜ਼ਰੂਰੀ ਨਤੀਜਾ ਏਹੋ ਹੀ ਸੀ ਕਿ ਇਸ ਮੁਰਦੇ ਨੂੰ ਪਰੇ ਸੁਟ ਦਿਤਾ ਜਾਵੇ ਜਾਂ ਦਬ ਦਿਤਾ ਜਾਵੇ ਹੋਰ ਧਰਮਾਂ ਦੀ ਰਹਿਤ ਬਹਿਤ ਜੇ ਪੂਰੀ ਨਹੀਂ ਮੋਈ ਸੀ ਤਾਂ ਧੜਕਦੀ ਪਈ ਸੀ।

ਇਸ ਹਾਲਾਤ ਵਿਚ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਆਪਣੀ ਰਹਿਤ ਬਹਿਤ ਤੇ ਆਪਣੇ ਰਸਮ ਰਿਵਾਜ਼ ਦਿਤੇ ਜੋ ਸਿੱਖੀ ਤੇ ਵਾਹਿਗੁਰੂ ਚੇਤਾ ਕਰਾਣ ਵਿਚ ਸਹਾਈ ਹੁੰਦੇ ਹਨ। ਹਰ ਨੇਕੀ ਦੇ ਦਵਾਲੇ ਪਖੰਡ ਤੇ ਵਹਿਮ ਹੀ ਆ ਉਗਦੇ ਹਨ ਤੇ ਸਿੱਖੀ ਰਹਿਤ ਬਹਿਤ ਦੇ ਦਵਾਲੇ ਭੀ ਇਹ ਉਘ ਪਏ ਹਨ। ਇਸ ਗਲ ਦਾ ਫਿਕਰ ਨਹੀਂ ਜੇ ਇਸ ਵਹਿਮ ਤੇ ਪਖੰਡ ਦਾ ਇਤਨਾ ਜ਼ੋਰ ਨਾ ਪੈ ਜਾਵੇ ਕਿ

**ਭੁਲੇ ਹੋਏ ਨੂੰ ਪਿਆਰ ਦੀ ਯਾਦ ਕਰਾਣ ਲਈ ਕੋਈ ਪਿਆਰੇ ਦੀ ਦਿਤੀ ਨਿਸ਼ਾਨੀ ਠੀਕ ਹੈ। ਜੇ ਪਿਆਰੇ ਨੇ ਕੋਈ ਨਿਸ਼ਾਨੀ ਨਾ ਦਿਤੀ ਹੋਵੇ ਤਾਂ ਭੀ ਕੋਈ ਨਿਸ਼ਾਨੀ ਲੱਭ ਲੈਣੀ ਚਾਹੀਦੀ ਹੈ ਜਾਂ ਬਣਾ ਲੈਣੀ ਚਾਹੀਦੀ ਹੈ।**

ਅਸਲ ਖੇਤੀ ਨੂੰ ਹੀ ਇਹ ਖਾ ਜਾਵੇ। ਜੇ ਸਿੱਖੀ ਰਹਿਤ ਦੇ ਦਵਾਲੇ ਉੱਗਿਆ ਪਖੰਡ ਤੇ ਵਹਿਮ ਬਾਹਲਾ ਜ਼ੋਰ ਪਕੜ ਗਿਆ ਤਾਂ ਦੂਜੀਆਂ ਕਈ ਕੌਮਾਂ ਦੀਆਂ ਰਹਿਤਾਂ ਵਾਂਗ ਸਿੱਖੀ ਰਹਿਤ ਭੀ ਮਰ ਜਾਏਗੀ ਤੇ ਕੋਈ ਸੁਧਾਰਕ ਇਸ ਨੂੰ ਭੀ ਪਰੇ ਸੁਟ ਦੇਣ ਦਾ ਉਪਦੇਸ਼ ਕਰਨ ਵਾਲਾ ਨਿਕਲ ਪਏਗਾ। ਇਸ ਵੇਲੇ ਤਾਂ ਸਿੱਖੀ ਰਹਿਤ ਜ਼ਿੰਦਾ ਹੈ ਤੇ ਇਸ ਦੀ ਹੋਂਦ ਸਿੱਖਾਂ ਵਿਚ ਸਿੱਖੀ ਸ਼ਰਧਾ ਤੇ ਸਿੱਖੀ ਜਜ਼ਬੇ ਪੈਦਾ ਕਰਨ ਵਿਚ ਬਹੁਤ ਸਹਾਈ ਹੋ ਰਹੀ ਹੈ। ਪਖੰਡ ਤੇ ਵਹਿਮ ਤੋਂ ਨਾ ਡਰੋ, ਪਰ ਆਪਣੀ ਖੇਤੀ ਦੀ ਉਨਤੀ ਲਈ ਇਸ ਡੀਲੇ ਨੂੰ ਕੱਢ ਮਾਰਨ ਦਾ ਰੰਬਾ ਭੀ ਵਰਤੀ ਚਲੋ।

ਜੇ ਪਖੰਡ ਤੋਂ ਡਰ ਕੇ ਤੁਸੀਂ ਰਹਿਤ ਛਡੋਗੇ। ਕੱਲ ਤੁਸੀਂ ਇਸੇ ਡਰ ਤੋਂ ਬਾਣੀ ਛਡੋਗੇ, ਫਿਰ ਸੇਵਾ ਛਡੋਗੇ, ਤੇ ਬਾਕੀ ਰਹਿ ਜਾਏਗੀ ਨਾਸਤਕਤਾ।

## ਮੈਂ ਪੰਥਕ ਏਕਤਾ ਦੇ ਹੱਕ ਵਿਚ ਹਾਂ ਪਰ ਪਾਰਟੀਆਂ ਦੇ ਸਮਝੌਤੇ ਦੇ ਵਿਰੁਧ ਹਾਂ



ਮੇਰੀਆਂ ਲਿਖਤਾਂ ਨੂੰ ਕਈ ਸੱਜਣਾਂ ਨੇ ਗਲਤ ਸਮਝਿਆ ਹੈ ਤੇ ਕਈ ਸਜਣ ਉਂਝ ਹੀ ਗਲਤ ਰਾਹ ਉਤੇ ਹਨ ਜੋ ਪਾਰਟੀਆਂ ਦੇ ਸਮਝੌਤੇ ਦੀ ਇੱਛਾ ਕਰ ਰਹੇ ਹਨ। ਇਹ ਪਾਰਟੀ ਸਮਝੌਤਾ ਕਈ ਵਾਰ ਹੋ ਚੁਕਾ ਹੈ ਤੇ ਕਦੀ ਕਾਇਮ ਨਹੀਂ ਰਿਹਾ। ਅਕਾਲ ਤਖ਼ਤ ਸਾਹਿਬ ਉਤੇ ਅਰਦਾਸੇ ਹੋਏ, ਲਿਖਤਾਂ ਹੋਈਆਂ ਤੇ ਲਿਖਤਾਂ ਪ੍ਰਕਾਸ਼ਤ ਹੋਈਆਂ, ਪਰ ਥੋੜੇ ਦਿਨਾਂ ਵਿਚ ਹੀ ਇਕ ਦੂਜੇ ਨੂੰ ਇਹ ਕਹਿ ਕੇ ਲੜਾਈ ਮਚਾ ਦਿੱਤੀ ਗਈ ਕਿ 'ਉਹ ਸਮਝੌਤਾ ਤੋੜ ਗਿਆ ਜੇ।' 'ਉਹ ਸਮਝੌਤਾ ਤੋੜ ਗਿਆ ਜੇ।' ਪਾਰਟੀਆਂ ਦਾ ਸਮਝੌਤਾ ਕਰਨਾ ਕੇਵਲ ਅਗ ਨੂੰ ਕੱਖਾਂ ਨਾਲ ਢਕਣਾ ਹੈ, ਅੱਗ ਬੁਝਾਣਾ ਨਹੀਂ ਹੈ। ਥੋੜੇ ਚਿਰ ਵਿਚ ਹੀ ਇਹ ਕਖ ਸਗੋਂ ਵਧੇਰੇ ਅੱਗ ਨੂੰ ਚਮਕਾਣਗੇ। ਜੇਕਰ ਪਾਰਟੀਆਂ ਦਾ ਇਹ ਸਮਝੌਤਾ ਹੋ ਜਾਵੇ ਤਾਂ ਉਹ ਕਦੀ ਕਾਇਮ ਨਹੀਂ ਰਹੇਗਾ ਤੇ ਇਹ ਸਮਝੌਤਾ ਸਗੋਂ ਵਧੇਰੇ ਲੜਾਈ ਦਾ ਮੁਢ ਬਣੇਗਾ। ਅਗੇ ਹੋ ਚੁਕੇ ਸਮਝੌਤਿਆਂ ਨਾਲੋਂ ਵਧ ਪਕਿਆਈ ਕਰਨ ਦਾ ਕੋਈ ਢੰਗ ਨਹੀਂ ਹੈ।

ਇਸ ਲਈ ਮੈਂ ਚਾਹੁੰਦਾ ਹਾਂ ਕਿ ਇਹ ਪਾਰਟੀਆਂ ਤਿਤਰ ਬਿਤਰ ਹੋ ਜਾਣ ਜਿਸ ਕਰ ਕੇ ਮੁੜ ਇਹ ਪਾਰਟੀਆਂ ਨਾ ਬਣ ਸਕਣ। ਜੇਕਰ ਕੋਈ ਅਸੂਲੀ ਪਾਰਟੀਆਂ ਬਣ ਜਾਣ ਤਾਂ ਡਰ ਨਹੀਂ ਹੈ। ਇਹਨਾਂ ਪਾਰਟੀਆਂ ਨੂੰ ਤਿਤਰ ਬਿਤਰ ਕਰਨ ਲਈ ਜਿਤਨੇ ਚੰਗੇ ਆਦਮੀ ਇਕੱਠੇ ਹੋ ਸਕਣ, ਉਹਨਾਂ ਨੂੰ ਇਕੱਠਾ ਕਰਨਾ ਜ਼ਰੂਰੀ ਹੈ। ਜਿਹੜੇ ਇਕੱਠੇ ਨਾ ਹੋ ਸਕਣ ਉਹ ਕੁਝ ਚਿਰ ਆਰਾਮ ਕਰਨ। ਜੋ ਮਾੜੇ ਆਦਮੀ ਆ ਵੜੇ

**ਜੇਕਰ ਪਾਰਟੀਆਂ ਆਪੋ ਵਿਚ ਸਮਝੌਤਾ ਕਰਨਗੀਆਂ ਤਾਂ ਮਾੜੇ ਆਦਮੀ ਵੀ ਢਕੇ ਰਹਿਣਗੇ ਤੇ ਕਦੀ ਹੋ ਨਹੀਂ ਸਕਦਾ ਕਿ ਛੇਤੀ ਹੀ ਅੱਗ ਤੜਕ ਨਾ ਉਠੇ।**

**ਪਾਰਟੀਆਂ ਦਾ ਸਮਝੌਤਾ ਕਰਨਾ ਕੇਵਲ ਅੱਗ ਨੂੰ ਕੱਖਾਂ ਨਾਲ ਢਕਣਾ ਹੈ, ਅੱਗ ਬੁਝਾਣਾ ਨਹੀਂ ਹੈ। ਥੋੜੇ ਚਿਰ ਵਿਚ ਹੀ ਇਹ ਕੱਖ ਸਗੋਂ ਵਧੇਰੇ ਅੱਗ ਨੂੰ ਚਮਕਾਣਗੇ। ਜੇਕਰ ਪਾਰਟੀਆਂ ਦਾ ਸਮਝੌਤਾ ਹੋ ਜਾਵੇ। ਤਾਂ ਉਹ ਕਦੀ ਕਾਇਮ ਨਹੀਂ ਰਹੇਗਾ ਤੇ ਇਹ ਸਮਝੌਤਾ ਸਗੋਂ ਵਧੇਰੇ ਲੜਾਈ ਦਾ ਮੁਢ ਬਣੇਗਾ।**

ਹਨ ਤੇ ਏਕਤਾ ਦੇ ਰਾਹ ਵਿਚ ਰੋੜੇ ਹਨ, ਉਹਨਾਂ ਦਾ ਲਾਂਭੇ ਕਰਨਾ ਸਖ਼ਤ ਜ਼ਰੂਰੀ ਹੈ। ਜੇਕਰ ਪਾਰਟੀਆਂ ਆਪੋ ਵਿਚ ਸਮਝੌਤਾ ਕਰਨਗੀਆਂ ਤਾਂ ਮਾੜੇ ਆਦਮੀ ਵੀ ਢਕੇ ਰਹਿਣਗੇ ਤੇ ਕਦੀ ਹੋ ਨਹੀਂ ਸਕਦਾ ਕਿ ਛੇਤੀ ਹੀ ਅੱਗ ਭੜਕ ਨਾ ਉਠੇ। ਪਰੇ ਬੈਠੇ ਸੱਜਣਾਂ ਨੂੰ ਪੂਰਾ ਪਤਾ ਨਹੀਂ ਹੈ। ਮੈਨੂੰ ਪਤਾ ਹੈ ਤੇ ਮੈਂ ਜਾਣਦਾ ਹਾਂ ਕਿ ਕੁਝ ਸਜਾਨ ਅਜੇਹੇ ਹਨ ਕਿ ਜਿਹਨਾਂ ਦੀ ਪੱਜ਼ੀਸ਼ਨ ਕੇਵਲ ਇਸ ਫੁਟ ਤੇ ਨਿਢਲਤਾ ਦੇ ਕਾਰਨ ਹੀ ਕਾਇਮ ਹੈ। ਉਹ ਕਦੀ ਫੁਟ ਦੂਰ ਕਰਨ ਦੇ ਹੱਕ ਵਿਚ ਨਹੀਂ ਹੋ ਸਕਦੇ ਤੇ ਸਦਾ ਅੱਗ ਭੜਕਾਂਦੇ ਰਹਿੰਦੇ ਹਨ। ਇਸ ਕਰ ਕੇ ਮੈਂ ਤਜਵੀਜ਼ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਤੇ ਵੱਡੀਆਂ ਵੱਡੀਆਂ ਕਮੇਟੀਆਂ ਦੇ ਸਭ ਮੈਂਬਰ ਆਪਣੇ ਅਸਤੀਫ਼ੇ, ਹੋਣ ਵਾਲੀ ਪੰਥਕ ਇਕੱਤਰਤਾ ਦੇ ਸਾਹਮਣੇ ਰਖ ਦੇਣ। ਜਿਹੜੇ ਇਸ ਤਰ੍ਹਾਂ ਨਹੀਂ ਕਰਨਗੇ ਉਹ ਪਰਗਟ ਹੋ ਜਾਣਗੇ, ਤੇ ਜੇ ਸਭ ਅਸਤੀਫ਼ੇ ਦੇ ਦੇਣ ਤਾਂ ਪੰਥਕ ਇਕੱਠ ਦੇ ਹੱਥ ਭਾਰੀ ਤਾਕਤ ਆ ਜਾਵੇਗੀ। ਉਸ ਇਕੱਠ ਦੇ ਵਸ ਹੋਵੇਗਾ ਕਿ ਉਹ ਪਾਰਟੀਆਂ ਨੂੰ ਤਿਤਰ ਬਿਤਰ ਕਰ ਕੇ ਚੰਗੇ ਆਦਮੀਆਂ ਦਾ ਅਜੇਹਾ ਜੁਟ ਬਣਾ ਦੇਵੇ ਜੋ ਠੀਕ ਭਾਵ ਵਿਚ ਪੰਥ ਦਾ ਪ੍ਰਤੀਨਿਧ ਹੋਵੇ ਤੇ ਜੋ ਪੰਥ ਨੂੰ ਮੁੜ ਚੜ੍ਹਦੀਆਂ ਕਲਾਂ ਵਿਚ ਲੈ ਜਾ ਸਕੇ।

Sant Sipahi - The oldest Panthic Magazine/ www.santsipahi.org

# ਕੀ ਸਤਵੰਤ ਸਿੰਘ ਛੁਡਾਇਆ ਜਾਵੇਗਾ?

ਚਾਰਲਸ ਸੋਬਰਾਜ ਮਸ਼ਹੂਰ ਅੰਤ੍ਰ ਰਾਸਟਰੀ ਮੁਜਰਮ ਦੇ ਜੇਲ ਤੋਂ ਦੌੜ ਜਾਣ ਤੋਂ ਬਾਅਦ ਕਈਂ ਅਖਬਾਰਾਂ ਤੇ ਰਸਾਲਿਆਂ ਵਾਲੇ ਇਹ ਵੀ ਕਿਆਫੇ ਲਾਉਣ ਲੱਗ ਪਏ ਹਨ ਕਿ ਇਹ ਕੋਈ ਅਰੰਭੇ ਵਾਲੀ ਗੱਲ ਨਹੀਂ ਹੋਵੇਗੀ ਜੇ ਸ੍ਰੀ ਮਤੀ ਗਾਂਧੀ ਦੇ ਕਤਲ ਦਾ ਦੋਸ਼ੀ ਸਰਦਾਰ ਸਤਵੰਤ ਸਿੰਘ ਵੀ ਇਕ ਦਿਨ ਜੇਲ੍ਹ ਵਿਚੋਂ ਫਰਾਰ ਹੋ ਜਾਵੇ। ਸਰਦਾਰ ਸਤਵੰਤ ਸਿੰਘ ਵੀ ਉਨ੍ਹਾਂ ਹੀ ਸੈਲਾਂ ਵਿਚ ਹੈ ਜਿਨ੍ਹਾਂ ਸੈਲਾਂ ਵਿਚ ਚਾਰਲਸ ਸੋਬਰਾਜ ਸੀ ਤੇ ਚਾਰਲਸ ਸੋਬਰਾਜ ਦੀ ਰਾਖੀ ਦੇ ਸਤਵੰਤ ਸਿੰਘ ਦੀ ਰਾਖੀ ਨਾਲੋਂ ਵੱਧ ਭਾਵੇਂ ਪ੍ਰਬੰਧ ਹੋਣ ਘਟ ਕਿਸੇ ਗਲੋਂ ਨਹੀਂ ਸਨ। ਜੇ ਚਾਰਲਸ ਸੋਬਰਾਜ ਜੇਲ੍ਹ ਵਿਚੋਂ ਫਰਾਰ ਹੋ ਸਕਦਾ ਹੈ ਤਾਂ ਸਤਵੰਤ ਸਿੰਘ ਕਿਉਂ ਨਹੀਂ ਹੋ ਸਕਦਾ ਜਦੋਂ ਕਿ ਸੋਬਰਾਜ ਦੇ ਹਮਦਰਦ ਤੇ ਸਾਥੀਆਂ ਦਾ ਸੀਮਤ ਦਾਇਰਾ ਸੀ ਤੇ ਉਨ੍ਹਾਂ ਬਾਰੇ ਪੁਲੀਸ ਨੂੰ ਜਾਣਕਾਰੀ ਵੀ ਸੀ। ਇਸਦੇ ਮੁਕਾਬਲੇ ਵਿਚ ਸਰਦਾਰ ਸਤਵੰਤ ਸਿੰਘ ਦੇ ਪ੍ਰਸੰਸਕਾਂ ਤੇ ਹਮਦਰਦਾਂ ਦਾ ਕੋਈ ਮਿਥਿਆ ਹੋਇਆ ਸੀਮਤ ਦਾਇਰਾ ਨਹੀਂ ਤੇ ਨਾ ਹੀ ਉਹ ਜਰਾਇਮ ਪੇਸ਼ਾ ਲੋਕ ਹਨ ਜਿਨ੍ਹਾਂ ਬਾਰੇ ਪੁਲੀਸ ਨੂੰ ਜਾਣਕਾਰੀ ਹੋਵੇ।

ਇਕ ਗੱਲ ਦੋਹਾਂ ਵਿਚ ਸਾਂਝੀ ਹੈ। ਸੋਬਰਾਜ ਅਗੇ ਵੀ ਕਈ ਜੇਲ੍ਹਾਂ ਵਿਚੋਂ ਦੌੜ ਚੁਕਾ ਹੈ ਤੇ ਹੁਣ ਵੀ ਉਹ ਕਿਹਾ ਕਰਦਾ ਸੀ ਕਿ ਉਹ ਜੇਲ੍ਹ ਵਿਚੋਂ ਫਰਾਰ ਹੋ ਜਾਵੇਗਾ ਪਰ ਉਸਦੇ ਜੇਲ੍ਹ ਵਿਚ ਤੌਰ ਤਰੀਕੇ ਐਸੇ ਸਨ ਕਿ ਜੇਲ੍ਹ ਅਧਿਕਾਰੀਆਂ ਨੂੰ ਇਹ ਸ਼ੱਕ ਨਹੀਂ ਰਿਹਾ ਸੀ ਕਿ ਸੋਬਰਾਜ ਜੇਲ੍ਹ ਵਿਚੋਂ ਫਰਾਰ ਹੋਣ ਦਾ ਪਲੈਨ ਬਣਾ ਰਿਹਾ ਹੈ। ਸਰਦਾਰ ਸਤਵੰਤ ਸਿੰਘ ਨੇ ਭਾਵੇਂ ਨਾ ਕਦੀ ਜੇਲ੍ਹ ਵਿਚੋਂ ਦੌੜਨ ਦੀ ਗੱਲ ਕੀਤੀ ਹੈ ਤੇ ਨਾ ਹੀ ਸ਼ਾਇਦ ਉਸਦਾ ਕੋਈ ਦੌੜਨ ਦਾ ਪਲੈਨ ਹੀ ਹੈ ਪਰ ਅਕਾਲ ਤਖਤ ਸਾਹਿਬ ਦੀ ਨਵ ਉਸਾਰੀ ਸਮੇਂ ਸਰਦਾਰ ਬੇਅੰਤ ਸਿੰਘ ਤੇ ਸਰਦਾਰ ਸਤਵੰਤ ਸਿੰਘ ਦੇ ਨਮਿਤ ਕੀਤੀ ਗਈ ਅਰਦਾਸਾ ਉਪਰੰਤ ਦਮਦਮੀ ਟਕਸਾਲ ਦੇ ਬੁਲਾਰੇ ਨੇ ਅਖਰਾਰ ਨਵੀਸਾਂ ਨੂੰ ਸਪਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ ਉਹ ਉਤਨੀ ਦੇਰ ਤਕ ਚੈਨ ਨਾਲ ਨਹੀਂ ਬੈਠਣਗੇ ਜਿਤਨੀ ਦੇਰ ਤਕ ਉਹ ਸਤਵੰਤ ਸਿੰਘ ਨੂੰ ਜੇਲ੍ਹ ਵਿਚੋਂ ਅਜ਼ਾਦ ਨਹੀਂ ਕਰਵਾ ਲੈਂਦੇ।. ਸ਼ਹੀਦ ਬੇਅੰਤ ਸਿੰਘ ਦੀ ਪਤਨੀ ਬਿਮਲ ਖਾਲਸਾ ਨੇ ਦਰਬਾਰ ਸਾਹਿਬ ਕੀਤੀ ਗਈ ਇਕ ਪ੍ਰੈਸ ਕਾਨਫਰੰਸ ਵਿਚ ਸਿਧਾ ਹੀ ਕਿਹਾ ਸੀ ਕਿ ਉਹ ਸਤਵੰਤ ਸਿੰਘ ਨੂੰ ਜੇਲ੍ਹ ਵਿਚੋਂ ਛੁਡਾਉਣ ਲਈ ਹਰ ਤਰੀਕੇ ਵਰਤਣਗੇ।

ਤਿਹਾੜ ਜੇਲ੍ਹ ਦੇ ਰਹਿ ਚੁਕੇ ਸੁਪਰਡੈਂਟ ਜੇਲ੍ਹ ਏ. ਸੀ. ਸ਼ੁਕਲਾ ਜੋ ਹੁਣ ਡੀ. ਆਈ. ਜੀ. ਜੇਲ੍ਹ ਹਨ ਉਸ ਨੇ ਦਸਿਆ ਹੈ ਕਿ ਜਦੋਂ ਉਹ ਤਿਹਾੜ ਜੇਲ੍ਹ ਦਾ ਸੁਪਰਡੈਂਟ ਸੀ ਤਾਂ ਉਸਨੂੰ ਧਮਕੀ ਭਰੇ ਪਤ੍ਰ ਮਿਲਦੇ ਸਨ ਕਿ ਤੂੰ ਸਤਵੰਤ ਸਿੰਘ ਨੂੰ ਜੇਲ੍ਹ ਵਿਚੋਂ ਫਰਾਰ ਕਰਨ ਵਿਚ ਮਦਦ ਕਰ ਨਹੀਂ ਤੇ ਤੇਰੇ ਸਾਰੇ ਪ੍ਰਵਾਰ ਨੂੰ ਖਤਮ ਕੀਤਾ ਜਾਵੇਗਾ। ਸ਼ੁਕਲਾ ਨੇ ਇਹੋ ਜੇਹੀਆਂ ਧਮਕੀਆਂ ਤੋਂ ਡਰਣ ਤੋਂ ਇਨਕਾਰ ਕਰ ਦਿਤਾ ਪਰ ਅਖਬਾਰਾਂ ਵਾਲਿਆਂ ਦੇ ਕਿਆਫੇ ਹਨ ਕਿ ਆਉਣ ਵਾਲਾ ਤਿਹਾੜ ਜੇਲ੍ਹ ਦਾ ਕੋਈ ਸੁਪਰਡੈਂਟ ਸ਼ਾਇਦ ਇਨ੍ਹਾਂ ਧਮਕੀਆਂ ਦਾ ਸਾਹਮਣਾ ਨਾ ਕਰ ਸਕੇ। ਅਖਬਾਰਾਂ ਤੇ ਰਸਾਲਿਆਂ ਵਾਲੇ ਇਹ ਅੰਦਾਜ਼ੇ ਇਸ ਕਰਕੇ ਵੀ ਲਗਾ ਰਹੇ ਹਨ ਕਿ ਸੋਬਰਾਜ ਵੀ ਤੇ ਪੈਸੇ ਦੇ ਜੋਰ ਨਾਲ ਹੀ ਤਿਹਾੜ ਜੇਲ੍ਹ ਵਿਚੋਂ ਤ੍ਰੌੜਨ ਵਿਚ ਕਾਮਯਾਬ ਹੋ ਸਕਿਆ ਸੀ। ਜੇ ਕੁਝ ਅਫਸਰਾਂ ਦੀ ਮਿਲੀ ਭਗਤ ਨਾ ਹੁੰਦੀ ਤਾਂ ਸੋਬਰਾਜ ਫਰਾਰ ਹੋਣ ਵਿਚ ਕਾਮਯਾਬ ਨਹੀਂ ਹੋ ਸਕਦਾ ਸੀ। ਇਹ ਭਾਰਤ ਦੇਸ਼ ਹੈ ਇਥੇ ਪੈਸੇ ਤੇ ਡਰ ਸਭ ਕੁਝ ਕਰਵਾ ਸਕਦਾ ਹੈ। ਸਰਦਾਰ ਸਤਵੰਤ ਸਿੰਘ ਦੇ ਸਮਰਥਕ ਉਸ ਲਈ ਪੈਸਾ ਵੀ ਖਰਚ ਸਕਦੇ ਹਨ ਤੇ ਹਰ ਤਰ੍ਹਾਂ ਦਾ ਡਰ ਵੀ ਦੇ ਸਕਦੇ ਹਨ। ਇਸ ਕਰਕੇ ਕਈ ਪਤ੍ਰਕਾਰਾਂ ਨੇ ਕਿਆਫੇ ਲਾਣੇ ਸ਼ੁਰੂ ਕਰ ਦਿਤੇ ਹਨ ਕਿ ਸਤਵੰਤ ਸਿੰਘ ਦੀ ਜੇਲ੍ਹ ਵਿਚੋਂ ਫਰਾਰ ਹੋਣ ਦੀ ਖਬਰ ਇਕ ਦਿਨ ਆ ਜਾਵੇਗੀ ਖਾਸ ਕਰਕੇ ਜਦੋਂ ਸਰਦਾਰ ਸਤਵੰਤ ਸਿੰਘ ਦੇ ਹਮਦਰਦ ਅਗੇ ਵੀ ਆਪਣੇ ਕਈ ਸਾਥੀਆਂ ਨੂੰ ਕਾਮਯਾਬੀ ਨਾਲ ਜੇਲ੍ਹ ਵਿਚੋਂ ਫਰਾਰ ਕਰਕੇ ਲੈ ਗਏ ਹਨ।



x ਸਤਵੰਤ ਸਿੰਘ ਤਿਹਾੜ ਜੇਲ੍ਹ ਅੰਦਰ।

Sant Sipahi - The oldest Panthic Magazine/ www.santsipahi.org

# ਦੂਰਦਰਸ਼ਨ ਆਕਾਸ਼ਬਾਣੀ ਪ੍ਰੈਸ ਤੇ ਸਿੱਖ

1985 ਵਿਚ ਜੋ ਚੋਣ ਸ੍ਰੀ ਰਾਜੀਵ ਗਾਂਧੀ ਨੇ ਲੜੀ ਉਹ ਆਨੰਦਪੁਰ ਸਾਹਿਬ ਦੇ ਮਤੇ ਨੂੰ ਹਊਆ ਬਣਾ ਕੇ ਜਿੱਤੀ। ਸਾਰੇ ਦੇਸ਼ ਵਿੱਚ ਸਿੱਖਾਂ ਵਿਰੁੱਧ ਜੋ ਜ਼ਹਿਰੀਲਾ ਪ੍ਰਚਾਰ ਪ੍ਰੈੱਸ, ਦੂਰਦਰਸ਼ਨ ਤੇ ਆਕਾਸ਼ਬਾਣੀ ਨੇ ਕੀਤਾ ਉਹ ਕਿਸੇ ਤੋਂ ਭੁਲਿਆ ਨਹੀਂ। ਮੈਨੂੰ ਇੱਕ ਵੱਡੇ ਸਿੱਖ ਫ਼ੌਜੀ ਅਫਸਰ ਦੀ ਪਤਨੀ ਨੇ ਦੱਸਿਆ ਕਿ ਉਸ ਪਾਸ ਇੱਕ ਹਿੰਦੂ ਫ਼ੌਜੀ ਅਫ਼ਸਰ ਦੀ ਪਤਨੀ ਨੇ ਪੁਛਿਆ ਕਿ ਕੀ ਆਨੰਦਪੁਰ ਸਾਹਿਬ ਸਿੰਘ ਸੰਤ ਭਿੰਡਰਾਂਵਾਲਿਆਂ ਤੋਂ ਵੀ ਜ਼ਿਆਦਾ ਭਿਆਨਕ ਤੇ ਖਤਰਨਾਕ ਹੈ? ਜਦ ਹਿੰਦੂ ਅਫ਼ਸਰ ਦੀ ਪਤਨੀ ਨੂੰ ਦੱਸਿਆ ਗਿਆ ਕਿ ਆਨੰਦਪੁਰ ਸਾਹਿਬ ਸਿੰਘ ਕੋਈ ਵਿਅਕਤੀ ਨਹੀਂ ਸਗੋਂ ਇਕ ਮਤੇ ਦਾ ਨਾਂ ਹੈ ਜਿਹੜਾ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਾਸ ਕੀਤਾ ਗਿਆ ਤਾਂ ਉਸ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ। ਉਪਰੋਕਤ ਹਿੰਦੂ ਅਫਸਰ ਦੀ ਪਤਨੀ ਨੂੰ ਜੋ ਇਹ ਪ੍ਰਸ਼ਨ ਕਰਨਾ ਪਿਆ ਉਹ ਸਿੱਧ ਕਰਦਾ ਹੈ ਕਿ ਕਿਸ ਤਰ੍ਹਾਂ ਪ੍ਰਚਾਰ ਦੇ ਸਾਧਨਾਂ ਨੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਸਿੱਖਾਂ ਵਿਰੁੱਧ ਵਰਤਿਆ ਅਤੇ ਦੱਸਣ ਦੀ ਕੋਈ ਕੋਸ਼ਿਸ਼ ਨਾ ਕੀਤੀ ਗਈ ਕਿ ਅਸਲ ਵਿਚ ਆਨੰਦਪੁਰ ਸਾਹਿਬ ਦਾ ਮਤਾ ਹੈ ਕੀ? ਸਾਰੇ ਹਿੰਦੁਸਤਾਨ ਵਿਚ ਪ੍ਰਚਾਰ ਦੇ ਜ਼ਰੀਏ ਹਰ ਸਿੱਖ ਨੂੰ ਉਗਰਵਾਦੀ, ਅੱਤਵਾਦੀ, ਅਲਗਵਾਦੀ ਦਰਸਾਇਆ ਗਿਆ ਅਤੇ ਇਹ ਦੱਸਣ ਦੀ ਕੋਸ਼ਿਸ ਕੀਤੀ ਗਈ ਕਿ ਜੇ ਕਾਂਗਰਸ ਨਾਂ ਜਿੱਤੀ ਤਾਂ ਭਾਰਤ-ਵਰਸ਼ ਟੁਕੜੇ ਟੁਕੜੇ ਹੋ ਜਾਵੇਗਾ ਅਤੇ ਸਿੱਖ ਦੇਸ਼ ਨੂੰ ਭਾਰੀ ਸੱਟ ਪਹੁੰਚਾਉਗੇ।

ਉਸ ਸਮੇਂ ਸ੍ਰੀ ਰਾਜੀਵ ਜੀ ਨੇ ਇਹ ਨਹੀਂ ਸੋਚਿਆਂ ਕਿ ਉਹਨਾਂ ਦਾ ਸਿੱਖਾਂ ਪ੍ਰਤੀ ਨਫਰਤ ਦਾ ਪ੍ਰਚਾਰ ਦੇਸ਼ ਲਈ ਬਹੁਤ ਹੀ ਹਾਨੀਕਾਰਕ ਹੋਵੇਗਾ। ਚੋਣ ਤਾਂ ਕਾਂਗਰਸ ਜਿੱਤ ਗਈ ਪਰ ਨਫ਼ਰਤ ਦਾ ਬੀਜ ਬੀਜਿਆ ਗਿਆ ਜਿਸ ਦੀ ਫਸਲ ਹੁਣ ਜ਼ਹਿਰੀਲੀ ਘਾਸ ਦੀ ਸ਼ਕਲ ਵਿਚ ਪੈਦਾ ਹੋ ਰਹੀ ਹੈ: ਜੇ ਕੋਈ ਵਿਅਕਤੀ ਕਿੱਕਰ ਦਾ ਬੀਜ ਬੀਜੇ ਅਤੇ ਦਾਖਾਂ ਦੀ ਫਸਲ ਦਾ ਇੰਤਜ਼ਾਰ ਕਰੇ ਤਾਂ ਉਸ ਨੂੰ ਸਿਆਣਾ ਨਹੀਂ ਕਿਹਾ ਜਾਵੇਗਾ ਜਿਵੇਂ:

"ਫਰੀਦਾ ਲੋੜੈ ਦਾਖ ਬਿਜਉਰੀਆਂ
ਕਿਕਰਿ ਬੀਜੈ ਜਟੁ,
ਹੰਢੈ ਉੱਨ ਕਤਾਇਦਾ ਪੈਧਾ ਲੋੜੈ ਪਟੁ।"

ਸਭ ਨਾਲੋਂ ਅਤੀ ਦੁਖਦਾਈ ਗੱਲ ਇਹ ਸੀ ਕਿ ਸਿੱਖਾਂ ਨੂੰ ਆਪਣਾ ਪੱਖ ਪ੍ਰਗਟ ਕਰਨ ਦਾ ਅਵਸਰ ਨਾ ਦਿੱਤਾ ਗਿਆ। ਪ੍ਰੈੱਸ, ਦੂਰਦਰਸ਼ਨ ਤੇ ਆਕਾਸ਼ਬਾਣੀ ਇਕ ਦੂਜੇ ਤੋਂ ਵੱਧ ਚੜ੍ਹ ਕੇ ਸਿੱਖਾਂ ਵਿਰੁੱਧ ਪ੍ਰਚਾਰ ਕਰਨ ਲਈ ਤੱਤਪਰ ਸਨ। ਜਿਸ ਦਾ ਅਸਰ ਇਹ ਹੋਇਆ ਕਿ ਸਿੱਖ ਆਪਣੇ ਆਪ ਨੂੰ ਭਾਰਤ ਦੀ ਮੁਖ ਧਾਰਾ ਤੋਂ ਅਲੱਗ-ਥਲੱਗ ਸਮਝਣ ਲੱਗ ਪਿਆ। ਉਸ ਨੂੰ ਇੰਜ ਮਹਿਸੂਸ ਹੋਇਆ ਕਿ ਉਹ ਇਸ ਦੇਸ਼ ਵਿਚ ਲੋੜੀਂਦਾ ਨਹੀ:

"ਨਾਮੂਦ ਹਰ ਸ਼ੈ ਮੇਂ ਹੈ ਹਮਾਰੀ,
ਪਰ ਹਮਾਰਾ ਵਤਨ ਨਹੀਂ ਹੈ।"

ਪ੍ਰੋਫ਼ੈਸਰ ਲਾਸਕੀ ਦਾ ਵਿਚਾਰ ਹੈ ਕਿ ਜੇ ਕਿਸੇ ਦੇਸ਼ਵਾਸੀ ਨੂੰ ਇਹ ਭਾਸਣ ਲਗ ਜਾਵੇ ਕਿ ਦੇਸ਼ ਉਸ ਦੇ ਹਿੱਤਾਂ ਦੇ ਵਿਰੁੱਧ ਕੰਮ ਕਰ ਰਿਹਾ ਹੈ ਤਾਂ ਉਸ ਦੀ ਉਸ ਦੇਸ਼ ਪ੍ਰਤੀ ਕੋਈ ਸ਼ਰਧਾ ਨਹੀਂ ਰਵ੍ਹੇਗੀ। ਜੇ ਕੋਈ ਸਿੱਖ ਅਪਰਾਧ ਕਰਦਾ ਹੈ ਤਾਂ ਉਸ ਦਾ ਪੂਰਾ ਢੰਡੋਰਾ ਪਿਟਿਆ ਜਾਂਦਾ ਹੈ ਅਤੇ ਉਸ ਕਸੂਰਵਾਰ ਸਿੱਖ ਦਾ ਪੂਰਾ ਨਾਂ ਤੇ ਵੇਰਵਾ ਦੱਸਿਆ ਜਾਂਦਾ ਹੈ। ਇਸ ਤਰ੍ਹਾਂ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ ਕਿ ਉਸ ਨੂੰ ਸਾਰੀ ਸਿੱਖ ਕੌਮ ਦਾ ਪ੍ਰਤੀਨਿੱਧ ਦਰਸਾਇਆ ਜਾ ਸਕੇ ਅਤੇ ਸਾਰੀ ਸਿੱਖ ਕੌਮ ਨੂੰ ਕਚਹਿਰੀ ਦੇ ਕਟਹਿਰੇ ਵਿਚ ਖੜਾ ਕੀਤਾ ਜਾ ਸਕੇ। ਜੇ ਕੋਈ ਅਪਰਾਧੀ ਗੈਰ ਸਿੱਖ ਹੈ ਤਾਂ ਉਸ ਦਾ ਉੱਕਾ ਹੀ ਵੇਰਵਾ ਨਹੀਂ ਦੱਸਿਆ ਜਾਵੇਗਾ।

ਉਪਰੋਕਤ ਜ਼ਹਿਰੀਲਾ ਪ੍ਰਚਾਰ ਸਿੱਖਾਂ ਦੇ ਵਿਰੁੱਧ ਏਕਤਾ ਦੇ ਨਾਂ ਪਰ ਹੁੰਦਾ ਹੈ ਪਰ ਅਸਲ ਵਿਚ ਇਸ ਦਾ ਮਨੋਰਥ ਸਿੱਖਾਂ ਵਿਰੁੱਧ ਨਫ਼ਰਤ ਦਾ ਜਜ਼ਬਾ ਬਾਕੀ ਦੇਸ਼ ਵਾਸੀਆਂ ਦੀ ਨਜ਼ਰ ਵਿਚ ਪੈਦਾ ਕਰਨਾ ਹੈ।

ਗੋਬਲਜ਼ ਹਿਟਲਰ ਦੇ ਰਾਜ ਵਿਚ ਪ੍ਰਚਾਰ ਮੰਤਰੀ ਸੀ ਤੇ ਉਸ ਦਾ ਕਥਨ ਹੈ ਕਿ ਜੇ ਝੂਠ ਨੂੰ ਵਾਰੀ ਵਾਰੀ ਦੁਹਰਾਇਆ ਜਾਵੇ ਤਾਂ ਉਹ ਸੱਚ ਬਣ ਜਾਂਦਾ ਹੈ। ਇਹ ਗੱਲ ਪਤਾ ਨਹੀਂ ਕਿਥੋਂ ਦੇ ਪ੍ਰਚਾਰ ਦੇ ਮੀਡੀਆ ਨੇ ਗ੍ਰਹਿਣ ਕਰ ਲਈ ਅਤੇ ਸਿੱਖਾਂ ਵਿਰੁੱਧ ਜੋ ਨਫਰਤ ਦਾ ਤੂਫ਼ਾਨ ਖੜਾ ਕੀਤਾ ਉਸ ਦੀ ਮਿਸਾਲ ਸਾਰੇ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲਦੀ।

ਕਾਸ਼! ਕਿ ਡਾਕਟਰ ਮੁਹੰਮਦ ਇਕਬਾਲ ਦੀ ਹੇਠਲੀ ਨਸੀਅਤ ਪਰੈਸ-ਮੀਡੀਆ ਦੀਆਂ ਅੱਖਾਂ ਖੋਲ ਦੇਵੇ:

"ਰੱਬਤ ਕਾਇਮ ਮਿੱਲਤ ਸੇ ਹੈ,
ਔਰ ਤਿਨਹਾ ਕੁਛ ਨਹੀਂ,
ਮੌਜ ਹੈ ਦਰਿਆ ਮੇਂ
ਔਰ ਬੈਰੂਨ-ਏ-ਦਰਿਆ ਕੁਛ ਨਹੀਂ।"

(ਇਕੱਲੇ ਮਨੁੱਖ ਦੀ ਕੋਈ ਕੀਮਤ ਨਹੀਂ ਜਦ ਤਕ ਉਸ ਨਾਲ ਪੂਰੀ ਕੌਮ ਨਾ ਹੋਵੇ। ਲਹਿਰ ਦੀ ਕੀਮਤ ਦਰਿਆ ਵਿਚ ਹੀ ਹੈ ਪਰ ਜੇ ਲਹਿਰ ਦਰਿਆ ਤੋਂ ਪਿਛੇ ਹੱਟ ਜਾਏ ਤਾਂ ਉਸ ਦੀ ਕੋਈ ਕੀਮਤ ਨਹੀਂ ਰਹਿੰਦੀ।)

ਸਰਦਾਰਨੀ ਅਜੀਤ ਕੌਰ
ਪਤਨੀ ਸ: ਗੁਰ ਰਤਨ ਪਾਲ ਸਿੰਘ ਐਡਵੋਕੇਟ,
ਚੰਡੀਗੜ੍ਹ।



ਏਹੋ ਜੇਹੇ ਸਾਧਾਰਨ ਨਿਹੰਗਾਂ ਨੂੰ ਭੀ ਪ੍ਰੈਸ ਵਾਲੇ ਅਤਿਵਾਦੀ ਲਿਖਣੋਂ ਨਹੀਂ ਟਲਦੇ।

Sant Sipahi - The oldest Panthic Magazine/ www.santsipahi.org

# ਪਿਤਾ ਜੀ ਦੀਆਂ ਯਾਦਾਂ

ਪਿਛਲੀ ਵਾਰ ਪਿਤਾ ਜੀ ਦੀਆਂ ਯਾਦਾਂ ਲਿਖਦਿਆਂ ਉਨ੍ਹਾਂ ਦੇ ਉਚੇ ਆਚਰਨ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਦਾ ਸੁਭਾ ਐਸਾ ਸੀ ਕਿ ਉਹ ਕਿਸੇ ਤਰ੍ਹਾਂ ਵੀ ਕਾਮ ਵਾਸ਼ਨਾ ਭੜਕਾਉਣ ਵਾਲੀ ਚੀਜ ਵੇਖਣ ਨੂੰ ਤਿਆਰ ਨਹੀਂ ਸੀ ਹੁੰਦੇ ਤੇ ਉਨ੍ਹਾਂ ਨੂੰ ਕਥਿਤ ਸੁਸਾਇਟੀ ਗਰਲਜ਼ ਦੇ ਪ੍ਰਛਾਵੇਂ ਤੋਂ ਵੀ ਪ੍ਰਹੇਜ਼ ਸੀ। ਫਜ਼ੂਲ ਜ਼ਨਾਨੀਆਂ ਦੀ ਕੰਪਨੀ ਵਿਚ ਬੈਠਣ ਲਗਿਆਂ ਵੀ ਉਨ੍ਹਾਂ ਨੂੰ ਤਕਲੀਫ ਹੁੰਦੀ ਸੀ। ਇਕ ਵਾਰ ਪਿਤਾ ਜੀ ਬੀਕਾਨੇਰ ਸਟੇਟ ਦੇ ਮਹਾਰਾਜੇ ਨੂੰ ਮਿਲਣ ਗਏ ਤੇ ਉਸ ਨਾਲ ਹੀ ਰੋਟੀ ਖਾਕੇ ਆਏ। ਮਹਾਰਾਜ਼ਾ ਬੀਕਾਨੇਰ ਨੇ ਪਿਤਾ ਜ਼ੀ ਦਾ ਦਿਲ ਲਾਉਣ ਵਾਸਤੇ ਇਕ ਸਜੀ ਧਜੀ ਹੋਈ ਲੜਕੀ ਉਨ੍ਹਾਂ ਦੇ ਕੋਲ ਰੋਟੀ ਖਾਣ ਲਗਿਆਂ ਬਿਠਾ ਦਿਤੀ। ਘਰ ਵਾਪਿਸ ਆਕੇ ਪਿਤਾ ਜੀ ਮਾਂ ਜੀ ਨੂੰ ਕਹਿਣ ਲਗੇ, "ਗਿਆ ਸਾਂ ਮਾਹਰਾਜੇ ਬੀਕਾਨੇਰ ਕੋਲ। ਰੋਟੀ ਖਾਣ ਲਗਿਆ ਇਕ ਚੁੜੈਲ ਜੇਹੀ ਮੇਰੇ ਕੋਲ ਬਿਠਾ ਦਿਤੀ ਸੂ। ਰੋਟੀ ਖਾਣੀ ਵੀ ਮੁਸ਼ਕਲ ਹੋ ਗਈ ਸੀ।"

ਪਿਤਾ ਜੀ ਨੂੰ ਆਪਣੀਆਂ ਜ਼ਿੰਦਗੀ ਦੀਆਂ ਮਿਥੀਆਂ ਹੋਈਆਂ ਕਦਰਾਂ ਕੀਮਤਾਂ ਅਨੁਸਾਰ ਚਲਦਿਆਂ ਹੋਇਆਂ ਕਿਸੇ ਦੀ ਸ਼ਰਮ ਜਾਂ ਕਿਸੇ ਤੋਂ ਕੋਈ ਝਾਕਾ ਨਹੀਂ ਹੁੰਦਾ ਸੀ। ਅਜ ਤੋਂ 40,50 ਸਾਲ ਪਹਿਲਾਂ ਧੰਦਾ ਕਰਨ ਵਾਲੀਆਂ ਜ਼ਨਾਨੀਆਂ ਦਾ ਨਾਚ ਮਰਦਾਂ ਦੀਆਂ ਮਹਿਫਲਾਂ ਦਾ ਆਮ ਸ਼ਿੰਗਾਰ ਹੋਇਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਰਾਜੇ, ਮਹਾਰਾਜੇ ਬਹੁਤ ਹੋਇਆ ਕਰਦੇ ਸੀ ਤੇ ਉਨ੍ਹਾਂ ਦੀਆਂ ਰਾਤ ਰੋਟੀ ਤੋਂ ਬਾਅਦ ਆਮ ਨਾਚ ਦੀਆਂ ਮਹਿਫਲਾਂ ਲਗਿਆ ਕਰਦੀਆਂ ਸੀ। ਪਿਤਾ ਜੀ ਇਕ ਵਾਰ ਕਪੂਰਥਲੇ ਮਹਾਰਾਜੇ ਕੋਲ ਗਏ ਤੇ ਉਨ੍ਹਾਂ ਨੇ ਰਾਤ ਰੋਟੀ ਉਥੇ ਹੀ ਖਾਧੀ। ਪਰ ਜਦੋਂ ਨਾਚ ਦੀ ਮਹਿਫਲ ਸ਼ੁਰੂ ਹੋਣ ਲਗੀ ਤਾਂ ਪਿਤਾ ਜੀ ਉਠਕੇ ਆ ਗਏ। ਉਨ੍ਹਾਂ ਨਾਲ ਹੀ ਜੋ ਹੋਰ ਅਕਾਲੀ ਲੀਡਰ ਗਏ ਸਨ ਉਹ ਵੀ ਉਠ ਪਏ। ਪਿਤਾ ਜੀ ਦਸਿਆ ਕਰਦੇ ਸੀ ਕਿ ਮਹਾਰਾਜਾ ਨਾਭਾ ਨੇ ਹੈਰਾਨ ਹੋਕੇ ਪੁਛਿਆ ਕਿ "ਕੋਈ ਆਦਮੀ ਨਾਚ ਵੀ ਨਹੀਂ ਵੇਖਦਾ ਹੁੰਦਾ" ਇਹ ਕਹਿਣ ਤੋਂ ਪਿਤਾ ਜੀ ਦਾ ਭਾਵ ਸੀ ਕਿ ਇਨ੍ਹਾਂ ਅਮੀਰ ਰਾਜਿਆਂ ਮਾਹਰਾਜਿਆਂ ਨੂੰ ਜ਼ਿੰਦਗੀ ਦੀਆਂ ਉਚੇਰੀਆਂ ਕੀਮਤਾਂ ਬਾਰੇ ਜਾਣਕਾਰੀ ਹੀ ਕੋਈ ਨਹੀਂ ਸੀ ਹੁੰਦੀ।



ਇਸ ਵੇਲੇ ਦਾ ਜ਼ਿਕਰ ਕਰਦੇ ਹੋਏ ਪਿਤਾ ਜੀ ਸਗੋਂ ਹੈਰਾਨੀ ਨਾਲ ਦਸਿਆ ਕਰਦੇ ਸੀ ਕਿ ਉਸ ਮਹਿਫਲ ਵਿਚੋਂ ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ ਵਾਲੇ ਨਾ ਉਠੇ ਕਿਉਂਕਿ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਨੂੰ ਇਕ ਧਾਰਮਿਕ ਵਿਅਕਤੀ ਸਮਝਿਆ ਜਾਂਦਾ ਸੀ। ਧਾਰਮਿਕ ਵਿਅਕਤੀ ਕੋਲੋਂ ਧਾਰਮਿਕ ਰਹਿਣੀ ਦੀ ਆਸ ਪਿਤਾ ਜੀ ਜ਼ਰੂਰ ਕਰਦੇ ਸੀ। ਸਗੋਂ ਭਾਈ ਸਾਹਿਬ ਪਿਤਾ ਜੀ ਨੂੰ ਕਹਿਣ ਲਗੇ ਕਿ ਨਾਚ ਵੇਖਣ ਵਿਚ ਕੀ ਹਰਜ਼ ਹੈ। ਪਿਤਾ ਜੀ ਦੀਆਂ ਕੀਮਤਾਂ ਅਨੁਸਾਰ ਏਹੋ ਜੇਹੇ ਢਕੋਸਲੇ ਵਿਸ਼ਿਆਂ ਦੀ ਪੂਰਤੀ ਦਾ ਹੀ ਇਕ ਵਿੰਗਾ ਟੇਡਾ ਸਾਧਨ ਹਨ। ਇਕ ਵਾਰ ਕਿਸੇ ਨੇ ਪਿਤਾ ਜੀ ਨੂੰ ਕਿਹਾ ਸੀ ਕਿ ਨਚਣਾ ਵੀ ਇਕ ਕਲਾ ਹੈ। ਪਿਤਾ ਜੀ ਨੇ ਜੁਆਬ ਦਿਤਾ ਸੀ ਕਿ ਜੇ ਇਹ ਇਕ ਕਲਾ ਹੀ ਹੈ ਤਾਂ ਇਸਦਾ ਪ੍ਰਗਟਾ ਵਿਸ਼ੇਸ਼ ਤੌਰ ਉਤੇ ਬੰਦਿਆਂ ਦੇ ਇਕਠ ਵਿਚ ਹੀ ਕਿਉਂ ਕੀਤਾ ਜਾਂਦਾ ਹੈ ਤੇ ਸਿਰਫ ਜ਼ਨਾਨੀਆਂ ਹੀ ਕਿਉਂ ਕਰਦੀਆਂ ਹਨ। ਬੰਦੇ ਕਿਉਂ ਨਹੀਂ ਨਚਦੇ। ਫਿਰ ਬੰਦਿਆਂ ਦਾ ਨਾਚ ਕਿਉਂ ਨਹੀਂ ਦੇਖਿਆ ਜਾਂਦਾ। ਜ਼ਨਾਨੀਆਂ ਦੇ ਇਸ ਹੁਨਰ ਵਿਚ ਕੀ ਕਸ਼ਿਸ਼ ਹੁੰਦੀ ਹੈ। ਹਾਂ ਜੋ ਧਾਰਮਿਕ ਸੰਸਥਾਵਾਂ ਉਤੇ ਪ੍ਰਮਾਤਮਾ ਦੀ ਅਰਾਧਨਾਂ ਵਿਚ ਨਾਚ ਕੀਤੇ ਜਾਂਦੇ ਹਨ। ਉਨ੍ਹਾਂ ਬਾਰੇ ਪਿਤਾ ਜੀ ਨੂੰ ਕੋਈ ਇਤਰਾਜ਼ ਨਹੀਂ ਸੀ। ਉਹ ਕਿਹਾ ਕਰਦੇ ਸਨ ਕਿ ਰਾਗ ਵਾਂਗੂੰ ਨਾਚ ਵੀ ਇਕ ਕੁਦਰਤੀ ਨਿਆਮਤ ਹੈ ਉਸਨੂੰ ਭਾਵੇਂ ਤੁਸੀਂ ਰੱਬ ਦੀ ਭਗਤੀ ਵਾਸਤੇ ਵਰਤ ਲਵੋ ਤੇ ਭਾਵੇਂ ਮਨੁਖੀ ਕਮਜ਼ੋਰੀਆਂ ਦੀ ਪੂਰਤੀ ਲਈ ਵਰਤੋ। ਚੀਜ਼ ਉਹ ਹੀ ਹੁੰਦੀ ਹੈ ਉਸਨੂੰ ਜਿਸ ਪਾਸੇ ਮਰਜ਼ੀ ਵਰਤੋ। ਵਰਤੋਂ ਹੀ ਕਿਸੇ ਚੀਜ਼ ਨੂੰ ਚੰਗਾ ਜਾਂ ਮਾੜਾ ਬਣਾ ਦਿੰਦੀ ਹੈ। ਤਲਵਾਰ ਬੜੀ ਚੰਗੀ ਹੈ ਜੇ ਮਜ਼ਲੂਮ ਦੀ ਰਖਿਆ ਲਈ ਵਰਤੀ ਜਾਵੇ ਪਰ ਇਹ ਹੀ ਤਲਵਾਰ ਬਹੁਤ ਮਾੜੀ ਹੈ ਜੇ ਮਜ਼ਲੂਮ ਦਾ ਹਕ ਖੋਹਣ ਲਈ ਵਰਤੀ ਜਾਵੇ।

ਪਿਤਾ ਜੀ ਦਾ ਜ਼ਾਤੀ ਚਲਣ "ਪਰ ਨਾਰੀ ਕੀ ਸੇਜ ਭੂਲ ਸੁਪਨੈ ਭੀ ਨਾ ਜਾਇ ਹੋ।" ਦੇ ਬਰਾਬਰ ਸੀ। ਇਸ਼ਦੇ ਨਾਲ ਹੀ ਆਪਦੀ ਪੈਸੇ ਪ੍ਰਤੀ ਜੋ ਇਮਾਨਦਾਰੀ ਸੀ ਉਹ ਤੇ ਅਜ ਕਲ ਦੀਆਂ ਪ੍ਰਚਲਤ ਕੀਮਤਾਂ ਅਨੁਸਾਰ ਸ਼ਾਇਦ ਸਮਝਣੀ ਵੀ ਔਖੀ ਹੋਵੇ। ਪਿਤਾ ਜੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ ਤੇ ਜਦੋਂ ਕਿਧਰੇ ਦਫਤਰ ਦੇ ਕੰਮ ਸਾਰਾ ਦਿਨ ਉਥੇ ਹੀ ਰਹਿਣਾ ਹੋਵੇ ਤਾਂ ਘਰੋਂ ਰੋਟੀ ਬੰਨ੍ਹਕੇ ਨਾਲ ਲੈ ਜਾਇਆ ਕਰਦੇ ਸਨ। ਜੇ ਕਿਸੇ ਦਿਨ ਕਿਸੇ ਕਾਰਨ ਘਰੋਂ ਰੋਟੀ ਨਾ ਲਿਜਾ ਸਕਣ ਤਾਂ ਕਈ ਵਾਰ ਬਜ਼ਾਰੋਂ ਹੀ ਕੁਲਚੇ ਛੋਲੇ ਮੰਗਵਾ ਕੇ ਖਾ ਲਿਆ ਕਰਦੇ ਸਨ। ਸ਼ਰੋਮਣੀ ਕਮੇਟੀ ਦੇ ਦਫਤਰ ਵਿਚ ਬੈਠੇ ਉਨ੍ਹਾਂ ਨੂੰ ਕੁਲਚੇ ਛੋਲੇ ਖਾਂਦਿਆਂ ਕਈਆਂ ਨੇ ਕਈ ਵਾਰ ਵੇਖਿਆ ਹੋਇਆ ਹੈ।

ਪਿਤਾ ਜੀ ਨੇ ਕਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰ ਦਫਤਰ ਆਉਣ ਜਾਣ ਵਾਸਤੇ ਵੀ ਨਹੀਂ ਵਰਤੀ ਸੀ। ਪਹਿਲਾਂ ਪਹਿਲਾਂ ਤੇ ਪਿਤਾ ਜੀ ਟਾਂਗੇ ਉਤੇ ਸਵਾਰੀ ਦੇ ਹਿਸਾਬ ਸਿਰ ਦਰਬਾਰ ਸਾਹਿਬ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਰਧਾਨਗੀ ਲਈ ਜਾਇਆ ਕਰਦੇ ਸੀ। ਪੂਰੇ ਟਾਂਗੇ ਦੇ ਤੇ ਪੈਸੇ ਹੀ ਨਹੀਂ ਹੁੰਦੇ ਸੀ। ਕਦੀ ਸਵਾਰੀ ਦੇ ਵੀ ਪੈਸੇ ਨਹੀਂ ਹੁੰਦੇ ਸੀ ਤਾਂ ਪੈਦਲ ਤੇ ਕਈ ਵਾਰ ਸਾਈਕਲ ਉਤੇ ਜਾਇਆ ਕਰਦੇ ਸੀ। 1946 ਤੋਂ ਪਿਤਾ ਜੀ ਕੋਲ ਆਮ ਤੌਰ ਉਤੇ ਕਾਰ ਹੋਇਆ

Sant Sipahi - The oldest Panthic Magazine/ www.santsipahi.org

ਕਰਦੀ ਸੀ ਪਰ ਕਈਂ ਵਾਰ ਕਾਰ ਨਹੀਂ ਵੀ ਹੋਇਆ ਕਰਦੀ ਸੀ। ਪਿਤਾ ਜੀ ਨੇ ਕਾਰ ਆਪ ਕਦੀ ਪੰਥਕ ਪੈਸਿਆ ਵਿਚੋਂ ਨਹੀਂ ਖਰੀਦੀ ਸੀ। ਕਦੀ ਕੋਈ ਇਨ੍ਹਾਂ ਦਾ ਅਮੀਰ ਦੋਸਤ ਖਰੀਦ ਦਿੰਦਾ ਸੀ ਤੇ ਕਦੀ ਕੋਈ ਉਨ੍ਹਾਂ ਦਾ ਪ੍ਰਸੰਸਕ ਸੰਗਤਾਂ ਕੋਲੋਂ ਪੈਸੇ ਇਕਠੇ ਕਰਕੇ ਖਰੀਦ ਦਿੰਦਾ ਸੀ। ਕਾਰ ਪਿਤਾ ਜੀ ਦਿਨ ਰਾਤ ਵਰਤਦੇ ਸਨ ਤੇ ਮੁਰੰਮਤ ਵਗੈਰਾ ਵੀ ਡਰਾਈਵਰਾਂ ਨੇ ਹੀ ਕਰਵਾਉਣੀ ਹੁੰਦੀ ਸੀ ਜਿਸ ਕਰਕੇ ਉਨ੍ਹਾਂ ਕੋਲ ਇਕ ਕਾਰ ਤਕਰੀਬਨ ਇਕ ਸਾਲ ਹੀ ਕਢਦੀ ਸੀ। ਕਈ ਵਾਰ ਪਹਿਲੀ ਕਾਰ ਦੇ ਵੇਚਣ ਤੇ ਦੂਜੀ ਦੇ ਖਰੀਦਣ ਵਿਚ ਕੁਝ ਵਕਫਾ ਪੈ ਜਾਂਦਾ ਸੀ। ਇਨ੍ਹਾਂ ਵਕਫੇ ਦੇ ਦਿਨਾਂ ਵਿਚ ਪਿਤਾ ਜੀ ਸਾਈਕਲ ਰਿਕਸ਼ਾ ਉਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਇਆ ਕਰਦੇ ਸਨ ਤੇ ਰਿਕਸ਼ਾ ਉਤੇ ਹੀ ਵਾਪਿਸ ਆਇਆ ਕਰਦੇ ਸਨ। ਜਦੋਂ ਪਿਤਾ ਜੀ ਕੋਲ ਕਾਰ ਵੀ ਹੁੰਦੀ ਸੀ ਉਸ ਵਕਤ ਵੀ ਉਹ ਡਰਾਈਵਰ ਨੂੰ ਤਨਖ਼ਾਹ ਆਪਣੇ ਕੋਲੋਂ ਦਿੰਦੇ ਸਨ ਤੇ ਕਾਰ ਵਿਚ ਪਟਰੋਲ ਵੀ ਆਪਣੇ ਪੈਸਿਆਂ ਨਾਲ ਪਾਉਂਦੇ ਸਨ। ਪਿਛੇ ਜੇਹੇ ਮੈਂ ਵੇਖਿਆ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਕਾਰ ਦੇ ਡਰਾਈਵਰ ਦੀ ਤਨਖ਼ਾਹ ਤੇ ਸ਼ਰੋਮਣੀ ਕਮੇਟੀ ਵਿਚੋਂ ਦਿਤੀ ਜਾਣੀ ਇਕ ਪਾਸੇ ਰਹੀ ਕਈ ਹਮਾ ਤੁਮਾ ਦੇ ਡਰਾਈਵਰ ਤੇ ਸੇਵਾਦਾਰਾਂ ਦੀਆਂ ਤਨਖ਼ਾਹਾਂ ਵੀ ਸ਼ਰੋਮਣੀ ਕਮੇਟੀ ਦੇ ਦਫਤਰੋਂ ਹੀ ਦਿਤੀਆਂ ਜਾਂਦੀਆਂ ਸਨ।

ਇਕ ਵਾਰ ਜਦੋਂ ਸਰਦਾਰ ਹਰਨਾਮ ਸਿੰਘ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕਤਰ ਸਨ, ਪਿਤਾ ਜੀ ਦਫਤਰੋਂ ਘਰ ਆਉਣ ਲਗੇ ਤਾਂ ਉਨ੍ਹਾਂ ਨੇ ਕਿਹਾ ਮਾਸਟਰ ਜੀ ਕਾਰ ਲੈ ਜਾਉ। ਪਿਤਾ ਜੀ ਨੇ ਜੁਆਬ ਦਿਤਾ ਕਿ ਮੈਂ ਸ਼ਰੋਮਣੀ ਕਮੇਟੀ ਦੇ ਕੰਮ ਆਇਆ ਹਾਂ। ਜੇ ਕਾਰ ਲੈ ਜਾਵਾਂ ਤਾਂ ਵੀ ਇਤਰਾਜ਼ ਕੋਈ ਨਹੀਂ। ਪਰ ਜੇ ਮੈਂ ਜਾਇਜ਼ ਵੀ ਕਾਰ ਵਰਤੀ ਤਾਂ ਬਾਕੀਆਂ ਨੇ ਨਜਾਇਜ਼ ਵਰਤਣ ਤੋਂ ਗਰੇਜ਼ ਨਹੀਂ ਕਰਨਾ। ਸਰਦਾਰ ਹਰਨਾਮ ਸਿੰਘ ਸਾਬਕਾ ਸਕਤ੍ਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਮੈਂ ਹਾਲ ਵੇਖਿਆ ਹੈ। ਇਨ੍ਹਾਂ ਨੇ ਆਮ ਤੌਰ ਉਤੇ ਮੱਝ ਰਖੀ ਹੁੰਦੀ ਸੀ। ਕਦੀ ਮੱਝ ਦਾ ਕੰਮ ਕਰਨ ਇਨ੍ਹਾਂ ਦੇ ਘਰ ਕੋਈ ਸੇਵਾਦਾਰ ਨਹੀਂ ਗਿਆ ਸੀ। ਇਹ ਆਪ ਹੀ ਮੱਝ ਨੂੰ ਗੁਤਾਵਾ ਕਰਿਆ ਕਰਦੇ ਸਨ ਤੇ ਬਾਕੀ ਦਾ ਮੱਝ ਦਾ ਕੰਮ ਸਰਦਾਰ ਹਰਨਾਮ ਸਿੰਘ ਜੀ ਆਪ ਤੇ ਉਨ੍ਹਾਂ ਦੀ ਧਰਮ ਪਤਨੀ ਰਲਕੇ ਕਰਿਆ ਕਰਦੇ ਸਨ।

ਹੁਣ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਾਰਾਂ ਤੇ ਦੂਜੀਆਂ ਗਡੀਆਂ ਪ੍ਰਧਾਨ ਤੇ ਇਕ ਪਾਸੇ ਰਿਹਾ ਦੂਜੇ ਅਹੁਦੇਦਾਰ ਤੇ ਮੁਲਾਜ਼ਮ ਵੀ ਧੂਈ ਫਿਰਦੇ ਹਨ। ਜੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਮੁੰਡੇ ਸਫਾਰਸ਼ੀ ਦਾਖਿਲ ਕਰਵਾਉਣੇ ਹਨ ਉਥੇ ਵੀ ਸ਼ਰੋਮਣੀ ਕਮੇਟੀ ਦੀ ਗਡੀ, ਜੇ ਰਿਸ਼ਤੇਦਾਰਾਂ ਦੇ ਕਿਸੇ ਪਿੰਡ ਬੁਢੀ ਮਰ ਗਈ ਹੈ ਉਥੇ ਵੀ ਸ਼ਰੋਮਣੀ ਕਮੇਟੀ ਦੀ ਗੱਡੀ। ਹੋਰ ਤੇ ਹੋਰ ਜੇ ਕਿਸੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਜਾਂ ਅਧਿਕਾਰੀ ਦਾ ਇੰਗਲੈਂਡ ਜਾਂ ਅਮਰੀਕਾ ਤੋਂ ਕੋਈ ਮਿਤ੍ਰ ਆਇਆ ਹੋਇਆ ਹੈ ਤਾਂ ਉਸਨੂੰ ਵੀ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੱਡੀ ਦਿਤੀ ਹੁੰਦੀ ਹੈ। ਹੁਣ ਤੇ ਅਗਲੀਆਂ ਕਦਰਾਂ ਕੀਮਤਾਂ ਹੀ ਬਦਲ ਗਈਆਂ ਹਨ। ਗੁਰਦੁਆਰਾ ਫੰਡ ਨੂੰ ਵੀ ਸਰਕਾਰੀ ਫੰਡ ਸਮਝਕੇ ਉਸਦੀ ਗਲਤ ਵਰਤੋਂ ਕਰਨ ਲਗਿਆਂ ਜਾਂ ਉਸਨੂੰ ਨਜਾਇਜ਼ ਖਰਚ ਕਰਨ ਲਗਿਆਂ ਸ਼ਾਇਦ ਕਿਸੇ ਦੀ ਜ਼ਮੀਰ ਉਸਨੂੰ ਲਾਹਨਤਾਂ ਹੀ ਨਹੀਂ ਪਾਉਂਦੀ। ਸਰਕਾਰੀ ਦਫਤਰਾਂ ਵਾਂਗੂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਜਾਂ ਕਿਸੇ ਹੋਰ ਇਤਿਹਾਸਕ ਗੁਰਦੁਆਰੇ ਦੇ ਦਫਤਰ ਚਲੇ ਜਾਵੋ, ਗਰਮੀਆਂ ਵਿਚ ਪੱਖੇ ਚਲ ਰਹੇ ਹਨ ਅੰਦਰ ਕੋਈ ਬੈਠਾ ਹੋਇਆ ਨਹੀਂ। ਸਰਦੀਆਂ ਵਿਚ ਹੀਟਰ ਲਗੇ ਹੋਏ ਹਨ ਭਾਵੇਂ ਅੰਦਰ ਕੋਈ ਹੋਵੇ ਤੇ ਭਾਵੇਂ ਨਾ ਹੋਵੇ। ਕਿਸੇ ਨੂੰ ਇਹ ਫਿਕਰ ਨਹੀਂ ਕਿ ਪਤਾ ਨਹੀਂ ਕੇਹੜੇ ਸਿਖ ਨੇ ਪੰਜ ਦਸੇ ਕਿਤਨੀ ਕੁ ਸ਼ਰਧਾ ਨਾਲ ਗੁਰੂ ਅਗੇ ਚੜ੍ਹਾਈ ਹੈ ਤੇ ਅਸੀਂ ਉਹ ਕਿਸ ਤਰ੍ਹਾਂ ਜ਼ਾਇਆ ਕਰ ਰਹੇ ਹਾਂ।

ਗੁਰਦੁਆਰਿਆਂ ਦੇ ਮੁਲਾਜ਼ਮਾਂ ਦੀ ਤੇ ਗੱਲ ਹੀ ਇਕ ਪਾਸੇ ਰਹਿਣ ਦੇਉ, ਧਰਮ ਯੁਧ ਮੋਰਚੇ ਵੇਲੇ ਵੀ ਜੋ ਸਿੰਘ ਦਰਬਾਰ ਸਾਹਿਬ ਅੰਦਰ ਰਹਿੰਦੇ ਸਨ ਉਨ੍ਹਾਂ ਵਿਚੋਂ ਕਈਆਂ ਦੇ ਲਖੀ ਲੇਖੇ ਸਨ। ਕਮਰੇ ਵਿਚ ਕੋਈ ਹੋਵੇ ਯਾ ਨਾ ਹੋਵੇ ਬਿਜਲੀ, ਪਖਾ ਤੇ ਚਲਦਾ ਹੀ ਰਹਿਣਾ ਹੈ। ਲੰਗਰ ਵਿਚੋਂ ਦਾਲ ਪ੍ਰਸ਼ਾਦਾ ਤੇ ਇਕ ਪਾਸੇ ਰਿਹਾ

**ਕੋਈ ਵਿਰਲਾ ਹੀ ਐਸਾ ਹੋਵੇਗਾ ਜਿਸ ਨੂੰ ਫਿਕਰ ਹੋਵੇ ਕਿ ਗੁਰਦੁਆਰੇ ਦਾ ਪੈਸਾ ਗੁਰੂ ਦਾ ਪੈਸਾ ਹੈ ਇਸ ਨੂੰ ਆਪਣੇ ਪੈਸੇ ਨਾਲੋਂ ਵੀ ਵਧੇਰੇ ਸੰਕੋਚ ਨਾਲ ਵਰਤਣ ਦੀ ਲੋੜ ਹੈ। ਕਿਧਰੇ ਗੁਰੂ ਦਾ ਪੈਸਾ ਜ਼ਾਇਆ ਕਰਕੇ ਅਸੀਂ ਗੁਰੂ ਦੇ ਦੇਣਦਾਰ ਨਾ ਬਣੀਏ।**

ਦੁਧ ਵੀ ਜੇ ਬਹੁਤਾ ਆ ਗਿਆ ਹੈ ਤੇ ਪੀਣ ਨਹੀਂ ਹੋਇਆ ਤਾਂ ਉਹ ਵੀ ਕਮਰੇ ਅੰਦਰ ਹੀ ਖ਼ਰਾਬ ਹੋ ਜਾਣਾ ਤੇ ਬਾਅਦ ਵਿਚ ਫ਼ਲਸ਼ ਦੀ ਟਟੀ ਵਿਚ ਵੀ ਰੋੜ੍ਹਦੇ ਦੇਖੇ ਹਨ। ਕੋਈ ਵਿਰਲਾ ਹੀ ਐਸਾ ਹੋਵੇਗਾ ਜਿਸਨੂੰ ਫਿਕਰ ਹੋਵੇ ਕਿ ਗੁਰਦੁਆਰੇ ਦਾ ਪੈਸਾ ਗੁਰੂ ਦਾ ਪੈਸਾ ਹੈ ਇਸਨੂੰ ਆਪਣੇ ਪੈਸੇ ਨਾਲੋਂ ਵੀ ਵਧੇਰੇ ਸੰਕੋਚ ਨਾਲ ਵਰਤਣ ਦੀ ਲੋੜ ਹੈ। ਕਿਧਰੇ ਗੁਰੂ ਦਾ ਪੈਸਾ ਜ਼ਾਇਆ ਕਰਕੇ ਅਸੀਂ ਗੁਰੂ ਦੇ ਦੇਣਦਾਰ ਨਾ ਬਣੀਏ।

ਪਿਤਾ ਜੀ ਦੀ ਇਮਾਨਦਾਰੀ ਪਿਛੋਂ ਉਨ੍ਹਾਂ ਦੀ ਜ਼ਿੰਦਗੀ ਦਾ ਸਿਧਾਂਤ ਸੀ। ਉਨ੍ਹਾਂ ਲਈ ਪੈਸੇ ਦੀ ਕੋਈ ਕੀਮਤ ਨਹੀਂ ਸੀ ਭਾਵੇਂ ਪੰਥਕ ਕੰਮਾਂ ਲਈ ਉਨ੍ਹਾਂ ਨੇ ਲਖਾਂ ਰੁਪਏ ਇਕਠੇ ਕੀਤੇ ਤੇ ਲਖਾਂ ਰੁਪਏ ਉਨ੍ਹਾਂ ਨੂੰ ਮਿਲੇ। ਪੈਸੇ ਸਬੰਧੀ ਉਹ ਆਮ ਕਿਹਾ ਕਰਦੇ ਸੀ ਕਿ ਜੋ ਪੰਜ, ਦਸ, ਪੰਜ ਸੌ ਤਕ ਪੈਸਾ ਦਿੰਦਾ ਹੈ। ਉਹ ਸਿਖੀ ਸ਼ਰਧਾ ਤੇ ਪੰਥਕ ਜਜ਼ਬੇ ਨਾਲ ਦਿੰਦਾ ਹੈ। ਤੇ ਜੋ ਪੰਜ ਸੌ ਤੋਂ ਵੱਧ ਦਿੰਦਾ ਹੈ ਉਹ ਇਕ ਤਰ੍ਹਾਂ ਨਾਲ ਨਫੇ ਲਈ ਸਰਮਾਇਆ ਲਗਾਉਂਦਾ ਹੈ। ਇਹ ਜਾਣਦੇ ਹੋਏ ਵੀ ਪਿਤਾ ਜੀ ਪੈਸਾ ਦੇਣ ਵਾਲਿਆਂ ਦਾ ਲਿਹਾਜ਼ ਕਰਦੇ ਸਨ। ਇਕ ਵਾਰ ਮੈਂ ਗਲਤੀ ਨਾਲ ਕਹਿ ਬੈਠੀ ਕਿ ਪਿਤਾ ਜੀ ਤੁਸੀਂ ਪੈਸੇ ਵਾਲਿਆਂ ਦਾ ਲਿਹਾਜ਼ ਕਰਦੇ ਹੋ। ਪਿਤਾ ਜੀ ਨੇ ਜੁਆਬ ਦਿਤਾ "ਪੈਸੇ ਵਾਲਿਆਂ ਦਾ ਨਹੀਂ ਪੈਸਾ ਦੇਣ ਵਾਲਿਆਂ ਦਾ।" ਪੈਸਾ ਦੇਣ ਵਾਲਿਆਂ ਦਾ ਲਿਹਾਜ਼ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਕੋਈ ਪੈਸੇ ਵਾਲਾ ਕਦੀ ਜੇਬ ਵਿਚ ਨਹੀਂ ਪਾ ਸਕਿਆ ਸੀ ਤੇ ਨਾ ਹੀ ਉਨ੍ਹਾਂ ਨੂੰ ਪਿਤਾ ਜੀ ਨੇ ਅਕਾਲੀ ਵਰਕਰਾਂ ਤੋਂ ਵੱਧ ਕਦੀ ਤਰਜੀਹ ਦਿਤੀ ਸੀ। ਪੈਸੇ ਵਾਲਿਆਂ ਨੂੰ ਕਦੀ ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਕਮੇਟੀ ਉਤੇ ਭਾਰੂ ਨਹੀਂ ਹੋਣ ਦਿਤਾ ਸੀ।

ਪਿਤਾ ਜੀ ਦੇ ਸਮੇਂ ਸਰਦਾਰ ਬਲਦੇਵ ਸਿੰਘ ਪੰਥਕ ਕੰਮਾਂ ਲਈ ਕਾਫੀ ਪੈਸਾ ਦਿਆ ਕਰਦਾ ਸੀ। ਪਿਤਾ ਜੀ ਦੇ ਮਨ ਵਿਚ ਸਰਦਾਰ ਬਲਦੇਵ ਸਿੰਘ ਦੀ ਕਦਰ ਉਸਦੇ ਪੈਸਾ ਦੇਣ ਕਰਕੇ ਕੇਵਲ ਨਹੀਂ ਸੀ। ਪਿਤਾ ਜੀ ਦਸਿਆ ਕਰਦੇ ਸਨ ਕਿ ਜ਼ਾਤੀ ਤੌਰ ਉਤੇ ਪੰਥਕ ਹਿਤਾਂ ਲਈ ਸਰਦਾਰ ਬਲਦੇਵ ਸਿੰਘ ਕਈਆਂ ਨਾਲੋਂ ਚੰਗਾ ਸੀ। ਪਰ ਸਰਦਾਰ ਬਲਦੇਵ ਸਿੰਘ ਵਿਚ ਕਈ ਜ਼ਾਤੀ ਔਗਣ ਹੋਣ ਕਰਕੇ ਪਿਤਾ ਜੀ ਨੇ ਕਦੀ ਉਸਨੂੰ ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੇੜੇ ਨਹੀਂ ਫਟਕੰਣ ਦਿਤਾ ਸੀ। ਤੇ ਨਾ ਹੀ ਸਰਦਾਰ ਬਲਦੇਵ ਸਿੰਘ ਨੇ ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਦੀ ਭਾਰੂ ਹੋਣ ਦੀ ਕੋਸ਼ਿਸ਼ ਕੀਤੀ ਸੀ। ਸਗੋਂ ਉਨ੍ਹਾਂ ਤੋਂ ਦੂਰ ਰਹਿਣਾ ਹੀ ਚੰਗਾ ਸਮਝਿਆ।

ਪਿਤਾ ਜੀ ਦਸਿਆ ਕਰਦੇ ਸੀ ਕਿ ਮੇਰੇ ਮਨ ਵਿਚ ਆਇਆ ਕਿ ਸ਼ਰੋਮਣੀ ਗੁਰਦੁਆਰਾ

(ਬਾਕੀ ਸਫਾ 61 'ਤੇ)

Sant Sipahi - The oldest Panthic Magazine/ www.santsipahi.org

## ਸਾਇੰਸ ਫੀਚਰ

# ਜੀਵ ਖਾਣ ਵਾਲੇ ਬੂਟੇ


ਕੁਦਰਤ ਦੇ ਰੰਗ ਵੀ ਨਿਆਰੇ ਹਨ। ਖ਼ੁਰਾਕ ਦੀ ਤਲਾਸ਼ ਵਿਚ ਸਿਰਫ ਪਸ਼ੂ-ਪੰਛੀ ਹੀ ਨਹੀਂ ਬੂਟੇ ਵੀ ਸ਼ਿਕਾਰ ਕਰਦੇ ਹਨ। ਭਾਵੇਂ ਇਹ ਸ਼ਿਕਾਰ ਕੀੜੇ ਮਕੌੜਿਆਂ ਤਕ ਹੀ ਸੀਮਤ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋੜ ਪੈਣ ਉੱਤੇ ਬੂਟੇ ਵੀ ਮਾਸਾਹਾਰੀ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਬੂਟਿਆਂ ਦੀਆਂ ਤਕਰੀਬਨ ਸਾਢੇ ਚਾਰ ਸੌ ਕਿਸਮਾਂ ਹਨ। ਸ਼ਿਕਾਰ ਦੀ ਤਲਾਸ਼ ਵਿਚ ਬੂਟਾ ਆਪ ਤਾਂ ਕਿਤੇ ਜਾ ਨਹੀਂ ਸਕਦਾ, ਪਰ ਜਿਸ ਵੇਲੇ ਸ਼ਿਕਾਰ ਉਸ ਵਲ ਕਿਸੇ ਤਰ੍ਹਾਂ ਆਕਰਸ਼ਿਤ ਹੋ ਜਾਵੇ ਤਾਂ ਉਸ ਨੂੰ ਬੂਟਾ ਫੁਰਤੀ ਨਾਲ ਕਾਬੂ ਕਰ ਲੈਂਦਾ ਹੈ। ਇੱਕ ਵਾਰ ਇਸ ਤਰ੍ਹਾਂ ਫਸੇ ਸ਼ਿਕਾਰ ਵਾਸਤੇ ਬੂਟੇ ਦੇ ਜਾਲ ਚੋਂ ਨਿਕਲਣਾ ਅਸੰਭਵ ਹੁੰਦਾ ਹੈ। ਹਰ ਬੂਟੇ ਦਾ ਵੱਖ ਕਿਸਮ ਦਾ ਸ਼ਿਕਾਰ ਨੂੰ ਕੁੜਿੱਕੀ ਪਾਉਣ ਦਾ ਤਰੀਕਾ ਹੁੰਦਾ ਹੈ, ਪਰ ਸਾਰੇ ਬੂਟਿਆਂ ਵਿਚ ਸਾਂਝੀ ਗੱਲ ਇਹ ਹੈ ਕਿ ਬੂਟਾ ਆਪਣੇ ਰੰਗ, ਅਕਾਰ ਜਾਂ ਖ਼ੁਸ਼ਬੂ ਨਾਲ ਕੀੜੇ-ਮਕੌੜੇ ਆਕਰਸ਼ਿਤ ਕਰਦਾ ਹੈ ਅਤੇ ਫਿਰ ਉਨ੍ਹਾਂ ਨੂੰ ਕਾਬੂ ਕਰਕੇ ਉਨ੍ਹਾਂ ਚੋਂ ਲੋੜੀਂਦੇ ਪਦਾਰਥ ਚੂਸ ਲੈਂਦਾ ਹੈ ਤੇ ਬੇ-ਲੋੜਵੀਆਂ ਚੀਜ਼ਾਂ ਨੂੰ ਬੂਟਾ ਬਾਹਰ ਸੁੱਟ ਦਿੰਦਾ ਹੈ। ਸ਼ਿਕਾਰ ਆਕਰਸ਼ਿਤ ਫੁੱਲਾਂ ਨਾਲ ਹੁੰਦਾ ਹੈ, ਪਰ ਉਸ ਉੱਤੇ ਕਾਬੂ ਪੱਤੇ ਪਾਂਦੇ ਹਨ। ਇਹ ਇਕ ਆਮ ਗਲਤ ਫ਼ਹਿਮੀ ਹੈ ਕਿ ਫੁੱਲ ਕੀੜੇ-ਮਕੌੜਿਆਂ ਦਾ ਸ਼ਿਕਾਰ ਕਰਦੇ ਹਨ। ਫੁੱਲ ਸ਼ਿਕਾਰ ਵਿਚ ਸਹਾਈ ਜ਼ਰੂਰ ਹੁੰਦੇ ਹਨ, ਪਰ ਅਸਲੀ ਸ਼ਿਕਾਰ ਫੜਨ ਦਾ ਕੰਮ ਪੱਤੇ ਕਰਦੇ ਹਨ। ਇਸ ਅਹਿਮ ਕ੍ਰਿਆ ਵਾਸਤੇ ਪੱਤੇ ਲੋੜ ਮੁਤਾਬਕ ਆਪਣੇ ਆਪ ਨੂੰ ਢਾਲ ਲੈਂਦੇ ਹਨ।

ਕਈ ਵਾਰ ਪੱਤੇ ਵਿਚ ਪਰਿਵਰਤਨ ਨਾ ਦੇ ਬਰਾਬਰ ਹੀ ਹੁੰਦਾ ਹੈ। ਪੱਤੇ ਉੱਤੇ ਸਥਿਤ ਚਿਪਚਿਪੇ ਰੇਸ਼ੇ ਕੀੜੇ ਨੂੰ ਫੜ ਲੈਂਦੇ ਹਨ ਅਤੇ ਫਿਰ ਉਹ ਕੀੜੇ ਪੱਤੇ ਦੇ ਪਿੰਜਰੇ ਵਿਚ ਫਸ ਜਾਂਦੇ ਹਨ। ਇਸ ਤਰ੍ਹਾਂ ਦੀ ਮਿਸਾਲ ਬਟਰਵੌਰਟ ਹੈ। ਇਹ ਬੂਟੇ ਦਲਦਲੀ ਇਲਾਕੇ ਜਾਂ ਉਸ ਪਹਾੜੀ ਇਲਾਕੇ ਵਿਚ ਹੁੰਦਾ ਹੈ ਜਿੱਥੇ ਦੀ ਮਿੱਟੀ ਕੁਝ ਤੇਜ਼ਾਬੀ ਹੁੰਦੀ ਹੈ। ਬਟਰਵੌਰਟ ਦੇ ਪੱਤੇ ਉੱਤੇ ਗੁੰਥੀ (ਗਲੈਂਡ) ਹੁੰਦੇ ਹਨ ਜਿਨ੍ਹਾਂ ਵਿਚੋਂ ਰਿਸਣ ਪਦਾਰਥ (ਸਿਕਰੀਸ਼ਨ) ਨਿਕਲਦੀ ਰਹਿੰਦੀ ਹੈ। ਇਹ ਲੇਸਲਾ ਜਿਹਾ ਪਦਾਰਥ ਕੀੜੇ ਨੂੰ ਜਕੜ ਲੈਂਦਾ ਹੈ। ਫਿਰ ਬਟਰਵੌਰਟ ਦੇ ਪੱਤੇ ਕਿਨਾਰਿਆਂ ਤੋਂ ਉਠ ਕੇ ਕੀੜੇ ਨੂੰ ਲਪੇਟ ਲੈਂਦੇ ਹਨ। ਇਸ ਤਰ੍ਹਾਂ ਸ਼ਿਕਾਰ ਹੋਰ ਗਲੈਂਡ ਦੇ ਸੰਪਰਕ ਵਿਚ



ਡਰੋਸੇਰਾ ਦੇ ਪੱਤੇ ਉੱਤੇ ਸਥਿਤ ਰੇਸ਼ੇ ਅਤੇ ਬੂੰਦਾਂ ਦੇ ਰੂਪ ਵਿਚ ਚਿਪਚਿਪਾਂ ਪਦਾਰਥ, ਜੋ ਗੁੰਥੀਆਂ ਵਿਚੋਂ ਨਿਕਲਦਾ ਹੈ, ਸ਼ਿਕਾਰ ਨੂੰ ਜਕੜ ਲੈਂਦੇ ਹਨ।

Sant Sipahi - The oldest Panthic Magazine/ www.santsipahi.org




ਡਰੋਸੀਰਾ ਦੇ ਪੱਤੇ ਇਸ ਤਰ੍ਹਾਂ ਉੱਗਦੇ ਹਨ।

ਆਉਂਦਾ ਹੈ ਅਤੇ ਪੱਚ ਜਾਂਦਾ ਹੈ। ਇਸੇ ਤਰ੍ਹਾਂ ਦਾ ਸ਼ਿਕਾਰ ਡਰੋਸੀਰਾ ਵੀ ਕਰਦਾ ਹੈ। ਡਰੋਸੀਰਾ ਦੇ ਪੱਤੇ ਉੱਤੇ ਗਲੈਂਡ ਬੈਂਗਨੀ ਰੰਗ ਦਾ ਚਿਪਚਿਪਾ ਪਦਾਰਥ ਛਡਦੇ ਹਨ। ਧੁੱਪ ਵਿਚ ਇਹ ਇਸ ਤਰ੍ਹਾਂ ਚਮਕਦਾ ਹੈ ਜਿਵੇਂ ਕਿ ਸਵੇਰੇ ਸਵੇਰੇ ਔਸ ਚਮਕਦੀ ਹੈ। ਜਦ ਸ਼ਿਕਾਰ ਇਸ ਰੇਸ਼ੇ ਜਿਹੇ ਨਾਲ ਚਿਪਕ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਛੁਡਾਉਣ ਲਈ ਛਟਪਟਾਉਂਦਾ ਹੈ। ਇਸ ਨਾਲ ਹੋਰ ਰੇਸ਼ੇ ਉਤੇਜਿਤ ਹੋ ਜਾਂਦੇ ਹਨ ਤੇ ਪੱਤਾ ਸ਼ਿਕਾਰ ਹਜ਼ਮ ਕਰਨ ਦੀ ਕ੍ਰਿਆ ਵਿਚ ਆ ਜਾਂਦਾ ਹੈ। ਬਟਰਵੌਰਟ ਅਤੇ ਡਰੋਸੀਰਾ ਵਿਚ ਫਰਕ ਸ਼ਿਕਾਰ ਹਜ਼ਮ ਕਰਨ ਦੇ ਤਰੀਕੇ ਵਿਚ ਹੈ। ਫੜਨ ਦਾ ਤਰੀਕਾ ਇਕੋ ਹੈ।

ਕੁਝ ਬੂਟਿਆਂ ਵਿਚ ਸ਼ਿਕਾਰ ਲਈ ਦੋ ਕੋਲ ਹੁੰਦੇ ਹਨ ਜੋ ਸ਼ਿਕਾਰ ਅੰਦਰ ਆਉਂਦਿਆਂ ਹੀ ਬੰਦ ਹੋ ਜਾਂਦੇ ਹਨ। ਇਸ ਤਰ੍ਹਾਂ ਦਾ ਇਕ ਉਦਾਹਰਣ ਹੈ-ਡਾਈਔਨੀਆ। ਡਾਈਔਨੀਆ ਦੇ ਕੋਲਾਂ ਦਾ ਸਾਈਜ਼ ਡੇਢ ਤੋਂ ਦੋ ਵਰਗ ਸੈਂਟੀਮੀਟਰ ਤੱਕ ਹੁੰਦਾ ਹੈ। ਇਸ ਤੇ ਕੰਢਿਆਂ ਉੱਤੇ ਰੇਸ਼ੇ ਹੁੰਦੇ ਹਨ ਅਤੇ ਕੋਲਾਂ ਦੇ ਜੋੜ ਤੇ ਤ੍ਰਿਕੋਣ ਵਿਚ ਤਿੰਨ ਵਾਲ ਜਿਹੇ ਹੁੰਦੇ ਹਨ। ਇਹ ਵਾਲ ਬਹੁਤ ਸੂਖਮ ਹੁੰਦੇ ਹਨ। ਜਦ ਕੋਈ ਸ਼ਿਕਾਰ ਇਨ੍ਹਾਂ ਨੂੰ ਛੂਹ ਜਾਵੇ ਤਾਂ ਕੋਲ ਇਕ-ਦਮ ਘੁੱਟ ਕੇ ਬੰਦ ਹੋ ਜਾਂਦੇ ਹਨ। ਜੇ ਕੋਈ ਕੈਮੀਕਲ ਉਤੇਜਨਾ ਨਾ ਹੋਵੇ ਤਾਂ ਇਹ ਸ਼ਿਕਾਰ ਪਿੰਜਰਾ ਦਸ ਤੋਂ ਚੌਦਾਂ ਘੰਟਿਆਂ ਬਾਅਦ ਖੁਲ੍ਹ ਜਾਂਦਾ ਹੈ, ਭਾਵੇਂ ਇਸ ਵਿਚ ਕੋਈ ਕੀੜਾ ਹੋਵੇ ਭਾਵੇਂ ਛੋਟਾ ਜਿਹਾ ਪੱਥਰ। ਕੈਮੀਕਲ ਉਤੇਜਨਾ ਦਾ ਸੂਤਰ ਉਹ ਮਲ-ਨਿਕਾਸ (ਐਕਸਕਰੀਸ਼ਨ) ਹੈ ਜੋ ਕਿ ਸ਼ਿਕਾਰ ਦੀ ਆਪਣੇ ਆਪ ਨੂੰ ਸ਼ਿਕਾਰ-ਪਿੰਜਰੇ ਤੋਂ ਛੁਟਾਉਣ ਦੀ ਛਟਪਟਾਹਟ ਵਿਚ ਪੈਦਾ ਹੁੰਦਾ ਹੈ। ਇਸ ਨਾਲ ਬੂਟਾ ਸ਼ਿਕਾਰ ਚੋਂ ਲੋੜੀਂਦੇ ਤੱਤ ਚੂਸ ਕੇ ਬਾਕੀ ਕੁਝ ਸੁਟਣ ਲਈ ਇਕ ਜਾਂ ਦੋ ਹਫਤੇ ਤੋਂ ਬਾਦ ਕੋਲ ਵੱਖ ਵੱਖ ਕਰ ਦਿੰਦਾ ਹੈ ਅਤੇ ਇਕ ਵਾਰ ਫਿਰ ਸ਼ਿਕਾਰ ਲਈ ਤਿਆਰ ਹੋ ਜਾਂਦਾ ਹੈ।

ਜੀਵ ਖਾਣ ਨਾਲੇ ਬੂਟਿਆਂ ਵਿਚ ਯੂਟਰੀਕੁਲੇਰੀਔ ਵੀ ਬਹੁਤ ਅਨੋਖਾ ਹੈ। ਇਹ ਪਾਣੀ ਦਾ ਬੂਟਾ ਹੈ ਪਰ ਇਸ ਦੀਆਂ ਕੁਝ ਕਿਸਮਾਂ ਜ਼ਮੀਨ ਉੱਤੇ ਵੀ ਹੁੰਦੀਆਂ ਹਨ। ਜ਼ਮੀਨ ਉੱਤੇ ਪੈਦਾ ਹੋਣ ਵਾਲੀਆਂ ਤਕਰੀਬਨ ਵੀਹ ਕਿਸਮਾਂ ਹਿੰਦੋਸਤਾਨ ਵਿਚ ਹੀ ਹਨ। ਯੂਟਰੀਕੁਲੇਰੀਆ ਦੀ ਲੰਬਾਈ ਕੁਝ ਸੈਂਟੀਮੀਟਰ ਤੋਂ ਲੈ ਕੇ ਕਈ ਸੈਂਟੀਮੀਟਰ ਤਕ ਜਾਂਦੀ ਹੈ। ਇਸ ਬੂਟੇ ਦੀਆਂ ਜੜ੍ਹਾਂ ਨਹੀਂ ਹੁੰਦੀਆਂ ਅਤੇ ਇਹ ਪਾਣੀ ਵਿਚ ਤਰਦਾ ਰਹਿੰਦਾ ਹੈ। ਇਸ ਦੀਆਂ ਪਤਲੀਆਂ ਪਤਲੀਆਂ ਅਨੇਕ ਟਹਿਣੀਆਂ ਹੁੰਦੀਆਂ ਹਨ ਅਤੇ ਪੱਤੇ ਗੁੱਥੀਆਂ ਵਰਗੇ ਹੁੰਦੇ ਹਨ। ਗੁੱਥੀ ਦੇ ਉੱਪਰ ਇਕ ਢੱਕਣ ਹੁੰਦਾ ਹੈ ਜਿਸ ਉੱਪਰ ਬਹੁਤ ਸੂਖਮ ਵਾਲ ਹੁੰਦਾ ਹੈ। ਜਦ ਸ਼ਿਕਾਰ ਇਸ ਵਾਲ ਨੂੰ ਛੂੰਹਦਾ ਹੈ ਤਾਂ ਢੱਕਣ ਖੁੱਲ ਜਾਂਦਾ ਹੈ ਅਤੇ ਸ਼ਿਕਾਰ ਅੰਦਰ ਚੂਸਿਆ ਜਾਂਦਾ ਹੈ। ਇਸ ਵਾਲਵ ਕ੍ਰਿਆ ਨਾਲ ਸ਼ਿਕਾਰ ਸਿਰਫ ਅੰਦਰ ਹੀ ਜਾ ਸਕਦਾ ਹੈ, ਉਸ ਦੇ ਬਾਹਰ ਜਾਣ ਦਾ ਕੋਈ ਰਸਤਾ ਨਹੀਂ



ਇਹ ਡਾਈਔਨੀਆਂ ਦੇ ਖੁਲੇ ਕੋਲ ਹਨ ਜੋ ਸ਼ਿਕਾਰ ਫੱਸਣ ਤੇ ਬੰਦ ਹੋ ਜਾਂਦ ਹਨ।

Sant Sipahi - The oldest Panthic Magazine/ www.santsipahi.org

ਹੁੰਦਾ । ਯੂਟਰੀਕੁਲੇਰੀਆ ਦੇ ਸ਼ਿਕਾਰ ਪਿੰਜਰੇ ਗੁੱਥੀਆਂ ਦੇ ਵੱਖ ਵੱਖ ਸਾਈਜ਼ ਹੁੰਦੇ ਹਨ। ਇਸ ਲਈ ਸ਼ਿਕਾਰ ਫੜਨ ਵਿਚ ਬੂਟੇ ਕੋਲ ਜ਼ਿਆਦਾ ਚੋਣ-ਸ਼ਕਤੀ ਹੁੰਦੀ ਹੈ। ਇਹ ਕੀਟਾਹਾਰੀ ਬੂਟਾ ਯੂ. ਪੀ. ਵਿਚ ਸਰਦੀਆਂ ਵਿਚ ਆਮ ਛੱਪੜਾਂ ਵਿਚ ਹੁੰਦਾ ਹੈ। ਤਿੰਨ ਦਿਨਾਂ ਤਕ ਬੂਟਾ ਸ਼ਿਕਾਰ ਚੋਂ ਲੋੜੀਂਦੇ ਤੱਤ ਹਜ਼ਮ ਕਰਕੇ ਗੁੱਥੀ ਦਾ ਢੱਕਣ ਖੋਲ ਦਿੰਦਾ ਹੈ ਅਤੇ ਅਗਲੇ ਸ਼ਿਕਾਰ ਲਈ ਤਿਆਰ ਹੋ ਜਾਂਦਾ ਹੈ।

ਜੀਵ ਖਾਣ ਵਾਲੇ ਬੂਟਿਆਂ ਦੇ ਸ਼ਿਕਾਰ ਦੀ ਇੱਕ ਹੋਰ ਵਿਧੀ ਹੈ। ਇਸ ਵਿਚ ਬੂਟੇ ਦੀ ਆਪਣੀ ਕੋਈ ਹਰਕਤ ਨਹੀਂ ਹੁੰਦੀ। ਸ਼ੋਖ ਰੰਗ ਦੀਆਂ ਬੂਟੇ ਉੱਤੇ ਲਟਕਦੀਆਂ ਥੈਲੀਆਂ ਕੀੜੇ ਮਕੌੜੇ ਆਕਰਸ਼ਿਤ ਕਰ ਲੈਂਦੀਆਂ ਹਨ। ਥੈਲੀ ਦੇ ਸਿਰੇ ਉੱਤੇ ਹੀ ਨੈਕਟਰ ਗਲੈਂਡ ਹੁੰਦੇ ਹਨ। ਕੀੜੇ ਰਸ ਚੂਸਣ ਦੇ ਲਾਲਚ ਵਿਚ ਥੈਲੀ ਵੱਲ ਆਉਂਦੇ ਹਨ। ਉੱਥੇ ਤਿਲਕਣੀ ਥਾਂ ਅਤੇ ਅੰਦਰ ਵਲ ਨੂੰ ਮੁੜੇ ਹੋਏ ਵਾਲ ਕੀੜੇ ਨੂੰ ਹੌਲੀ ਹੌਲੀ ਅੰਦਰ ਧੱਕ ਦਿੰਦੇ ਹਨ। ਸ਼ਿਕਾਰ ਫਿਰ ਸਿੱਧਾ ਗੁੱਥੀ ਦੇ ਤਲੇ ਤੇ ਹੀ ਪਹੁੰਚਦਾ ਹੈ, ਉਸ ਚੋਂ ਨਿਕਲ ਨਹੀਂ ਸਕਦਾ। ਗੁੱਥੀ ਦੇ ਸਿਰੇ ਉੱਤੇ ਸਥਿਤ ਢੱਕਣ (ਲਿਡ) ਆਪਣੇ ਆਪ ਬੰਦ ਹੋ ਜਾਂਦਾ ਹੈ ਤੇ ਕੀੜੇ ਵਿਚੋਂ ਲੋੜੀਂਦੇ ਪਦਾਰਥ ਚੂਸ ਕੇ ਬਚਿਆ-ਖੁਚਿਆ ਹਿੱਸਾ ਬਾਹਰ ਸੁਟਣ ਵੇਲੇ ਹੀ ਖੁਲਦਾ ਹੈ। ਇਸ ਤਰ੍ਹਾਂ ਦੇ ਬੂਟਿਆਂ ਦੀ ਆਮ ਕਿਸਮ ਨਿਪੇਨਥੀਸ ਹੈ। ਸਭ ਤੋਂ ਦਿਲਚਸਪ ਡਾਰਲਿੰਗਟੋਨੀਆ ਹੈ। ਇਸ ਦੀ ਗੁੱਥੀ ਦੇ ਢੱਕਣ ਦੇ ਕੁਝ ਹਿੱਸੇ ਪਾਰਦਰਸ਼ੀ ਹੁੰਦੇ ਹਨ। ਕੀੜੇ ਗੁੱਥੀ ਦੇ ਅੰਦਰਲੇ ਕੰਢੇ ਤੋਂ ਰਸ ਚੂਸਣ ਤੋਂ ਬਾਦ ਇਨ੍ਹਾਂ ਪਾਰਦਰਸ਼ੀ ਹਿੱਸਿਆਂ ਨੂੰ ਬਾਹਰ ਜਾਣ ਦਾ ਰਸਤਾ ਸਮਝ ਕੇ ਉਸ ਵਲ ਦੋੜਦੇ ਹਨ, ਪਰ ਉਸ ਨਾਲ ਟਕਰਾ ਕੇ ਗੁੱਥੀ ਅੰਦਰ ਦੇ ਤਰਲ ਪਦਾਰਥ ਵਿਚ ਡਿੱਗ ਜਾਂਦੇ ਹਨ ਅਤੇ ਬੂਟਾ ਇਨ੍ਹਾਂ ਨੂੰ ਜਜ਼ਬ ਕਰ ਲੈਂਦਾ ਹੈ।

ਜੀਵ ਖਾਣ ਵਾਲੇ ਬੂਟਿਆਂ ਦੀ ਖਾਸੀਅਤ ਇਹ ਹੈ ਕਿ ਇਹ ਉਸ ਮਿੱਟੀ ਵਿਚ ਹੁੰਦੇ ਹਨ ਜਿਥੇ ਕਿ ਨਾਈਟਰੋਜਨ ਦੀ ਕਮੀ ਹੁੰਦੀ ਹੈ। ਨਾਈਟਰੋਜਨ ਬੂਟੇ ਦੇ ਬਹੁਤ ਜ਼ਰੂਰੀ ਤੱਤਾਂ ਵਿਚੋਂ ਹੈ। ਇਸ ਦੀ ਜ਼ਰੂਰਤ ਪਰੋਟੀਨ, ਵਧਣ ਲਈ ਗਰੋਥ ਹਾਰਮੋਨ, ਆਦਿ ਵਿਚ ਹੁੰਦੀ ਹੈ। ਜਦ ਬੂਟੇ ਨੂੰ ਇਹ ਤੱਤ ਮਿੱਟੀ ਚੋਂ ਨਾ ਮਿਲਣ ਤਾਂ ਉਹ ਕੀੜੇ-ਮਕੌੜੇ ਫੜ ਕੇ ਉਨ੍ਹਾਂ ਚੋਂ ਆਪਣੀ ਨਾਈਟਰੋਜਨ ਦੀ ਕਮੀ ਪੂਰੀ ਕਰਦੇ ਹਨ।

ਇਹ ਵੀ ਸੁਣਨ ਵਿਚ ਆਇਆ ਹੈ ਕਿ ਕੁਝ ਐਨੇ ਵੱਡੇ ਵੱਡੇ ਮਾਸਾਹਾਰੀ ਹੁੰਦੇ ਹਨ ਕਿ ਉਹ ਆਦਮੀ ਨੂੰ ਖਾ ਲੈਂਦੇ ਹਨ। ਇਨ੍ਹਾਂ ਦੀ ਇਕ ਕਿਸਮ ਅਫਰੀਕਾ ਵਿਚ ਦੱਸੀ ਜਾਂਦੀ ਹੈ। ਇਸ ਮਾਸਾਹਾਰੀ ਬੂਟੇ ਦੀ ਬਹੁਤ ਠੰਡੀ ਛਾਂ ਹੁੰਦੀ ਹੈ। ਕੋਈ ਬੇਖਬਰ ਯਾਤਰੀ ਇਸ ਦੀ ਥਾਂ ਵਿਚ ਸੌਂ ਜਾਵੇ ਤਾਂ ਬੂਟੇ ਦੇ ਪੱਤੇ ਥੱਲੇ ਝੁਕ ਉਸ ਨੂੰ ਲਪੇਟ ਲੈਂਦੇ ਹਨ। ਫਿਰ ਇਤਨੀ ਜ਼ੋਰ ਦੀ ਜਕੜਦੇ ਹਨ ਕਿ ਆਦਮੀ ਉਸ ਵਿਚੋਂ ਨਿਕਲ ਨਹੀਂ ਸਕਦਾ ਅਤੇ ਆਦਮੀ ਨੂੰ ਖਾ ਜਾਂਦੇ ਹਨ। ਇਹ ਆਦਮਖੋਰ ਬੂਟਾ ਸਿਰਫ ਕਹਾਣੀ ਵਾਂਗ ਹੀ ਸੁਣਿਆ ਹੈ ਪਰ ਇਸ ਦੀ ਅਸਲੀਅਤ ਦੇ ਸਬੂਤ ਸਾਡੀ ਜਾਣਕਾਰੀ ਵਿਚ ਨਹੀਂ।

—ਕਿਰਨਜੋਤ ਕੌਰ

(ਸਫ਼ਾ 58 ਦੀ ਬਾਕੀ)

ਪ੍ਰਬੰਧਕ ਕਮੇਟੀ ਦੇ ਮੈਂਬਰ ਨਿਰੋਲ ਧਾਰਮਿਕ ਵਿਅਕਤੀ ਚਾਹੀਦੇ ਹਨ। ਹੁਣ ਕੋਈ ਬੰਦਸ਼ ਨਹੀਂ ਤੇ ਉਹ ਮੈਂਬਰ ਵੀ ਬਣ ਜਾਂਦੇ ਹਨ ਜੋ ਕਿ ਧਰਮ ਵਿਚ ਬਹੁਤੇ ਪਰਪਕ ਨਹੀਂ ਹੁੰਦੇ। ਅੰਮ੍ਰਿਤਧਾਰੀ ਗੁਰ ਸਿਖ ਆਮ ਤੌਰ ਉਤੇ ਸ਼ਰਾਬ ਪੀਣ ਵਾਲੇ ਨਹੀਂ ਹੁੰਦੇ। ਇਸ ਕਰਕੇ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਲਈ ਇਹ ਸ਼ਰਤ ਹੋਵੇ ਕਿ ਸ਼ਰਾਬ ਪੀਣ ਵਾਲਾ ਮੈਂਬਰ ਨਹੀਂ ਬਣ ਸਕਦਾ ਤਾਂ ਧਾਰਮਿਕ ਬੰਦੇ ਹੀ ਪ੍ਰਬੰਧ ਵਿਚ ਭਾਰੂ ਹੋ ਸਕਣਗੇ। ਧਾਰਮਿਕ ਸਿਖ ਤਾਂ ਹੀ ਮੈਂਬਰ ਬਣ ਸਕਣਗੇ ਜੇ ਸ਼ਰਾਬ ਨਾ ਪੀਣ ਵਾਲੇ ਕੇਵਲ ਧਾਰਮਿਕ ਸਿਖ ਹੀ ਵੋਟਰ ਹੋਣਗੇ। ਭਾਵੇਂ ਪਿਤਾ ਜੀ ਪਿਛੋਂ ਕਿਹਾ ਕਰਦੇ ਸਨ ਕਿ ਮੇਰੀ ਇਸ ਤਜਵੀਜ਼ ਨਾਲ ਮੈਂ ਸ਼ਰਾਬ ਪੀਣ ਵਾਲਿਆਂ ਨੂੰ ਮੈਂਬਰੀ ਤੇ ਵੋਟ ਤੋਂ ਵਾਂਝਿਆ ਨਾ ਕਰ ਸਕਿਆ। ਸਗੋਂ ਸਾਰੀ ਕੌਮ ਹੀ ਝੂਠਿਆਂ ਦੀ ਬਣਾ ਦਿਤੀ। ਸਿਖਾਂ ਨੇ ਸ਼ਰਾਬ ਤੇ ਛਡੀ ਨਹੀਂ ਤੇ ਹਰ ਸਿਖ ਗੁਰਦੁਆਰਾ ਕਮੇਟੀ ਦਾ ਵੋਟਰ ਬਣਨ ਲਗਿਆ ਝੂਠੀ ਸਹੁੰ ਚੁਕਦਾ ਹੈ ਕਿ ਉਹ ਸ਼ਰਾਬ ਨਹੀਂ ਪੀਂਦਾ।

ਜਦੋਂ ਪਿਤਾ ਜੀ ਨੇ ਇਸ ਸਕੀਮ ਸਬੰਧੀ ਹੋਰ ਧਾਰਮਿਕ ਵਿਅਕਤੀਆਂ ਨਾਲ ਸਲਾਹ ਕੀਤੀ ਤਾਂ ਸਾਰਿਆਂ ਨੇ ਹੀ ਇਸ ਨੂੰ ਠੀਕ ਸਮਝਿਆ। ਉਸ ਵਕਤ ਵੱਖਰੀ ਚੋਣ ਪ੍ਰਣਾਲੀ ਹੁੰਦੀ ਸੀ ਤੇ ਪੰਜਾਬ ਗੁਰਦੁਆਰਾ ਐਕਟ ਅਨੁਸਾਰ ਗੁਰਦੁਆਰਾ ਐਕਟ ਵਿਚ ਜੋ ਤਰਮੀਮ ਕਰਨੀ ਹੋਵੇ ਉਹ ਪਹਿਲਾਂ ਪੰਜਾਬ ਅਸੈਂਬਲੀ ਦੇ ਸਿੱਖ ਮੈਂਬਰਾਂ ਦੀ ਬਹੁਸੰਮਤੀ ਨਾਲ ਪ੍ਰਵਾਨ ਹੋਣੀ ਚਾਹੀਦੀ ਸੀ। ਅਥਵਾ ਕੇਵਲ ਸਿੱਖਾਂ ਦੇ ਚੁਣੇ ਹੋਏ ਨੁਮਾਇੰਦੇ ਹੀ ਗੁਰਦੁਆਰਾ ਐਕਟ ਵਿਚ ਕੋਈ ਅਦਲਾ ਬਦਲੀ ਕਰ ਸਕਦੇ ਸਨ। ਇਹ ਦੂਜੀ ਦੁਨੀਆ ਦੀ ਜੰਗ ਸਮੇਂ ਦੀ ਗੱਲ ਹੈ। ਜਦੋਂ ਇਹ ਤਜਵੀਜ਼ ਸਿੱਖ ਐਮ. ਐਲ. ਏ. ਦੇ ਸਾਹਮਣੇ ਪੇਸ਼ ਹੋਈ, ਉਨ੍ਹਾਂ ਵਿਚੋਂ ਕਈ ਪੀਣ ਵਾਲੇ ਸਨ ਤੇ ਨਾਲ ਹੀ ਗੁਰਦੁਆਰਾ ਕਮੇਟੀਆਂ ਨਾਲ ਸਬੰਧਤ ਸਨ। ਉਨ੍ਹਾਂ ਨੇ ਇਸ ਸਕੀਮ ਦੀ ਵਿਰੋਧਤਾ ਕੀਤੀ। ਸਰਦਾਰ ਬਲਦੇਵ ਸਿੰਘ ਭਾਵੇਂ ਆਪ ਪੀਣ ਵਾਲਿਆਂ ਦੀ ਸ਼੍ਰੇਣੀ ਵਿਚ ਆਉਂਦਾ ਸੀ ਉਸ ਨੇ ਇਸ ਸਕੀਮ ਦੀ ਡੱਟ ਕੇ ਹਮਾਇਤ ਕੀਤੀ ਤੇ ਦੂਜੇ ਐਮ. ਐਲ. ਏ. ਨੂੰ ਮਨਾਉਣ ਦੀ ਇਹ ਕਹਿ ਕੇ ਕੋਸ਼ਿਸ ਕੀਤੀ ਕਿ ਜੇ ਤੁਸੀਂ ਗੁਰਦੁਆਰਾ ਪ੍ਰਬੰਧ ਵਿਚ ਆਪਣਾ ਦਖ਼ਲ ਚਾਹੁੰਦੇ ਹੋ ਤਾਂ ਸ਼ਰਾਬ ਛੱਡ ਦੇਵੋ। ਜੇ ਸ਼ਰਾਬ ਨਹੀਂ ਛੱਡ ਸਕਦੇ ਤਾਂ ਗੁਰਦੁਆਰਾ ਪ੍ਰਬੰਧ ਤੋਂ ਲਾਂਭੇ ਹੋ ਜਾਵੋ। ਇਹ ਸਰਦਾਰ ਬਲਦੇਵ ਸਿੰਘ ਦੀ ਹਿੰਮਤ ਸੀ ਕਿ ਇਹ ਤਰਮੀਮ ਸਰਬ-ਸੰਮਤੀ ਨਾਲ ਪਾਸ ਹੋ ਗਈ ਸੀ।

ਬਟਵਾਰੇ ਤੋਂ ਪਹਿਲਾਂ ਸਰਦਾਰ ਬਲਦੇਵ ਸਿੰਘ ਨੇ ਹਮੇਸ਼ਾ ਪਿਤਾ ਜੀ ਦੀ ਹਰ ਗੱਲ ਦੀ ਪ੍ਰੋੜਤਾ ਕੀਤੀ ਪਰ ਤਾਂ ਵੀ ਪਿਤਾ ਜੀ ਨੇ ਕਦੀ ਵੀ ਸਰਦਾਰ ਬਲਦੇਵ ਸਿੰਘ ਨੂੰ ਸ਼ਰੋਮਣੀ ਅਕਾਲੀ ਦਲ ਉਤੇ ਭਾਰੂ ਹੋਣਾ ਤੇ ਇਕ ਪਾਸੇ ਰਿਹਾ ਕਦੀ ਵਰਕਿੰਗ ਕਮੇਟੀ ਦਾ ਮੈਂਬਰ ਵੀ ਨਹੀਂ ਬਣਾਇਆ ਸੀ। ਪਿਤਾ ਜੀ ਨੇ ਹਮੇਸ਼ਾ ਸ਼ਰੋਮਣੀ ਅਕਾਲੀ ਦਲ ਨੂੰ ਲੈਜਿਸਲੇਚਰ ਤੋਂ ਵੱਖਰਾ ਰੱਖਣ ਦੀ ਕੋਸ਼ਿਸ਼ ਕੀਤੀ। ਜੋ ਜਥੇਦਾਰ ਐਮ. ਐਲ. ਏ. ਲਈ ਖੜਾ ਹੋ ਜਾਵੇ ਉਸ ਨੂੰ ਜਥੇਦਾਰੀ ਛੱਡਣੀ ਪੈਂਦੀ ਸੀ। ਜਥੇਦਾਰ ਐਮ. ਐਲ. ਏ. ਬਨਾਉਣ ਵਾਲੇ ਹੁੰਦੇ ਸਨ ਬਣਨ ਵਾਲੇ ਨਹੀਂ ਸਨ ਹੁੰਦੇ। ਕਈ ਜਥੇਦਾਰਾਂ ਨੇ ਤੇ ਸ਼ਰੋਮਣੀ ਕਮੇਟੀ ਦਾ ਮੈਂਬਰ ਬਣਨ ਵੇਲੇ ਵੀ ਜਥੇਦਾਰੀ ਛੱਡ ਦਿੱਤੀ ਸੀ।

ਗੱਲ ਲਾਂਭੇ ਚਲੀ ਗਈ। ਪਿਤਾ ਜੀ ਨੂੰ ਪੰਥਕ ਕੰਮਾਂ ਵਾਸਤੇ ਜ਼ਰੂਰ ਪੈਸਾ ਚਾਹੀਦਾ ਹੁੰਦਾ ਸੀ ਪਰ ਜ਼ਾਤ ਲਈ ਨਹੀਂ। ਉਹ ਕਿਹਾ ਕਰਦੇ ਸਨ ਕਿ ਮਨੁੱਖੀ ਦੁਨਿਆਵੀ ਜ਼ਿੰਦਗੀ ਸਦੀਵ ਜ਼ਿੰਦਗੀ ਦਾ ਇਕ ਛੋਟਾ ਜੇਹਾ ਹਿੱਸਾ ਹੈ। ਇਸ ਕਾਲ ਵਿਚ ਬੱਧੀ ਹੋਈ ਜ਼ਿੰਦਗੀ ਵਿਚ ਚਾਰ ਦਿਨ ਸੁੱਖ ਦੇ ਕੱਟ ਲਏ ਜਾਂ ਔਖੇ ਕੱਟ ਲਏ ਫ਼ਰਕ ਨਹੀਂ ਪੈਂਦਾ। ਪਿਤਾ ਜੀ ਪੈਸਾ ਪੰਥਕ ਕੰਮਾਂ ਲਈ ਲੈਂਦੇ ਸਨ ਇਸ ਕਰਕੇ ਪੈਸੇ ਵਾਲਿਆਂ ਦਾ ਲੋੜ ਤੋਂ ਵੱਧ ਲਿਹਾਜ ਕਰਨ ਦੀ ਉਨ੍ਹਾਂ ਨੇ ਕਦੀ ਜ਼ਰੂਰਤ ਨਹੀਂ ਸਮਝੀ ਸੀ। ਉਹ ਕਿਹਾ ਕਰਦੇ ਸੀ ਕਿ ਜੇ ਪੈਸੇ ਵਾਲੇ ਨੇ ਪੰਥਕ ਕੰਮਾਂ ਲਈ ਪੈਸਾ ਦਿਤਾ ਸੀ ਤਾਂ ਪੰਥਕ ਕੰਮਾਂ ਲਈ ਲੱਗ ਗਿਆ ਜੇ ਕਿਸੇ ਨੇ ਨਫੇ ਲਈ ਸਰਮਾਇਆ ਲਗਾਇਆ ਸੀ ਤੇ ਉਸ ਨੂੰ ਘਾਟਾ ਪੈ ਗਿਆ ਹੈ ਤਾਂ ਉਨ੍ਹਾਂ ਦਾ ਕੀ ਕਸੂਰ ਹੈ।

ਵਰਤਣ ਲਈ ਪੈਸਾ ਜ਼ਰੂਰੀ ਹੈ ਪਰ ਪੈਸਾ ਆਪਣੇ ਆਪ ਵਿਚ ਮਾਸਟਰ ਤਾਰਾ ਸਿੰਘ ਜੀ ਦੀਆਂ ਨਜ਼ਰਾਂ ਵਿਚ ਇਕ ਲਾਹਨਤ ਸੀ। ਉਸ ਬਾਰੇ ਅਸੀਂ ਵਿਸਥਾਰ ਸਾਹਿਤ ਅਗਲੇ ਅੰਕ ਵਿਚ ਲਿਖਾਂਗੇ।

Sant Sipahi - The oldest Panthic Magazine/ www.santsipahi.org

## ਸਿੱਖ ਇਤਿਹਾਸ

# ਗੁਰੂ ਰਾਮ ਦਾਸ ਜੀ

ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਚੂਨਾ ਮੰਡੀ ਭਾਈ ਹਰਦਾਸ ਜੀ ਦੇ ਘਰ ਮਾਤਾ ਦਇਆ ਕੌਰ ਦੀ ਕੁਖ ਤੋਂ 24 ਸਤੰਬਰ 1591 ਈਸਵੀਂ ਨੂੰ ਹੋਇਆ ਸੀ ਤੇ ਮਾਂ ਪਿਓ ਨੇ ਆਪਦਾ ਨਾਮ ਜੇਠਾ ਜੀ ਰੱਖਿਆ।

ਛੋਟੀ ਉਮਰ ਵਿਚ ਹੀ ਭਾਈ ਜੇਠਾ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ। ਆਪਦੀ ਉਮਰ ਸੱਤਾਂ-ਅੱਠਾਂ ਸਾਲਾਂ ਦੀ ਹੀ ਸੀ ਕਿ ਉਨ੍ਹਾਂ ਦੀ ਨਾਨੀ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਨਾਨਕੇ ਘਰ ਗਰੀਬੀ ਕਾਰਨ ਭਾਈ ਜੇਠਾ ਜੀ ਛੋਟੀ ਉਮਰ ਵਿਚ ਹੀ ਮੇਹਨਤ ਮਜ਼ਦੂਰੀ ਕਰਨ ਲੱਗ ਪਏ। ਆਪ ਛੋਲਿਆਂ ਦੀਆਂ ਘੁੰਗਣੀਆਂ ਵੇਚ ਕੇ ਆਪਣਾ ਨਿਰਬਾਹ ਕਰਦੇ। ਬਾਸਰਕੇ ਹੀ ਗੁਰੂ ਅਮਰਦਾਸ ਜੀ ਦੀ ਜਨਮ ਨਗਰੀ ਸੀ। ਉਥੋਂ ਕਾਫੀ ਸੰਗਤਾਂ ਗੋਂਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਜਾਇਆ ਕਰਦੀਆਂ ਸਨ। ਭਾਈ ਜੇਠਾ ਜੀ ਜਦੋਂ ਜ਼ਰਾ ਸਿਆਣੇ ਹੋਏ ਤਾਂ ਆਪ ਵੀ ਗੋਂਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਚਲੇ ਗਏ। ਆਪਨੂੰ ਗੁਰੂ ਦੇ ਦੁਆਰੇ ਤੋਂ ਆਤਮਿਕ ਸ਼ਕਤੀ ਮਿਲੀ ਤੇ ਆਪ ਗੋਂਦਵਾਲ ਹੀ ਟਿਕ ਗਏ। ਉਥੇ ਸਤਿਸੰਗ ਵੀ ਕਰਦੇ ਤੇ ਛੋਲਿਆਂ ਦੀਆਂ ਘੁੰਗਣੀਆਂ ਵੇਚ ਕੇ ਆਪਣਾ, ਗੁਜ਼ਾਰਾ ਵੀ ਕਰੀ ਜਾਂਦੇ।

ਗੁਰੂ ਅਮਰਦਾਸ ਜੀ ਦੀਆਂ ਦੋ ਸਪੁਤ੍ਰੀਆਂ ਸਨ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ। ਬੀਬੀ ਦਾਨੀ ਜੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋ ਚੁੱਕਾ ਸੀ ਤੇ ਬੀਬੀ ਭਾਨੀ ਜੀ ਜੁਆਨ ਤੇ ਕੁਆਰੇ ਸਨ। ਇਕ ਦਿਨ ਮਾਤਾ ਰਾਮ ਕੌਰ ਜੀ ਨੇ ਗੁਰੂ ਅਮਰਦਾਸ ਜੀ ਨੂੰ ਬੀਬੀ ਭਾਨੀ ਦਾ ਵਰ ਢੂੰਡਣ ਲਈ ਕਿਹਾ। ਉਸੇ ਵਕਤ ਭਾਈ ਜੇਠਾ ਜੀ ਘੁੰਗਣੀਆਂ ਵੇਚਦੇ ਹੋਏ ਉਥੋਂ ਲੰਘ ਰਹੇ ਸਨ। ਮਾਤਾ ਜੀ ਨੇ ਭਾਈ ਜੇਠਾ ਜੀ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਹੋ ਜਿਹਾ ਸੁਨੱਖਾ ਗੱਭਰੂ ਭਾਨੀ ਵਾਸਤੇ ਵਰ ਚਾਹੀਦਾ ਹੈ। ਗੁਰੂ ਅਮਰਦਾਸ ਜੀ ਨੇ ਉਤਰ ਦਿਤਾ ਕਿ ਇਹੋ ਜਿਹਾ ਤੇ ਇਹ ਆਪ ਹੀ ਹੈ ਤੇ ਉਨ੍ਹਾਂ ਨੇ ਭਾਈ ਜੇਠਾ ਜੀ ਦੀ ਗ਼ਰੀਬੀ ਦਾ ਧਿਆਨ ਨਾ ਕਰਦੇ ਹੋਇਆ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿਤਾ।

ਮਾਤਾ ਭਾਨੀ ਜੀ ਦੀ ਕੁੱਖੋਂ ਤਿੰਨ ਸਹਿਬਜ਼ਾਦਿਆਂ ਨੇ ਜਨਮ ਲਿਆ ਪ੍ਰਿਥੀ ਚੰਦ, ਮਾਹਦੇਵ ਤੇ ਗੁਰੂ ਅਰਜਨ ਦੇਵ ਜੀ।

ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਕੋਲ ਹੀ ਰਹਿੰਦੇ ਤੇ ਉਨ੍ਹਾਂ ਦੀ ਅਣਥਕ ਸੇਵਾ ਕਰਦੇ। ਉਨ੍ਹਾਂ ਨੇ ਕਦੀ ਇਹ ਮਹਿਸੂਸ ਨਾ ਕੀਤਾ ਕਿ ਉਹ ਸਹੁਰੇ ਘਰ ਜੁਆਈ ਰਹਿ ਰਹੇ ਹਨ। ਕਈ ਵਾਰ ਉਨ੍ਹਾਂ ਦੇ ਅੰਗ ਸ਼ਰੀਕ ਆ ਕੇ ਉਨ੍ਹਾਂ ਨੂੰ ਮੇਹਣੇ ਮਾਰਦੇ ਪਰ ਉਹ ਕਿਸੇ ਗੱਲ ਦੀ ਪ੍ਰਵਾਹ ਨਾ ਕਰਦੇ ਹੋਇਆ ਗੁਰੂ ਘਰ ਦੀ ਸੇਵਾ ਵਿਚ ਜੁਟੇ ਰਹੇ।

ਗੁਰੂ ਅਮਰਦਾਸ ਜੀ ਦੀ ਪਾਰਖੂ ਅੱਖ ਭਾਈ ਜੇਠਾ ਜੀ ਨੂੰ ਪਛਾਣ ਗਈ ਸੀ। ਆਪ ਨੂੰ ਅਣਥੱਕ ਸੇਵਾ ਕਰਦਿਆ ਦੇਖ ਕੇ ਗੁਰੂ ਅਮਰਦਾਸ ਜੀ ਉਨ੍ਹਾਂ ਨੂੰ ਰਾਮ ਦਾਸ ਕਹਿ ਕੇ ਬੁਲਾਇਆ ਕਰਦੇ ਸਨ ਇਸ ਤਰ੍ਹਾਂ ਭਾਈ ਜੇਠਾ ਜੀ ਦਾ ਨਾਮ ਰਾਮ ਦਾਸ ਹੀ ਹੌਲੀ ਹੌਲੀ ਪੱਕ ਗਿਆ। ਗੁਰੂ ਅਮਰਦਾਸ ਜੀ ਨੂੰ ਯਕੀਨ ਸੀ ਕਿ ਰਾਮਦਾਸ ਜੀ ਗੁਰ-ਗੱਦੀ·ਦੇ ਪੂਰੀ ਤਰ੍ਹਾਂ ਯੋਗ ਹਨ ਪਰ ਗੁਰ-ਗੱਦੀ ਸੋਂਪਣ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਨੇ ਪ੍ਰੀਖਿਆ ਲੈਣੀ ਯੋਗ ਸਮਝੀ। ਗੁਰੂ ਅਮਰਦਾਸ ਜੀ ਨੇ ਆਪਣੇ ਵੱਡੇ ਜੁਆਈ ਭਾਈ ਰਾਮਾ ਜੀ ਨੂੰ ਕਿਹਾ ਕਿ ਬਉਲੀ ਦੀ ਇਮਾਰਤ ਬਣਦੀ ਵੇਖਣ ਲਈ ਉਨ੍ਹਾਂ ਨੂੰ ਇਕ ਥੜੇ ਦੀ ਲੋੜ ਹੈ ਤੇ ਉਨ੍ਹਾਂ ਨੇ ਇਕ ਥਾਂ ਦਸਕੇ ਕਿਹਾ ਕਿ ਇਥੇ ਇਕ ਥੜਾ ਬਣਾ ਦਿਓ। ਭਾਈ ਰਾਮਾ ਜੀ ਨੇ ਥੜਾ ਬਣਾਇਆ ਤੇ ਗੁਰੂ ਅਮਰਦਾਸ ਜੀ ਨੇ ਉਸ ਵਿਚ ਨੁਕਸ ਕੱਢ ਕੇ ਥੜਾ ਢੁਹਾ ਦਿਤਾ। ਜਦੋਂ ਦੋ ਤਿੰਨ ਵਾਰ ਥੜਾ ਢੁਹਾਇਆ ਤਾਂ ਭਾਈ ਰਾਮਾ ਜੀ ਕਾਲ੍ਹੇ ਪੈ ਗਏ ਤੇ ਆਖਣ ਲੱਗੇ ਕਿ ਚੰਗਾ ਭਲਾ ਥੜਾ ਬਣਾਇਆ ਹੈ। ਗੁਰੂ ਜੀ ਦੀ ਬ੍ਰਿਧ ਅਵਸਥਾ ਕਰਕੇ ਦਿਮਾਗ ਚਲ ਗਿਆ ਹੈ ਤੇ ਉਨ੍ਹਾਂ ਨੇ ਅੱਗੋਂ ਥੜ੍ਹਾ ਬਨਾਉਣ ਤੇ ਇਨਕਾਰ ਕਰ ਦਿੱਤਾ।

ਇਸੇ ਤਰ੍ਹਾਂ ਭਾਈ ਜੇਠਾ ਜੀ ਨੂੰ ਵੀ ਗੁਰੂ ਅਮਰਦਾਸ ਜੀ ਨੇ ਇਕ ਹੋਰ ਥਾਂ ਉਤੇ ਇਸੇ ਤਰ੍ਹਾਂ ਦਾ ਥੜ੍ਹਾ ਬਨਾਉਣ ਲਈ ਕਿਹਾ ਹੋਇਆ ਸੀ। ਭਾਈ ਜੇਠਾ ਜੀ ਥੜ੍ਹਾ ਬਣਾਉਂਦੇ ਗੁਰੂ ਜੀ ਫਿਰ ਢੁਆ ਦਿੰਦੇ, ਉਹ ਫਿਰ ਬਣਾਉਂਦੇ ਤੇ ਗੁਰੂ ਜੀ ਫਿਰ ਢੁਆ ਦਿੰਦੇ। ਸਾਰਿਆਂ ਨੇ ਭਾਈ ਜੇਠਾ ਜੀ ਨੂੰ ਕਿਹਾ ਕਿ ਗੁਰੂ ਜੀ ਨੂੰ ਜ਼ਰੂਰ ਕੁਝ ਹੋ ਗਿਆ ਹੈ ਜੋ ਚੰਗਾ ਭਲਾ ਬਣਾਇਆ ਹੋਇਆ ਥੜ੍ਹਾ ਢੁਹਾ ਦਿੰਦੇ ਹਨ। ਤੁਸੀਂ ਕਿਉਂ ਮੁੜ ਮੁੜ ਥੜੇ ਬਣਾਈ ਤੇ ਢਾਈ ਜਾਂਦੇ ਹੋ। ਭਾਈ ਜੇਠਾ ਜੀ ਨੇ ਬੜੀ ਨਿੰਮ੍ਰਤਾ ਨਾਲ ਉਤ੍ਰ ਦਿਤਾ ਕਿ ਮੈਨੂੰ ਤੇ ਖੁਸ਼ੀ ਗੁਰੂ ਦਾ ਹੁਕਮ ਮੰਨਣ ਵਿਚ ਹੈ। ਮੈਂ ਤੇ ਗੁਰੂ ਦਾ ਹੁਕਮ ਮੰਨਦਾ ਹਾਂ। ਜੇ ਉਹ ਕਹਿੰਦੇ ਹਨ ਥੜ੍ਹਾ ਬਣਾ ਦੇ ਤਾਂ ਮੈਂ ਬਣਾ ਦਿੰਦਾ ਹਾਂ। ਜੇ ਉਹ ਕਹਿੰਦੇ ਹਨ ਢਾਹ ਦੇ ਤਾਂ ਮੈਂ ਢਾਹ ਦਿੰਦਾ ਹਾਂ। ਮੈਨੂੰ ਤੇ ਹੁਕਮ ਮੰਨਣ ਵਿਚ ਖੁਸ਼ੀ ਹੈ ਥੜੇ ਢਾਹੁਣੇ ਤੇ ਬਨਾਉਣੇ ਕੀ ਵੱਡੀ ਗੱਲ ਹੋਈ।

ਇਸ ਤਰ੍ਹਾਂ ਭਾਈ ਜੇਠਾ ਜੀ ਨੇ ਆਪਣੀ ਦ੍ਰਿੜਤਾ ਤੇ ਗੁਰੂ ਉਤੇ ਵਿਸਵਾਸ਼ ਦਾ ਪ੍ਰਗਟਾ ਕੀਤਾ। ਅੰਤ ਜਦੋਂ ਗੁਰੂ ਅਮਰਦਾਸ ਜੀ ਦੀ ਸਚਖੰਡ ਵਾਪਸੀ ਦੀ ਵਾਰੀ ਆਈ ਆਪ ਨੇ ਪਹਿਲੀ ਸਤੰਬਰ ਸੰਨ 1574 ਨੂੰ ਗੁਰੂ ਰਾਮਦਾਸ ਜੀ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ ਅਤੇ ਆਪਣੇ ਹੱਥਾਂ ਨਾਲ ਗੁਰੂ ਰਾਮਦਾਸ ਜੀ ਨੂੰ ਗੱਦੀ ਉਤੇ ਬਿਠਾਇਆ। ਸਾਰੀਆਂ ਸੰਗਤਾਂ ਤੇ ਮੁਖੀਆਂ ਨੇ ਮੱਥਾ ਟੇਕਿਆ। ਸਾਰੇ ਪ੍ਰਵਾਰ ਨੇ ਨਮਸਕਾਰ ਕੀਤੀ। ਗੁਰੂ ਅਮਰਦਾਸ ਜੀ ਦੇ ਸਪੁਤ੍ਰ ਬਾਬਾ ਮੋਹਰੀ ਜੀ ਨੇ ਵੀ ਮੱਥਾ ਟੇਕਿਆ। ਸਿਰਫ ਗੁਰੂ ਅਮਰਦਾਸ ਜੀ ਦੇ ਦੂਜੇ ਸਪੁਤ੍ਰ ਬਾਬਾ ਮੋਹਣ ਜੀ ਹੀ ਨਾ ਆਏ।

ਗੁਰੂ ਅਮਰਦਾਸ ਜੀ ਨੇ ਜੋਤੀ ਜੋਤ ਸਮਾਉਣ ਤੋਂ ਕੋਈ ਸਾਲ ਕੁ ਪਹਿਲਾਂ ਗੁਰੂ ਰਾਮਦਾਸ ਜੀ ਨੂੰ ਅੰਮ੍ਰਿਤਸਰ ਸਰੋਵਰ ਬਨਾਉਣ ਤੇ ਨਗਰੀ ਵਸਾਉਣ ਲਈ ਆਗਿਆ ਕਰਕੇ ਭੇਜਿਆ ਹੋਇਆ ਸੀ ਤੇ ਆਪ ਦੀ ਮਦਦ ਲਈ ਬਾਬਾ ਬੁੱਢਾ ਜੀ ਵੀ ਨਾਲ ਹੀ ਭੇਜੇ ਗਏ ਸਨ। ਗੁਰੂ ਰਾਮਦਾਸ ਜੀ ਨੇ ਪਹਿਲਾਂ ਸੰਤੋਖ ਸਰ ਦੀ ਖੁਦਵਾਈ ਕਰਵਾਈ। ਸੇਵਾ ਸਮੇਂ ਆਪ ਜਿਸ ਟਾਹਲੀ ਥੱਲੇ ਬੈਠਿਆ ਕਰਦੇ ਸਨ ਉਥੇ ਅੱਜ ਕੱਲ

Sant Sipahi - The oldest Panthic Magazine/ www.santsipahi.org

ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੋਇਆ ਹੈ।

ਗੁਰੂ ਅਮਰਦਾਸ ਜੀ ਨੇ ਸੰਤੋਖਸਰ ਤੋਂ ਥੋੜੀ ਹੱਟਵੀਂ ਇਕ ਪਿੰਡ ਦੀ ਨੀਂਹ ਰੱਖੀ ਜਿਸ ਦਾ ਨਾ ਪਹਿਲਾਂ ਗੁਰੂ ਦਾ ਚੱਕ ਕਰਕੇ ਮਸ਼ਹੂਰ ਹੋਇਆ ਤੇ ਫਿਰ ਇਸ ਨੂੰ ਰਾਮਦਾਸ ਚੱਕ ਕਹਿਣ ਲੱਗ ਪਏ।

ਗੁਰ-ਗੱਦੀ ਉਤੇ ਬਿਰਾਜਣ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ ਆਪਣਾ ਪੱਕਾ ਟਿਕਾਣਾ ਰਾਮਦਾਸ ਚੱਕ ਹੀ ਬਣਾ ਲਿਆ। ਕੁਝ ਜ਼ਮੀਨ ਆਪ ਕੋਲ ਏਥੇ ਪਹਿਲਾਂ ਹੀ ਸੀ ਬਾਕੀ ਦੀ ਪੰਜ ਸੌ ਵਿਗੇ ਹੋਰ ਉਨ੍ਹਾਂ ਨੇ ਤੁੰਗ ਪਿੰਡ ਦੇ ਜ਼ਿਮੀਦਾਰ ਕੋਲੋਂ 700 ਸੌ ਅਕਬਰੀ ਰੁਪਏ ਦੇ ਕੇ ਖਰੀਦ ਲਈ। ਫਿਰ ਇਸ ਥਾਂ ਉਤੇ ਆਪ ਨੇ ਸ਼ਹਿਰ ਵਸਾਉਣ ਦੇ ਉਪਰਾਲੇ ਅਰੰਭੇ। ਆਪ ਨੇ ਏਥੇ 52 ਜਾਤਾਂ ਦੇ ਵੱਖ ਵੱਖ ਕਿਤੇ ਕਰਨ ਵਾਲਿਆਂ ਨੂੰ ਬੁਲਾ ਕੇ ਵਸਾਇਆ। ਇਨ੍ਹਾਂ ਵਸਣ ਵਾਲੇ ਲੋਕਾਂ ਵਿਚ ਹਰ ਧਰਮ ਦੇ ਧਾਰਨੀ ਸਨ। ਇਨ੍ਹਾਂ ਵਿਚ ਲੁਹਾਰ, ਸੁਨਿਆਰੇ, ਜੁਲਾਹੇ, ਮੋਚੀ ਆਦਿ ਸਭ ਸਨ। ਇਨ੍ਹਾਂ ਸਾਰਿਆਂ ਨੂੰ ਇਕੱਠਿਆਂ ਹੀ ਇਕ ਬਜ਼ਾਰ ਵਿਚ ਵਸਾਇਆ ਗਿਆ ਜਿਸ ਨੂੰ ਅਜੇ ਤਕ ਗੁਰੂ ਬਜ਼ਾਰ ਆਖਿਆ ਜਾਂਦਾ ਹੈ। ਇਸ ਤਰ੍ਹਾਂ ਅੰਮ੍ਰਿਤਸਰ ਸਨਅਤ ਤੇ ਵਪਾਰ ਦਾ ਕੇਂਦਰ ਬਣ ਗਿਆ।

ਇਸੇ ਸਾਲ ਆਪ ਨੇ ਦੁਖ ਭੰਜਨੀ ਬੇਰੀ ਵਾਲੀ ਥਾਂ ਉਤੇ ਅੰਮ੍ਰਿਤ ਸਰੋਵਰ ਦੀ ਨੀਂਹ ਰੱਖੀ ਜਿਸ ਨੂੰ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਆਪ ਨੇ ਆਪਣੇ ਨਿਵਾਸ ਲਈ ਇਕ ਮਕਾਨ ਵੀ ਬਣਾਇਆ ਜੋ ਗੁਰੂ ਦੇ ਮਹਿਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਅੰਮ੍ਰਿਤ ਸਰੋਵਰ ਦੇ ਨਾਮ ਤੇ ਇਸ ਸ਼ਹਿਰ ਦਾ ਨਾਮ ਅੰਮ੍ਰਿਤਸਰ ਪੈ ਗਿਆ।

ਗੁਰੂ ਜੀ ਦੇ ਵਸਾਏ ਹੋਏ ਇਸ ਸ਼ਹਿਰ ਵਿਚ ਕਰਤਾਰਪੁਰ, ਖਡੂਰ ਸਾਹਿਬ ਤੇ ਗੋਇੰਦਵਾਲ ਸਾਹਿਬ ਵਾਂਗੂ ਫਿਰ ਲੰਗਰ ਲਗਣ ਲਗ ਪਏ ਤੇ ਸੰਗਤਾਂ ਜੁੜਨ ਲਗ ਪਈਆਂ। ਸੰਗਤਾਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਗਈ। ਗੁਰੂ ਰਾਮਦਾਸ ਜੀ ਸਰੋਵਰ ਵਿਚ ਹਰੀ ਮੰਦਰ ਦੀ ਥਾਪਨਾ ਕਰਨਾ ਚਾਹੁੰਦੇ ਸਨ ਤੇ ਇਸ ਸ਼ਹਿਰ ਨੂੰ ਵਸਾਉਣ ਵਿਚ ਵੀ ਉਨ੍ਹਾਂ ਦੀ ਪੂਰੀ ਦਿਲਚਸਪੀ ਸੀ। ਇਨ੍ਹਾਂ ਸਾਰਿਆਂ ਕੰਮਾਂ ਲਈ ਮਾਇਆ ਦੀ ਲੋੜ ਸੀ। ਗੁਰੂ ਰਾਮਦਾਸ ਜੀ ਨੇ ਮਸੰਦ ਥਾਪੇ ਤੇ ਇਨ੍ਹਾਂ ਮਸੰਦਾਂ ਨੂੰ ਜ਼ਿਮੇਵਾਰੀ ਸੌਂਪੀ ਗਈ ਕਿ ਉਹ ਥਾਂ ਥਾਂ ਜਾ ਕੇ ਸੰਗਤਾਂ ਕੋਲ ਜੋ ਮਾਇਆ ਗੁਰੂ ਨਮਿਤ ਪਈ ਹੋਵੇ ਉਹ ਲੈ ਆਉਣ। ਇਸ ਉਗਰਾਹੀ ਦੇ ਨਾਲ ਹੀ ਮਸੰਦਾਂ ਨੂੰ ਸਿਖੀ ਪ੍ਰਚਾਰ ਦਾ ਕੰਮ ਵੀ ਸੌਂਪਿਆ ਗਿਆ। ਇਹ ਮਸੰਦਾਂ ਦਾ ਸਿਲਸਲਾ ਨੌਵੇਂ ਪਾਤਿਸ਼ਾਹ ਤਕ ਜਾਰੀ ਰਿਹਾ। ਪਰ ਹੌਲੀ ਹੌਲੀ ਇਸ ਸਿਸਟਮ ਵਿਚ ਵੀ ਕੁਰੀਤੀਆਂ ਆ ਗਈਆਂ ਤੇ ਦਸਮ ਪਾਤਸ਼ਾਹ ਨੇ ਮਸੰਦ ਖਤਮ ਕਰ ਦਿਤੇ।

ਗੁਰੂ ਨਾਨਕ ਦੇਵ ਜੀ ਦੇ ਸਹਿਬਜਾਦੇ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਨੂੰ ਮਿਲਣ ਲਈ ਰਾਮਦਾਸ ਚੱਕ ਆਏ। ਗੁਰੂ ਰਾਮਦਾਸ ਜੀ ਨੇ ਆਪਦਾ ਬਹੁਤ ਸਤਿਕਾਰ ਕੀਤਾ ਤੇ ਆਪ ਨੂੰ ਚੰਗੀ ਥਾਂ ਉੱਤੇ ਠਹਿਰਾਇਆ। ਬਾਬਾ ਸ੍ਰੀ ਚੰਦ ਜੀ ਵੀ ਬੜੇ ਕਰਨੀ ਵਾਲੇ ਤਪਸਵੀ ਸਨ। ਉਨ੍ਹਾਂ ਨੇ ਗੁਰੂ ਰਾਮਦਾਸ ਜੀ ਨੂੰ ਪੁਛਿਆ, "ਪੁਰਖਾ ਇਤਨੀ ਲੰਬੀ ਦਾਹੜੀ ਕਿਉਂ ਵਧਾਈ ਹੋਈ ਹੈ।" ਗੁਰੂ ਰਾਮਦਾਸ ਜੀ ਨੇ ਉਤ੍ਰ ਦਿਤਾ, "ਆਪ ਵਰਗੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ।" ਇਹ ਕਹਿਕੇ ਗੁਰੂ ਰਾਮਦਾਸ ਜੀ ਆਪਣੀ ਦਾਹੜੀ ਨਾਲ ਬਾਬਾ ਸ੍ਰੀ ਚੰਦ ਦੇ ਚਰਨ ਝਾੜਨ ਲਗ ਪਏ। ਬਾਬਾ ਜੀ ਗੁਰੂ ਰਾਮਦਾਸ ਜੀ ਦੀ ਨਿਮ੍ਰਤਾ ਵੇਖ ਕੇ ਚਕ੍ਰਿਤ ਹੋ ਗਏ ਤੇ ਪ੍ਰਸੰਨ ਚਿਤ ਹੋ ਕੇ ਕਹਿਣ ਲਗੇ, "ਇਸ ਨਿਮ੍ਰਤਾ ਨੇ ਹੀ ਅਗੇ ਗੁਰੂ ਅੰਗਦ ਦੇਵ ਜੀ ਨੂੰ ਗਦੀ ਦਵਾਈ, ਫਿਰ ਗੁਰੂ ਅਮਰਦਾਸ ਜੀ ਨੂੰ ਤੇ ਹੁਣ ਤੁਹਾਨੂੰ। ਧੰਨ ਹੋ ਤੁਸੀਂ। ਤੁਸੀਂ ਵਾਕਿਆ ਹੀ ਗੁਰੂ ਨਾਨਕ ਦੀ ਗੱਦੀ ਦੇ ਯੋਗ ਹੋ।

ਜਦੋਂ ਬਾਬਾ ਸ੍ਰੀ ਚੰਦ ਜੀ ਵਿਦਾ ਹੋਏ ਤਾਂ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਸਤਿਕਾਰ ਵਜੋਂ ਇਕ ਘੋੜਾ ਤੇ ਪੰਜ ਸੌ ਮੋਹਰਾਂ ਭੇਟ ਕਰਕੇ ਵਿਦਾ ਕੀਤਾ। ਬਾਬਾ ਜੀ ਖੁਸ਼ੀ ਖੁਸ਼ੀ ਅਸੀਸਾਂ ਦਿੰਦੇ ਹੋਏ ਵਿਦਾ ਹੋ ਗਏ।

ਗੁਰੂ ਰਾਮਦਾਸ ਜੀ ਨੇ ਕਾਫੀ ਬਾਣੀ ਰਚੀ ਤੇ ਗੁਰ-ਮਰਯਾਦਾ ਚਲਾਉਣ ਲਈ ਵੀ ਬਾਣੀ ਰਚੀ। ਅਨੰਦ ਕਾਰਜ ਵੇਲੇ ਜੋ ਲਾਵਾਂ ਦੀ ਬਾਣੀ ਪੜੀ ਜਾਂਦੀ ਹੈ ਉਹ ਵੀ ਗੁਰੂ ਰਾਮਦਾਸ ਜੀ ਦੀ ਹੀ ਰਚਨਾ ਹੈ। ਗੁਰੂ ਰਾਮਦਾਸ ਜੀ ਨੇ ਵਡਹੰਸ ਰਾਗ ਵਿਚ ਵਿਆਹਵਾਂ ਵਿਚ ਗਾਉਣ ਵਾਲੀਆਂ ਘੋੜੀਆਂ ਦੀ ਧਾਰਨਾ ਦੇ ਵੀ ਸ਼ਬਦ ਗਾਏ ਹਨ।

**ਇਹ ਪਹਿਲੀ ਵਾਰ ਸੀ ਕਿ ਕਿਸੇ ਗੁਰੂ ਦੇ ਸਾਹਿਬਜ਼ਾਦੇ ਨੂੰ ਗੁਰ ਗੱਦੀ ਮਿਲੀ ਹੋਵੇ। ਗੁਰੂ ਅਰਜਨ ਦੇਵ ਜੀ ਨੂੰ ਗੱਦੀ ਉਨ੍ਹਾਂ ਦੀ ਯੋਗਤਾ ਕੇਰਕੇ ਮਿਲੀ ਸੀ ਸਾਹਿਬਜ਼ਾਦਾ ਹੋਣ ਕਰਕੇ ਨਹੀਂ। ਜੇ ਸਾਹਿਬਜ਼ਾਦਾ ਹੋਣ ਕਰਕੇ ਗੱਦੀ ਮਿਲਣੀ ਹੁੰਦੀ ਤਾਂ ਪ੍ਰਿਥੀ ਚੰਦ ਨੂੰ ਮਿਲਦੀ ਕਿਉਂਕਿ ਅਸੂਲਨ ਵੱਡੇ ਲੜਕੇ ਨੂੰ ਹੀ ਮਿਲਦੀ ਹੈ।**

ਗੁਰੂ ਅਮਰਦਾਸ ਜੀ ਗੁਰ ਗੱਦੀ ਗੁਰੂ ਰਾਮਦਾਸ ਜੀ ਨੂੰ ਸੌਂਪਣ ਲਗਿਆਂ ਹੁਕਮ ਕਰ ਗਏ ਸਨ ਕਿ ਅੱਗੇ ਤੋਂ ਗੁਰ ਗੱਦੀ ਦੀ ਸੇਵਾ ਸੋਢੀ ਬੰਸ ਵਾਲੇ ਹੀ ਕਰਨਗੇ। ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਭਵਿਖ ਬਾਣੀ ਕਰ ਗਏ ਸਨ ਕਿ ਅਗੇ ਤੋਂ ਗੁਰ ਗੱਦੀ ਸੋਢੀ ਬੰਸ ਵਿਚ ਹੀ ਰਹੇਗੀ। ਗੁਰੂ ਰਾਮਦਾਸ ਜੀ ਨੇ ਅਗੋਂ ਗੁਰੂ ਗੱਦੀ ਦੀ ਸੇਵਾ ਸੰਭਾਲਣ ਯੋਗ ਗੁਰੂ ਅਰਜਨ ਦੇਵ ਨੂੰ ਹੀ ਸਮਝਿਆ।

ਸ੍ਰੀ ਮਾਹ ਦੇਵ ਜੀ ਮਸਤ ਸੁਭਾ ਦੇ ਸਨ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਦੇ ਫੈਸਲੇ ਅਗੇ ਸਿਰ ਝੁਕਾ ਦਿਤਾ ਤੇ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਾ ਕੀਤਾ। ਪਰ ਪ੍ਰਿਥੀ ਚੰਦ ਆਪਣੇ ਆਪ ਨੂੰ ਗੁਰੂ ਗੱਦੀ ਦਾ ਹਕਦਾਰ ਸਮਝਦਾ ਸੀ। ਉਹ ਝਗੜਾ ਪਾ ਬੈਠਾ। ਉਸਨੇ ਮਸੰਦ ਆਦਿ ਗੰਡ ਕੇ ਇਸ ਫੈਸਲੇ ਦੀ ਵਿਰੋਧਤਾ ਕੀਤੀ ਅਤੇ ਹਰ ਹੀਲੇ ਇਸਨੂੰ ਉਲਟਾਉਣ ਦਾ ਯਤਨ ਕੀਤਾ। ਗੁਰੂ ਜੀ ਨੇ ਉਸ ਨੂੰ ਬਹੁਤ ਸਮਝਾਉਣ ਦੇ ਯਤਨ ਕੀਤੇ ਪਰ ਉਸ ਉਤੇ ਕੋਈ ਅਸਰ ਨਾ ਹੋਇਆ। ਉਹ ਦਿਨ-ਬ-ਦਿਨ ਗੁਸਤਾਖ ਹੁੰਦਾ ਗਿਆ। ਅੰਤ ਗੁਰੂ ਜੀ ਨੇ ਹੁਕਮ ਦਿਤਾ ਕਿ ਸਾਡੇ ਸਾਹਮਣਿਓਂ ਦੂਰ ਹੋ ਜਾ ਤੇ ਫਿਰ ਮਥੇ ਨਾ ਲਗੀਂ। ਆਪ ਨੇ ਉਸਨੂੰ "ਮੀਣਾ" ਕਿਹਾ। ਅਜ ਵੀ ਗੁਰ ਸਿਖਾਂ ਨੂੰ ਮੀਣਿਆਂ ਨਾਲ ਵਰਤਣਾ ਵਿਵਰਜਤ ਹੈ।

ਗੁਰੂ ਰਾਮਦਾਸ ਜੀ ਦਾ, ਜਦੋਂ ਵਾਪਸੀ ਦਾ ਸਮਾਂ ਆ ਗਿਆ ਤਾਂ ਆਪ ਗੋਇੰਦਵਾਲ ਚਲੇ ਗਏ। ਉਥੇ ਆਪ ਨੇ 1 ਸਤੰਬਰ ਸੰਨ 1581 ਨੂੰ ਗੁਰੂ ਅਰਜਨ ਦੇਵ ਜੀ ਨੂੰ ਗੱਦੀ ਸੌਂਪੀ। ਗੁਰੂ ਗੱਦੀ ਦਾ ਤਿਲਕ ਵੀ ਬਾਬਾ ਬੁਢਾ ਜੀ ਕੋਲੋਂ ਹੀ ਲੁਆਇਆ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਗੱਦੀ ਦੇਣ ਤੋਂ ਚੌਥੇ ਦਿਨ ਬਾਅਦ ਆਪ ਜੋਤੀ ਜੋਤ ਸਮਾ ਗਏ। ਸਿਖ ਸੰਗਤਾਂ ਤੇ ਗੁਰੂ ਅਰਜਨ ਦੇਵ ਜੀ ਦੇ ਚਰਨੀਂ ਲਗ ਗਈਆਂ। ਪਰ ਪ੍ਰਿਥੀ ਚੰਦ ਉਨ੍ਹਾਂ ਨਾਲ ਅਖ਼ੀਰ ਤਕ ਹੀ ਈਰਖਾ ਕਰਦਾ ਰਿਹਾ।

ਇਹ ਪਹਿਲੀ ਵਾਰ ਸੀ ਕਿ ਕਿਸੇ ਗੁਰੂ ਦੇ ਸਾਹਿਬਜ਼ਾਦੇ ਨੂੰ ਗੁਰ ਗੱਦੀ ਮਿਲੀ ਹੋਵੇ। ਗੁਰੂ ਅਰਜਨ ਦੇਵ ਜੀ ਨੂੰ ਗੱਦੀ ਉਨ੍ਹਾਂ ਦੀ ਯੋਗਤਾ ਕਰਕੇ ਮਿਲੀ ਸੀ ਸਾਹਿਬਜ਼ਾਦਾ ਹੋਣ ਕਰਕੇ ਨਹੀਂ। ਜੇ ਸਾਹਿਬਜ਼ਾਦਾ ਹੋਣ ਕਰਕੇ ਗਦੀ ਮਿਲਣੀ ਹੁੰਦੀ ਤਾਂ ਪ੍ਰਿਥੀ ਚੰਦ ਨੂੰ ਮਿਲਦੀ ਕਿਉਂਕਿ ਗੱਦੀ ਅਸੂਲਨ ਵਡੇ ਲੜਕੇ ਨੂੰ ਹੀ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰ ਗੱਦੀ ਪ੍ਰਤੀ ਆਪਣੀ ਯੋਗਤਾ ਆਉਣ ਵਾਲੇ ਇਤਿਹਾਸ ਵਿਚ ਤਤੀਆਂ ਤਵੀਆਂ ਉਤੇ ਬੈਠਕੇ ਸਿਧ ਕਰ ਦਿਤੀ ਸੀ।

Sant Sipahi - The oldest Panthic Magazine/ www.santsipahi.org

# ਪਤੀ ਉਤੇ ਸ਼ੱਕ ਨਾ ਕਰੋ

ਜ਼ਨਾਨੀ ਨੂੰ ਆਮ ਕਹਿੰਦਿਆ ਸੁਣੀਦਾ ਹੈ "ਬੰਦਿਆਂ ਉਤੇ ਇਤਬਾਰ ਨਹੀਂ ਕਰੀਦਾ।" ਇਸ ਤੋਂ ਸਪੱਸ਼ਟ ਭਾਵ ਹੁੰਦਾ ਹੈ ਕਿ ਆਪਣੇ ਪਤੀ ਉਤੇ ਕਦੀ ਭਰੋਸਾ ਨਾ ਕਰੋ। ਜੇ ਤੁਸੀਂ ਉਸ ਉਤੇ ਭਰੋਸਾ ਕਰੋਗੇ ਤਾਂ ਮੌਕਾ ਮਿਲਣ ਉਤੇ ਉਹ ਕਿਸੇ ਵੇਲੇ ਵੀ ਤੁਹਾਨੂੰ ਛੱਡ ਕੇ ਕਿਸੇ ਹੋਰ ਜ਼ਨਾਨੀ ਦੇ ਇਸ਼ਕ ਵਿਚ ਫਸ ਜਾਵੇਗਾ ਤੇ ਜਾਂ ਉਸ ਨੂੰ ਫਸਾ ਲਵੇਗਾ। ਇਸ ਕਥਨ ਅਨੁਸਾਰ ਪਤੀ ਦੀ ਵਫ਼ਾ ਉਤੇ ਭਰੋਸਾ ਕਰਨਾ ਕਿਸੇ ਪਤਨੀ ਲਈ ਘਰ ਉਜਾੜਨ ਦਾ ਕਾਰਨ ਬਣ ਸਕਦਾ ਹੈ।

ਮੇਰੀ ਰਾਇ ਇਸ ਦੇ ਉਲਟ ਹੈ। ਪਤੀ ਉਤੇ ਭਰੋਸਾ ਕਰਨ ਨਾਲ ਤੇ ਸ਼ਾਇਦ ਹੀ ਘਰ ਤਬਾਹ ਹੋਵੇ, ਪਰ ਉਸ ਉਤੇ ਬੇ-ਭਰੋਸਗੀ ਕਰਨ ਨਾਲ ਜ਼ਰੂਰ ਘਰ ਨਰਕ ਬਣ ਜਾਂਦਾ ਹੈ ਤੇ ਆਦਮੀ ਘਰ ਦੇ ਵਾਤਾਵਰਨ ਤੋਂ ਸਤਿਆ ਹੋਇਆ ਕਿਸੇ ਹੋਰ ਜ਼ਨਾਨੀ ਦੀ ਬੁਕਲ ਵਿਚ ਖੁਸ਼ੀ ਲੱਭਣ ਲਈ ਭਟਕਦਾ ਫਿਰਦਾ ਹੈ।

ਆਮ ਪਤਨੀਆਂ ਦੇ ਮਨਾਂ ਉਤੇ ਜ਼ਨਾਨੀਆਂ ਵਲੋਂ ਦਿਤੀ ਗਈ ਸਿਖਿਆ, "ਬੰਦਿਆਂ ਉਤੇ ਇਤਬਾਰ ਨਹੀਂ ਕਰੀਦਾ" ਦਾ ਡੂੰਘਾ ਅਸਰ ਪਿਆ ਹੁੰਦਾ ਹੈ। ਉਨ੍ਹਾਂ ਦਾ ਪਤੀ ਜੇ ਘਰ ਦੇਰ ਨਾਲ ਆਵੇ ਤਾਂ ਉਹ ਉਸ ਵਲ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗ ਪੈਣਗੀਆਂ। ਜੇ ਪਤੀ ਦੇ ਨਾਲ ਕੋਈ ਲੜਕੀ ਕੰਮ ਕਰਦੀ ਹੈ ਤੇ ਪਤਨੀ ਆਪਣੇ ਪਤੀ ਨੂੰ ਉਸ ਨਾਲ ਹੱਸਦਾ ਵੇਖ ਲਵੇ ਤਾਂ ਤੇ ਪਤਨੀ ਦੀ ਛਾਤੀ ਉਤੇ ਸੱਪ ਲੇਟਣ ਲੱਗ ਪੈਂਦਾ ਹੈ। ਇਹ ਸ਼ੱਕ ਯਕੀਨ ਵਿਚ ਬਦਲ ਜਾਂਦਾ ਹੈ, ਜੇ ਪਤੀ ਨਾਲ ਕੰਮ ਕਰਨ ਵਾਲੀ ਲੜਕੀ ਪਤਨੀ ਨਾਲੋਂ ਜ਼ਿਆਦਾ ਖੂਬਸੂਰਤ ਤੇ ਚੁਸਤ ਹੋਵੇ। ਇਕ ਦੋ ਵਾਰ ਪਤਨੀ ਨੇ ਪਤੀ ਨੂੰ ਕਿਸੇ ਲੜਕੀ ਨਾਲ ਗੱਲਾਂ ਕਰਦਿਆਂ ਦੇਖਿਆ ਨਹੀਂ ਕਿ ਉਹ ਆਪਣੀ ਪਤੀ ਉਤੇ ਟੁਟੀ ਨਹੀਂ। ਐਸੇ ਹਾਲਾਤ ਵਿਚ ਪਤਨੀਆਂ ਰਾਤ ਦਿਨ ਪਤੀ ਨੂੰ ਉਸ ਲੜਕੀ ਸਬੰਧੀ ਮੇਹਣੇ ਤਾਹਨੇ ਦੇਣ ਤੋਂ ਵੀ ਸੰਕੋਚ ਨਹੀਂ ਕਰਦੀਆਂ। ਇਸ ਤਰ੍ਹਾਂ ਕਰਨ ਨਾਲ ਪਤੀ ਦੇ ਮਨ ਵਿਚ ਕੋਈ ਨੀਚ ਭਾਵਨਾ ਨਾ ਵੀ ਹੋਵੇ ਤਾਂ ਵੀ ਏਹੋ ਜੇਹੀਆਂ ਪਤਨੀਆਂ ਆਪਣੇ ਵਲੋਂ ਪਤੀ ਦੇ ਮਨ ਵਿਚ ਗਲਤ ਭਾਵਨਾ ਪੈਦਾ ਕਰਨ ਦੀ ਪੂਰੀ ਕੋਸ਼ਸ਼ ਕਰਦੀਆਂ ਹਨ। ਕਈ ਵਾਰ ਏਹੋ ਜੇਹੀਆਂ ਬੇਵਕੂਫ ਜ਼ਨਾਨੀਆਂ ਆਪਣੇ ਪਤੀ ਦੀ ਇੱਜ਼ਤ ਦਾ ਵੀ ਖਿਆਲ ਨਾ ਕਰਦੀਆਂ ਹੋਈਆਂ ਸਾਰਿਆਂ ਦੇ ਸਾਹਮਣੇ ਹੀ ਅਵਾ ਤਵਾ ਬੋਲਣ ਲੱਗ ਪੈਂਦੀਆਂ ਹਨ।

ਕਈ ਜ਼ਨਾਨੀਆਂ ਦੇ ਦਿਲ ਇਤਨੇ ਛੋਟੇ ਹੁੰਦੇ ਹਨ ਕਿ ਉਹ ਇਹ ਬਰਦਾਸ਼ਤ ਹੀ ਨਹੀਂ ਕਰ ਸਕਦੀਆਂ ਕਿ ਉਨ੍ਹਾਂ ਦਾ ਪਤੀ ਕਿਸੇ ਵੀ ਜ਼ਨਾਨੀ ਨਾਲ ਗੱਲ ਕਰੇ। ਜੇ ਪਤੀ ਨੇ ਕਿਸੇ ਗੁਆਂਢਣ ਨਾਲ ਗੱਲ ਕਰ ਲਈ ਤਾਂ ਡੰਡਾ ਲੈ ਕੇ ਉਸ ਦੇ ਦੁਆਲੇ। ਜੇ ਪਤੀ ਕਿਧਰੇ ਆਪਣੀਆਂ ਭੈਣਾਂ ਭਰਜਾਈਆਂ ਨਾਲ ਵੀ ਹੱਸ ਖੇਡ ਲਵੇ ਤਾਂ ਵੀ ਉਨ੍ਹਾਂ ਕੋਲੋਂ ਬਰਦਾਸ਼ਤ ਨਹੀਂ ਹੁੰਦਾ। ਉਹ ਆਪਣੇ ਪਤੀ ਉਤੇ ਆਪਣਾ ਪੂਰਾ ਕਬਜ਼ਾ ਰੱਖਣ ਦੀਆਂ ਇਛਕ ਹੁੰਦੀਆਂ ਹਨ ਤੇ ਕਿਸੇ ਜ਼ਨਾਨੀ ਦੀ ਕਿਸੇ ਤਰ੍ਹਾਂ ਦੀ ਮੁਦਾਖਲਿਤ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਹੁੰਦੀਆਂ।

---

**ਚੰਗਾ ਹੋਵੇ ਕਿ ਜ਼ਨਾਨੀਆਂ ਆਪਣੀ ਨੌਜੁਆਨ ਲੜਕੀਆਂ ਨੂੰ ਇਹ ਨਸੀਹਤ ਦੇਣ ਦੀ ਥਾਂ "ਮਰਦਾਂ ਉਤੇ ਇਤਬਾਰ ਨਹੀਂ ਕਰੀਦਾ" ਇਹ ਨਸੀਹਤ ਦੇਣ ਲੱਗ ਪੈਣ, "ਆਪਣੇ ਮਰਦ ਉਤੇ ਹਰ ਵਕਤ ਭਰੋਸਾ ਕਰੋ। ਜੇ ਤੁਹਾਨੂੰ ਸੌ ਫੀ ਸਦੀ ਵੀ ਆਪਣੇ ਪਤੀ ਦੀ ਬੇਵਫਾਈ ਉਤੇ ਯਕੀਨ ਹੈ ਤਾਂ ਵੀ ਉਸ ਨੂੰ ਕਦੀ ਇਹ ਜਿਤਲਾਉਣ ਦੀ ਕੋਸ਼ਸ਼ ਨਾ ਕਰੋ, ਕਿਉਂਕਿ ਇਸ ਤਰ੍ਹਾਂ ਤੁਹਾਡਾ ਘਰ ਉਜੜਨ ਦਾ ਖਤਰਾ ਹੋ ਸਕਦਾ ਹੈ।**

---

ਜੇ ਤੁਹਾਡਾ ਪਤੀ ਤੁਹਾਡੇ ਪ੍ਰਤੀ ਵਫਾਦਾਰ ਹੈ ਤਾਂ ਏਹੋ ਜੇਹੀਆਂ ਗੱਲਾਂ ਤੇ ਬੇ-ਭਰੋਸਗੀਆਂ ਉਸ ਨੂੰ ਤੁਹਾਡੇ ਤੋਂ ਦੂਰ ਕਰਨ ਦਾ ਕਾਰਨ ਬਨਣਗੀਆਂ। ਉਸ ਨੂੰ ਤੁਹਾਡੇ ਵਲ ਖਿਚਣ ਦਾ ਕਦੀ ਵੀ ਕਾਰਨ ਨਹੀਂ ਬਣ ਸਕਦੀਆਂ। ਜੇ ਤੁਹਾਡੇ ਪਤੀ ਦੀ ਤੁਹਾਡੇ ਨਾਲ ਵਫਾਦਾਰੀ ਸ਼ੱਕੀ ਹੈ ਤਾਂ ਵੀ ਏਹੋ ਜੇਹੇ ਝਗੜਿਆਂ ਨਾਲ ਤੇ ਤੁਸੀਂ ਉਸ ਦੀ ਹਰ ਵਕਤ ਰਾਖੀ ਨਹੀਂ ਕਰ ਸਕੋਗੇ। ਜੇ ਤੁਸੀਂ ਪਤੀ ਉਤੇ ਪੂਰਾ ਭਰੋਸਾ ਕਰਦੇ ਹੋ ਤਾਂ ਉਸ ਦੀ ਤੁਹਾਡੇ ਪ੍ਰਤੀ ਬੇ-ਵਫਾਈ ਉਸ ਨੂੰ ਆਪਣੇ ਅੰਦਰ ਹੀ ਲਾਹਨਤਾਂ ਪਾਵੇਗੀ। ਅਗਲਾ ਇਹ ਸੋਚਣ ਉਤੇ ਮਜਬੂਰ ਹੋ ਜਾਂਦਾ ਹੈ ਕਿ ਉਹ ਤੇ ਮੇਰੇ ਉਤੇ ਪੂਰਾ ਭਰੋਸਾ ਕਰਦੀ ਹੈ ਤੇ ਮੈਂ ਕੀ ਕਰਤੂਤਾਂ ਘੋਲਦਾ ਹਾਂ।

ਦੂਜੇ ਉਤੇ ਭਰੋਸਾ ਕਰਨ ਨਾਲ ਅਗਲਾ ਆਪਣੇ ਆਪ ਨੂੰ ਭਰੋਸੇ ਯੋਗ ਸਿੱਧ ਕਰਨ ਦੀ ਕੋਸ਼ਸ਼ ਕਰਦਾ ਹੈ। ਜੇ ਤੁਸੀਂ ਖਾਹ-ਮਖਾਹ ਹੀ ਆਪਣੇ ਪਤੀ ਉਤੇ ਸ਼ੱਕ ਕਰੀ ਜਾਂਦੇ ਹੋ ਤਾਂ ਉਸ ਨੂੰ ਵੀ ਤੁਹਾਡੀ ਪ੍ਰਵਾਹ ਘੱਟ ਹੋਵੇਗੀ ਤੇ ਕਿਸੇ ਦੂਜੀ ਜ਼ਨਾਨੀ ਵਲ ਖਿਚੇ ਜਾਣ ਵਿਚ ਉਸ ਦੇ ਮਨ ਉਤੇ ਕਿਸੇ ਤਰ੍ਹਾਂ ਦੀ ਗਲਤੀ ਕਰਨ ਦਾ ਬੋਝ ਨਹੀਂ ਹੋਵੇਗਾ, ਕਿਉਂਕਿ ਉਸ ਨੂੰ ਪਹਿਲਾ ਹੀ ਪਤਾ ਹੈ ਕਿ ਤੁਸੀਂ ਉਸ ਉਤੇ ਸ਼ੱਕ ਕਰਦੇ ਹੋ।

ਚੰਗਾ ਹੋਵੇ ਕਿ ਜ਼ਨਾਨੀਆਂ ਆਪਣੀਆਂ ਨੌਜੁਆਨ ਲੜਕੀਆਂ ਨੂੰ ਇਹ ਨਸੀਹਤ ਦੇਣ ਦੀ ਥਾਂ "ਮਰਦਾਂ ਉਤੇ ਇਤਬਾਰ ਨਹੀਂ ਕਰੀਦਾ" ਇਹ ਨਸੀਹਤ ਦੇਣ ਲੱਗ ਪੈਣ, "ਆਪਣੇ ਮਰਦ ਉਤੇ ਹਰ ਵਕਤ ਭਰੋਸਾ ਕਰੋ। ਜੇ ਤੁਹਾਨੂੰ ਸੌ ਫੀ ਸਦੀ ਵੀ ਆਪਣੇ ਪਤੀ ਦੀ ਬੇਵਫਾਈ ਉਤੇ ਯਕੀਨ ਹੈ ਤਾਂ ਵੀ ਉਸ ਨੂੰ ਕਦੀ ਇਹ ਜਿਤਲਾਉਣ ਦੀ ਕੋਸ਼ਸ਼ ਨਾ ਕਰੋ, ਕਿਉਂਕਿ ਇਸ ਤਰ੍ਹਾਂ ਤੁਹਾਡਾ ਘਰ ਉਜੜਨ ਦਾ ਖਤਰਾ ਹੋ ਸਕਦਾ ਹੈ।

ਆਦਮੀ ਦੀ ਕੁਦਰਤ ਵਲੋਂ ਜ਼ਨਾਨੀ ਨਾਲੋਂ ਵੱਖਰੀ ਸਰੀਰਕ ਤੇ ਮਾਨਸਿਕ ਬਣਤਰ ਹੈ। ਇਕ ਜ਼ਨਾਨੀ ਸਾਲ ਵਿਚ ਇਕ ਬੱਚਾ ਪੈਦਾ ਕਰ ਸਕਦੀ ਹੈ ਤੇ ਇਕ ਆਦਮੀ ਕਈ ਪੈਦਾ ਕਰ ਸਕਦਾ ਹੈ। ਇਸ ਤੋਂ ਭਾਵ ਹੈ ਕਿ ਕੁਦਰਤ ਨੇ ਮਨੁੱਖ ਨੂੰ ਬਣਾਇਆ ਹੀ ਇਸ ਤਰ੍ਹਾਂ ਹੈ ਕਿ ਜਦੋਂ ਤਕ ਉਸ ਦਾ ਆਦਰਸ਼ ਕਾਫੀ ਉਚਾ ਨਾ ਹੋਵੇ ਤਾਂ ਉਸ ਦਾ ਤਿਲਕ ਜਾਣਾ ਕੁਦਰਤੀ ਹੈ। ਇਹ ਪਤੀ ਦੀ ਕੁਦਰਤੀ ਕਮਜ਼ੋਰੀ ਤੋਂ ਵੱਧ ਹੋਰ ਕੁਝ ਨਹੀਂ ਸਮਝਣੀ ਚਾਹੀਦੀ। ਜਿਸ ਤਰ੍ਹਾਂ ਤੁਸੀਂ ਆਪਣੀ ਪਤੀ ਦੀਆਂ ਕਈ ਹੋਰ ਕਮਜ਼ੋਰੀਆਂ ਨਾਲ ਗੁਜ਼ਾਰਾ ਕਰਦੇ ਹੋ, ਜਿਸ ਤਰ੍ਹਾਂ ਕਿ ਕਿਸੇ ਨੂੰ ਘੁਤਾੜੇ ਮਾਰਨ ਦੀ ਆਦਤ ਹੁੰਦੀ ਹੈ, ਕੋਈ ਨੱਕ ਮਾਰਦਾ ਹੈ ਤੇ ਕਈ ਅੱਖਾਂ ਹੀ ਝਮਕਾਂਦੇ ਰਹਿੰਦੇ ਹਨ, ਕਈ ਕਮਰੇ ਵਿਚ ਖਿਲਾਰਾ ਬੜਾ ਪਾਉਂਦੇ ਹਨ ਆਦਿ। ਤੁਸੀਂ ਪਤੀ ਦੀ ਕਮਜ਼ੋਰੀਆਂ ਨਜ਼ਰ ਅੰਦਾਜ਼ ਕਰਕੇ ਵੇਖੋ ਉਹ ਕਿਸ ਤਰ੍ਹਾਂ ਤੁਹਾਡੇ ਵਲ ਖਿਚਿਆ ਆਉਂਦਾ ਹੈ। ਜੇ ਤੁਹਾਡਾ ਪਤੀ ਤੁਹਾਡੇ ਕੋਲੋਂ ਦੂਰ ਜਾਂਦਾ ਹੈ ਤਾਂ ਇਹ ਉਸ ਦੀ ਕਮਜ਼ੋਰੀ ਵੀ ਹੋ ਸਕਦੀ ਹੈ ਤੇ ਕੋਈ ਤੁਹਾਡੀ ਆਪਣੀ ਗਲਤੀ ਵੀ। ਆਪਣੇ ਆਪ ਉਤੇ ਝਾਤੀ ਮਾਰ ਕੇ ਵੇਖੋ ਤੁਹਾਨੂੰ ਆਪਣੀਆਂ ਬਥੇਰੀਆਂ ਗਲਤੀਆਂ ਲੱਭ ਪੈਣਗੀਆਂ। ਤੁਸੀਂ ਆਪਣੇ ਆਪ ਨੂੰ ਠੀਕ ਕਰਨ ਦੀ ਕੋਸ਼ਸ਼ ਕਰੋ, ਪਤੀ ਆਪੇ ਹੀ ਸੁਧਰ ਜਾਵੇਗਾ।

ਬੇ-ਭਰੋਸਗੀ ਕਰਨ ਨਾਲ ਨੁਕਸਾਨ ਹੀ ਨੁਕਸਾਨ ਹਨ, ਲਾਭ ਕੋਈ ਨਹੀਂ ਤੇ ਭਰੋਸਾ ਕਰਨ ਨਾਲ ਲਾਭ ਹੀ ਲਾਭ ਹੈ, ਘੱਟੋ ਘੱਟ ਨੁਕਸਾਨ ਕੋਈ ਨਹੀਂ।

Sant Sipahi - The oldest Panthic Magazine/ www.santsipahi.org

# ਇਸਤ੍ਰੀ ਅਕਾਲੀ ਦਲ

## ਪ੍ਰੈਸ ਰਲੀਜ਼

21 ਮਈ ਅੰਮ੍ਰਿਤਸਰ :–ਇਸਤਰੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੇ ਜ਼ਿਲਾ ਤੇ ਸਰਕਲ ਜਥੇਦਾਰਨੀਆਂ ਦੀ ਇਕ ਜ਼ਰੂਰੀ ਇਕਤਰਤਾ ਗੁਰੂ ਨਾਨਕ ਨਿਵਾਸ ਵਿਚ ਹੋਈ ਜਿਸ ਵਿਚ ਹੇਠ ਲਿਖੇ ਮਤੇ ਸਰਬ ਸੰਮਤੀ ਨਾਲ ਪਾਸ ਹੋਏ :–

1. ਇਸਤਰੀ ਅਕਾਲੀ ਦਲ ਦਰਬਾਰ ਸਾਹਿਬ ਹੋਈ ਪੁਲੀਸ ਕਾਰਵਾਈ ਉਤੇ ਗਹਿਰਾ ਦੁੱਖ ਪਰਗਟ ਕਰਦਾ ਹੋਇਆ ਇਸ ਦੀ ਨਿੰਦਾ ਕਰਦਾ ਹੈ, ਤੇ ਮਹਿਸੂਸ ਕਰਦਾ ਹੈ ਕਿ ਅਗੇ ਤੋਂ ਏਹੋ ਜੇਹੀਆਂ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਉਤੇ ਪੁਲੀਸ ਕਾਰਵਾਈਆਂ ਹੋਣ ਦੀ ਸੰਭਾਵਨਾਂ ਨੂੰ ਖਤਮ ਕਰਨ ਲਈ ਪੰਥਕ ਨੁਮਾਇੰਦਿਆਂ ਦਾ ਇਕੱਠ ਬੁਲਾ ਕੇ ਕੋਈ ਐਸੇ ਨਿਯਮ ਤੇ ਪ੍ਰੰਪਰਾਵਾਂ ਬਾਰੇ ਨਿਰਣਾ ਲਿਆ ਜਾਵੇ ਤਾਂ ਕਿ ਇਹੋ ਜੇਹੀਆਂ ਦੁਖਦਾਈ ਘਟਨਾਵਾਂ ਫਿਰ ਨਾ ਵਾਪਰਨ। ਇਸਤਰੀ ਅਕਾਲੀ ਦਲ ਇਸ ਬਾਰੇ ਯੋਗ ਕਦਮ ਉਠਾਏਗਾ।
2. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਪ੍ਰਬੰਧ ਲਈ ਚੁਣੀ ਗਈ ਜਥੇਬੰਦੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਹ ਆਪਣੇ ਅਧਿਕਾਰ ਖੇਤਰ ਦੀ ਪੂਰੀ ਵਰਤੋਂ ਨਹੀਂ ਕਰ ਰਹੀ ਜਿਸ ਕਾਰਨ ਕਈ ਗ਼ੈਰ-ਕਾਨੂੰਨੀ ਕਾਰਵਾਈਆਂ ਹੋਈਆਂ। ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਸ਼ਕਤੀ ਘੱਟਣ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਕਮੇਟੀ ਦੀ ਮਿਆਦ ਪੁਗਿਆਂ ਵੀ ਤਿੰਨ ਸਾਲ ਦਾ ਸਮਾਂ ਹੋ ਚਲਿਆ ਹੈ। ਇਸ ਕਰਕੇ ਸਿੱਖਾਂ ਦਾ ਇਕ ਤਬਕਾ ਇਸ ਕਮੇਟੀ ਦੇ ਅਧਿਕਾਰ ਨੂੰ ਮੰਨਣ ਤੋਂ ਇਨਕਾਰੀ ਹੈ। ਇਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਲਦੀ ਤੋਂ ਜਲਦੀ ਕਰਵਾ ਦਿਤੀਆਂ ਜਾਂਣੀਆਂ ਚਾਹੀਦੀਆਂ ਹਨ ਤਾਂ ਕਿ ਨਵੇਂ ਚੁਣੇ ਹੋਏ ਨੁਮਾਇੰਦੇ ਗੁਰਦੁਆਰਾ ਪ੍ਰਬੰਧ ਸੰਭਾਲਣ।

   ਜੇ ਕੇਂਦਰ ਸਰਕਾਰ ਚੋਣਾਂ ਪਿਛੇ ਪਾ ਰਹੀ ਹੈ ਤਾਂ ਪੰਜਾਬ ਸਰਕਾਰ ਆਪ ਹੀ ਪੰਜਾਬ ਖੇਤਰ ਵਿਚ ਗੁਰਦੁਆਰਾ ਚੋਣਾਂ ਕਰਵਾ ਦੇਵੇ। ਜੇ ਪੰਜਾਬ ਤੋਂ ਬਾਹਰ 14 ਸੀਟਾਂ ਉਤੇ ਚੋਣਾਂ ਨਾ ਹੋਈਆਂ ਤਾਂ ਵੀ ਕੋਈ ਫ਼ਰਕ ਨਹੀਂ ਪੈਣ ਲੱਗਾ। ਇਸਤਰੀ ਅਕਾਲੀ ਦਲ ਚੋਣਾਂ ਜਲਦੀ ਕਰਵਾਉਣ ਦੀ ਮੰਗ ਕਰਦਾ ਹੈ।
3. ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜੋਧਪੁਰ ਵਿਚ ਸਿੱਖ ਨੌਜਵਾਨਾਂ ਨੂੰ ਬਿਨਾਂ ਕਿਸੇ ਮੁਕੱਦਮਾ ਸ਼ੁਰੂ ਹੋਣ ਤੋਂ ਕੈਦ ਰਖਿਆਂ ਦੋ ਸਾਲ ਹੋ ਗਏ ਹਨ ਜਿਨ੍ਹਾਂ ਵਿਚ ਦੋ ਨਿਰਦੋਸ਼ ਬੀਬੀਆਂ ਵੀ ਸ਼ਾਮਿਲ ਹਨ। ਇਨ੍ਹਾਂ ਦੀ ਰਿਹਾਈ ਦਾ ਇਸ ਤਰ੍ਹਾਂ ਲੱਗਦਾ ਹੈ ਕਿ ਕਿਸੇ ਸਿੱਖ ਜਥੇਬੰਦੀ ਨੂੰ ਕੋਈ ਫਿਕਰ ਨਹੀਂ। ਇਸਤਰੀ ਅਕਾਲੀ ਦਲ ਸਮੂਹ ਸਿੱਖ ਜਥੇਬੰਦੀਆਂ ਨਾਲ ਵਿਚਾਰ ਕਰਕੇ ਉਨ੍ਹਾਂ ਨੂੰ ਰਿਹਾ ਕਰਨ ਲਈ ਉਪਰਾਲਾ ਅਰੰਭੇਗਾ।
4. ਸਿੱਖ ਫ਼ੌਜੀ ਜੋ ਬਲਿਊ ਸਟਾਰ ਓਪਰੇਸ਼ਨ ਸਮੇਂ ਆਪਣੀਆਂ ਛਾਉਣੀਆਂ ਛੱਡ ਕੇ ਤੁਰ ਪਏ ਉਨ੍ਹਾਂ ਨੂੰ ਸਜ਼ਾਵਾਂ ਦੇ ਕੇ ਕਾਲ ਕੋਠੀਆਂ ਵਿਚ ਬੰਦ ਰੱਖਣਾ ਉਨ੍ਹਾਂ ਨਾਲ ਅਨਿਆਂ ਹੈ। ਉਹ ਧਾਰਮਿਕ ਜਜ਼ਬਾਤਾਂ ਨੂੰ ਠੇਸ ਪੁਜਣ ਕਰਕੇ ਉਥੋਂ ਦੌੜੇ ਸਨ। ਉਨ੍ਹਾਂ ਨੂੰ ਆਮ ਰਿਹਾਈ ਮਿਲਣੀ ਚਾਹੀਦੀ ਹੈ।
5. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਜਿਸ ਚਾਲ ਨਾਲ ਬਣ ਰਹੀ ਹੈ ਉਸ ਤੋਂ ਲੱਗਦਾ ਹੈ ਕਿ ਇਹ ਇਮਾਰਤ ਤੇ ਸੋ ਸਾਲ ਨਹੀਂ ਬਣਦੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਨਾ ਬਣਨਾ ਸਮੁੱਚੀ ਸਿੱਖ ਕੌਮ ਦੀ ਨਲਾਇਕੀ ਤੇ ਆਪਣੇ ਫਰਜ਼ ਦੀ ਕੁਤਾਹੀ ਦਾ ਪ੍ਰਗਟਾਵਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਢਾਂਚਾ ਇਕ ਸਾਲ ਦੇ ਅੰਦਰ ਅੰਦਰ ਜ਼ਰੂਰ ਮੁਕੰਮਲ ਹੋ ਕੇ ਉਥੇ ਪ੍ਰਕਾਸ਼ ਸ਼ੁਰੂ ਹੋ ਜਾਣਾ ਚਾਹੀਦਾ ਹੈ।

   ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬਣਨੀ ਚਾਹੀਦੀ ਹੈ ਕੋਈ ਇਸ ਦੀ ਸੇਵਾ ਕਰੇ ਇਸ ਵਿਵਾਦ ਵਿਚ ਨਹੀਂ ਪੈਂਦੇ। ਜੇ ਹੋਰ ਕੋਈ ਸਾਲ ਦੇ ਅੰਦਰ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕੁਝ ਨਾ ਕੁਝ ਢਾਂਚਾ ਖੜਾ ਕਰਨ ਦੀ ਸਮਰਥਾ ਨਹੀਂ ਰੱਖਦਾ ਤਾਂ ਇਸ ਸੇਵਾ ਦੀ ਜ਼ਿਮੇਂਵਾਰੀ ਇਸਤਰੀ ਅਕਾਲੀ ਦਲ ਲੈਣ ਨੂੰ ਤਿਆਰ ਹੈ ਤੇ ਅਸੀਂ ਵੇਖਾਂਗੇ ਕਿ ਇਮਾਰਤ ਸਾਲ ਦੇ ਅੰਦਰ ਹੀ ਬਣਾਈ ਜਾ ਸਕੇ।
6. ਕੁਝ ਬੀਬੀਆਂ ਨੇ ਦਰਬਾਰ ਸਾਹਿਬ ਆਏ ਕੁਝ ਲੀਡਰਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਗਾਹਲਾਂ ਕੱਢੀਆਂ ਤੇ ਉਨ੍ਹਾਂ ਦਾ ਸਿਆਪਾ ਕੀਤਾ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਵਰਗੇ ਪਵਿੱਤਰ ਅਸਥਾਨ ਦੀ ਬੇਅਦਬੀ ਕੀਤੀ ਹੈ। ਇਸਤਰੀ ਅਕਾਲੀ ਦਲ ਇਨ੍ਹਾਂ ਬੀਬੀਆਂ ਨੂੰ ਅੱਗੋਂ ਅਜੇਹੀ ਕਾਰਵਾਈ ਨਾ ਕਰਨ ਦੀ ਬੇਨਤੀ ਕਰਦਾ ਹੈ।
7. ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਦੀ ਕੁਝ ਬੀਬੀਆਂ ਨੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਬੇਇਜ਼ਤੀ ਕੀਤੀ ਤੇ ਉਨ੍ਹਾਂ ਦੀ ਦਾਹੜੀ ਨੂੰ ਹੱਥ ਪਾਇਆ ਜਿਸ ਦੀ ਇਸਤਰੀ ਅਕਾਲੀ ਦਲ ਸਖ਼ਤ ਲਫ਼ਜ਼ਾਂ ਵਿਚ ਨਿੰਦਾ ਕਰਦਾ ਹੈ। ਦਾਹੜੀ ਗੁਰੂ ਦੀ ਮੋਹਰ ਤੇ ਇਮਾਨਤ ਹੈ। ਜੇ ਕਿਸੇ ਸਿੱਖ ਦੀ ਦਾਹੜੀ ਨੂੰ ਕੋਈ ਵੀ ਹੱਥ ਪਾਵੇ ਤਾਂ ਹਰ ਸਿੱਖ ਦਾ ਖ਼ੂਨ ਉਬਲਣ ਲੱਗ ਪੈਂਦਾ ਹੈ। ਪਰ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੀਆਂ ਬੀਬੀਆ ਹੀ ਹੱਥ ਪਾਉਣ ਤਾਂ ਇਸ ਤੋਂ ਵਧ ਨਿੰਦਣ ਯੋਗ ਹੋਰ ਕੋਈ ਗੱਲ ਨਹੀਂ ਹੋ ਸਕਦੀ।
8. ਬੜਾ ਅਫ਼ਸੋਸ ਹੈ ਕਿ ਸ੍ਰੀ ਗੁਰੂ ਰਾਮਦਾਸ ਸਰਾਂ ਅਜ ਤਕ ਵੀ ਨੀਮ ਫ਼ੌਜੀ ਦਸਤਿਆਂ ਦੇ ਕਬਜ਼ੇ ਵਿਚ ਹੈ ਇਹਨਾਂ ਨੂੰ ਯਾਤਰੂਆਂ ਵਾਸਤੇ ਫ਼ੌਰਨ ਖੋਹਲ ਦੇਣਾ ਚਾਹੀਦਾ ਹੈ।

   ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਸਰਾਵਾਂ ਵਿਚ ਕਿਸੇ ਨੂੰ ਪੱਕੀ ਰਿਹਾਇਸ਼ ਨਾ ਰੱਖਣ ਦੇਣ ਤੇ ਇਕ ਯਾਤਰੂ ਨੂੰ ਕੇਵਲ ਤਿੰਨ ਦਿਨ ਹੀ ਠਹਿਰਨ ਦਿਤਾ ਜਾਵੇ ਤਾਂ ਕਿ ਸਰਾਵਾਂ ਵਾਦ-ਵਿਵਾਦ ਤੋਂ ਉਤੇ ਰਹਿਣ।
9. ਇਸਤਰੀ ਅਕਾਲੀ ਦਲ ਪੁਲਿਸ ਵਲੋਂ ਕਥਿਤ ਪੁਲਿਸ ਮੁਕਾਬਲਿਆਂ ਵਿਚ ਮਾਰੇ ਜਾ ਰਹੇ ਸਿੱਖ ਨੌਜਵਾਨਾਂ ਦੇ ਪ੍ਰੀਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਤੇ ਪੁਲੀਸ ਦੀ ਇਸ ਕਾਰਵਾਈ ਦੀ ਸਖ਼ਤ ਨਖੇਦੀ ਕਰਦਾ ਹੈ। ਇਸ ਦੇ ਨਾਲ ਹੀ ਅਸੀਂ ਹਿੰਦੂਆਂ ਨੂੰ ਮਾਰਨਾ ਸਿੱਖੀ ਸਿਧਾਂਤ ਤੇ ਸਿੱਖੀ ਪ੍ਰੰਪਰਾਵਾਂ ਦੇ ਵਿਰੁੱਧ ਸਮਝਦੇ ਹੋਇਆਂ ਉਸ ਦੀ ਵੀ ਨਿਖੇਧੀ ਕਰਦੇ ਹਾਂ ਤੇ ਨਾਲ ਹੀ ਸਪਸ਼ਟ ਕਰਤੇ ਹਾਂ ਕਿ ਏਹੋ ਜੇਹੀਆਂ ਘਟੀਆ ਕਿਸਮ ਦੀਆਂ ਹਿੰਸਕ ਕਾਰਵਾਈਆਂ ਕਰਨ ਦੀ ਸਾਨੂੰ ਕਿਸੇ ਸਿੱਖ ਵਲੋਂ ਆਸ ਨਹੀਂ।

Sant Sipahi - The oldest Panthic Magazine/ www.santsipahi.org

10. ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੇ ਅੰਮ੍ਰਿਤਸਰ ਹਾਜ਼ਰ ਹੋਣ ਤੇ ਕਈ ਸਮਸਿਆ ਹਲ ਹੋ ਸਕਦੀਆਂ ਹਨ। ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਹੈਡਕੁਆਟਰ ਅੰਮ੍ਰਿਤਸਰ ਹੋਣਾ ਜ਼ਰੂਰੀ ਹੈ। ਇਸ ਕਰਕੇ ਅਸੀਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਬੇਨਤੀ ਕਰਦੇ ਹਾਂ ਕਿ ਉਹ ਸ਼ਰੋਮਣੀ ਅਕਾਲੀ ਦਲ ਦਾ ਪ੍ਰਧਾਨ ਉਸ ਨੂੰ ਬਨਾਉਣ ਵਿਚ ਸਹਾਇਤਾ ਕਰਨ ਜੋ ਅੰਮ੍ਰਿਤਸਰ ਰਹਿ ਕੇ ਸਿੱਖ ਮਸਲਿਆਂ ਨੂੰ ਹਲ ਕਰਨ ਦੀ ਸਮਰਥਾ ਰੱਖਦਾ ਹੋਵੇ ਤੇ ਆਪ ਇਸ ਪਦਵੀਂ ਤੋਂ ਤਿਆਗ ਪੱਤਰ ਦੇ ਦੇਣ।

11. ਇਹ ਵੀ ਫੈਸਲਾ ਹੋਇਆ ਕਿ ਇਸਤ੍ਰੀ ਅਕਾਲੀ ਦਲ ਦਾ ਇਕ ਡੈਪੂਟੇਸ਼ਨ ਮੁੱਖ ਮੰਤਰੀ ਨੂੰ ਮਿਲੇ ਤੇ ਉਸ ਨੂੰ ਕਹਵੇ ਕਿ ਪੁਲੀਸ ਮੁਕਾਬਲੇ ਬਣਾ ਕੇ ਸਿੱਖ ਅਤਿਵਾਦੀ ਮਾਰਨੇ ਫੌਰਨ ਬੰਦ ਕੀਤੇ ਜਾਣ। ਜੇ ਇਹ ਸਿਲਸਲਾ ਇਸੇ ਤਰ੍ਹਾਂ ਜਾਰੀ ਰੱਖਿਆ ਗਿਆ ਤਾਂ ਇਸਤ੍ਰੀ ਅਕਾਲੀ ਦਲ ਇਸ ਵਿਰੁਧ ਕੋਈ ਠੋਸ ਕਾਰਵਾਈ ਕਰੇਗਾ।

ਇਸ ਮੀਟਿੰਗ ਦੀ ਪ੍ਰਧਾਨਗੀ ਡਾ: ਰਾਜਿੰਦਰ ਕੌਰ ਪ੍ਰਧਾਨ ਇਸਤਰੀ ਅਕਾਲੀ ਦਲ ਨੇ ਕੀਤੀ ਤੇ ਇਸ ਵਿਚ ਹੋਰਨਾਂ ਤੋਂ ਇਲਾਵਾ ਹੇਠ ਲਿਖੀਆਂ ਬੀਬੀਆਂ ਸ਼ਾਮਲ ਹੋਈਆਂ :

ਸੀਨੀਅਰ ਮੀਤ ਪ੍ਰਧਾਨ ਬੀਬੀ ਕੁਲਦੀਪ ਕੌਰ, ਅਬਨਾਸ਼ ਕੌਰ ਜੂਨੀਅਰ ਮੀਤ ਪ੍ਰਧਾਨ, ਜਰਨਲ ਸਕੱਤਰ ਬੀਬੀ ਸਵਰਨ ਕੌਰ, ਪ੍ਰਚਾਰਕ ਸਕੱਤਰ ਹਰਭਜਨ ਕੌਰ ਖਾਲਸਾ, ਜਸਬੀਰ ਕੌਰ ਪ੍ਰਧਾਨ ਗੁਰਦਾਸਪੁਰ ਜਥਾ, ਕੁਲਦੀਪ ਕੌਰ ਰਡਾਲਾ, ਗੁਰਚਰਨ ਕੌਰ ਦਾਮੰਦਰ ਬੀਬੀ ਸਵਰਨ ਕੌਰ ਭਲਾ ਪਿੰਡ, ਬੀਬੀ ਕਰਮ ਕੌਰ ਫਗਵਾੜਾ, ਬੀਬੀ ਬਲਬੀਰ ਕੌਰ ਪੱਟੀ, ਬੀਬੀ ਪਰਮਿੰਦਰ ਕੌਰ ਬੱਸੀ ਪਠਾਣਾਂ, ਬੀਬੀ ਜਗਿੰਦਰ ਕੌਰ. ਬੀਬੀ ਕੁਲਦੀਪ ਕੌਰ ਫਤਿਹਗੜ੍ਹ, ਬੀਬੀ ਲਛਮਣ ਕੌਰ ਪ੍ਰਧਾਨ ਅੰਮ੍ਰਿਤਸਰ ਸ਼ਹਿਰੀ, ਬੀਬੀ ਸੁਰਜੀਤ ਕੌਰ, ਬੀਬੀ ਗੁਰਬਚਨ ਕੌਰ, ਬੀਬੀ ਚੰਨਣ ਕੌਰ, ਬੀਬੀ, ਗੁਰਮੇਜ ਕੌਰ, ਬੀਬੀ ਗੁਬਿੰਦ ਕੌਰ, ਬੀਬੀ ਜੋਗਿੰਦਰ ਕੌਰ ਅਜਨਾਲ, ਬੀਬੀ ਜੋਗਿੰਦਰ ਕੌਰ ਪ੍ਰਧਾਨ ਫਹਿਗੜ੍ਹ ਚੂੜੀਆਂ, ਬੀਬੀ ਮਨਜੀਤ ਕੌਰ, ਬੀਬੀ ਸੁਰਜੀਤ ਕੌਰ ਮੀਰਾ ਕੋਟ, ਬੀਬੀ ਜਸਵੰਤ ਕੌਰ, ਬੀਬੀ ਮਹਿੰਦਰ ਕੌਰ ਚੁਗਾਵਾਂ, ਬੀਬੀ ਦੇਵਿੰਦਰ ਕੌਰ ਕੋਟ ਖਾਲਸਾ, ਬੀਬੀ ਸੁਮਿਤਰਾ ਕੌਰ, ਬੀਬੀ ਜਸਵੰਤ ਕੌਰ ਅੰਮ੍ਰਿਤਸਰ, ਬੀਬੀ ਅਮਰਜੀਤ ਕੌਰ ਚੰਡੀਗੜ੍ਹ, ਬੀਬੀ ਮਹਿੰਦਰ ਕੌਰ ਮੁਹਾਲੀ, ਬੀਬੀ ਕੁਲਬੀਰ ਕੌਰ ਬੰਡਾਲਾ।

ਜਸਬੀਰ ਕੌਰ
ਸਕੱਤਰ ਇਸਤਰੀ ਅਕਾਲੀ ਦਲ

(ਸਫ਼ਾ 11 ਦੀ ਬਾਕੀ)

**ਚਾਹੁੰਦੇ ਹਨ ?**

ਜ : ਖਾਲਸਤਾਨ ਦੀ ਕੇਹੜੀ ਜੰਗ ਲੱਗੀ ਹੋਈ ਹੈ ਸਿਰਫ ਉਨ੍ਹਾਂ ਨੇ ਐਲਾਨ ਹੀ ਕੀਤਾ ਹੈ। ਹੁਣ ਵੀ ਤੇ ਸਾਰੇ ਨੌਜੁਆਨ ਦਰਬਾਰ ਸਾਹਿਬ ਤੋਂ ਸਾਹਰ ਹੀ ਘੁਮੰਦੇ ਫਿਰਦੇ ਹਨ। ਪਹਿਲਾਂ ਵੀ ਦਰਬਾਰ ਸਾਹਿਬ ਤੋਂ ਬਾਹਰੋਂ ਵੀ ਖਾਲਸਤਾਨ ਦਾ ਐਲਾਨ ਕੀਤਾ ਜਾ ਸਕਦਾ ਸੀ। ਚੰਗਾ ਹੁੰਦਾ ਜੇ ਨੌਜੁਆਨ ਸਰਕਾਰ ਨੂੰ ਦੁਬਾਰਾ ਪੁਲੀਸ ਤੇ ਨੀਮ ਫ਼ੌਜੀ ਦਸਤੇ ਦਰਬਾਰ ਸਾਹਿਬ ਭੇਜਣ ਦਾ ਬਾਹਨਾ ਨਾ ਦਿੰਦੇ।

**ਸ : ਅਗੇ ਸਿੱਖ ਗੁਰਦੁਆਰਿਆ ਲਈ ਕੁਰਬਾਨ ਹੋਇਆ ਕਰਦੇ ਸਨ। ਹੁਣ ਗੁਰਦੁਆਰੇ ਸਿੱਖਾਂ ਲਈ ਕੁਰਬਾਨ ਕੀਤੇ ਜਾਂਦੇ ਹਨ। ਤੁਹਾਡੀ ਇਸ ਬਾਰੇ ਕੀ ਰਾਏ ਹੈ ?**

ਜ : ਗੱਲ ਤੁਹਾਡੀ ਠੀਕ ਹੈ। ਪਰ ਹੁਣ ਲੱਗਦਾ ਹੈ ਕਿ ਸਾਨੂੰ ਸਮਝ ਆ ਗਈ ਹੈ ਤੇ ਦਰਬਾਰ ਸਾਹਿਬ ਹੋਈ ਪੁਲੀਸ ਕਾਰਵਾਈ ਵੇਲੇ ਕਿਸੇ ਨੇ ਕੋਈ ਜੁਆਬੀ ਗੋਲੀ ਨਹੀਂ ਚਲਾਈ। ਇਸ ਕਰਕੇ ਬਹੁਤਾ ਨੁਕਸਾਨ ਨਹੀਂ ਹੋਇਆ।

**ਦਰਸ਼ਨ ਕੌਰ, ਅੰਮ੍ਰਿਤਸਰ।**

**ਸ : ਮੇਰਾ ਘਰਵਾਲਾ ਸ਼ਰਾਬ ਬਹੁਤ ਪੀਂਦਾ ਹੈ ਤੇ ਸ਼ਰਾਬ ਪੀ ਕੇ ਮੈਨੂੰ ਕੁਟਣ ਲੱਗ ਪੈਂਦਾ ਹੈ ਦੱਸੋ ਮੈਂ ਕੀ ਕਰਾਂ ?**

ਜ : ਸ਼ਰਾਬੀ ਕੋਲੋਂ ਸ਼ਰਾਬ ਛੁਡਾਉਣੀ ਬਹੁਤ ਔਖੀ ਹੈ ਪਰ ਜੇ ਉਸ ਦਾ ਸਾਥ ਬਦਲ ਦਿਤਾ ਜਾਵੇ ਤਾਂ ਜੇ ਉਹ ਸ਼ਰਾਬ ਛੱਡੇਗਾ ਨਹੀਂ ਤਾਂ ਘੱਟ ਜ਼ਰੂਰ ਜਾਵੇਗੀ। ਇਸ ਕਰਕੇ ਆਪਣੇ ਪਤੀ ਦੇ ਸਾਥੀ ਬਦਲਣ ਦੀ ਕੋਸ਼ਿਸ਼ ਕਰੋ ਤੇ ਆਪ ਵੀ ਵੱਧ ਤੋਂ ਵੱਧ ਪਤੀ ਨੂੰ ਸਾਥ ਦੇਣ ਦੀ ਕੋਸ਼ਿਸ਼ ਕਰੋ ਤਾਂ ਕਿ ਉਸ ਨੂੰ ਮਾੜੇ ਸਾਥੀਆਂ ਦਾ ਖਿਆਲ ਘੱਟ ਆਵੇ। ਜੇ ਕੋਈ ਗੁਰ ਵੀ ਨਾ ਚਲੇ ਤਾਂ ਸਭ ਤੋਂ ਸੌਖਾ ਤਰੀਕਾ ਹੈ ਕਿ ਬੰਦਾ ਜਦੋਂ ਸ਼ਰਾਬ ਪੀ ਕੇ ਘਰ ਆਵੇ ਤਾਂ ਉਸ ਨਾਲ ਉਸੇ ਵਕਤ ਹੀ ਝਗੜਾ ਨਾ ਪਾ ਦੇਵੋ। ਅਰਾਮ ਨਾਲ ਉਸ ਨੂੰ ਅੰਦਰ ਬਠਾਓ ਤੇ ਬਹਾਨਾ ਪਾ ਕੇ ਕਮਰੇ ਵਿਚੋਂ ਨਿਕਲ ਜਾਵੋ। ਸ਼ਰਾਬੀ ਸਵੇਰ ਤਕ ਗੱਲ ਭੁਲ ਭੁਲਾ ਜਾਂਦੇ ਹਨ।

**ਜਸਬੀਰ ਸਿੰਘ, ਅੰਮ੍ਰਿਤਸਰ।**

**ਸ : ਦਰਬਾਰ ਸਾਹਿਬ ਪੁਲੀਸ ਬੈਠੀ ਵੇਖ ਕੇ ਬੜਾ ਦੁੱਖ ਹੁੰਦਾ ਹੈ। ਹੁਣ ਇਹ ਪੁਲੀਸ ਦਰਬਾਰ ਸਾਹਿਬੋਂ ਕਦੋਂ ਜਾਵੇਗੀ ਕਿ ਅਸੀਂ ਹੁਣ ਦਰਬਾਰ ਸਾਹਿਬ ਮੱਥਾ ਟੇਕਣ ਵੀ ਪੁਲੀਸ ਦੇ ਪਹਿਰੇ ਵਿਚ ਹੀ ਜਾਇਆ ਕਰਾਂਗੇ ?**

ਜ : ਇਸ ਸੁਆਲ ਦਾ ਜੁਆਬ ਤੇ ਪੰਜਾਬ ਸਰਕਾਰ ਹੀ ਦੇ ਸਕਦੀ ਹੈ ਪਰ ਸਾਨੂੰ ਇਤਨਾ ਪਤਾ ਹੈ ਕਿ ਬਹੁਤੀ ਦੇਰ ਪੁਲੀਸ ਦਰਬਾਰ ਸਾਹਿਬ ਰੱਖਣੀ ਸਰਕਾਰ ਲਈ ਸੰਭਵ ਨਹੀਂ ਹੋਵੇਗੀ। ਜੇ ਪੁਲੀਸ ਇਸੇ ਤਰ੍ਹਾਂ ਦਰਬਾਰ ਸਾਹਿਬ ਅੰਦਰ ਤਾਇਨਾਤ ਰਹੀ ਤਾਂ ਕੋਈ ਐਸਾ ਤੂਫਾਨ ਉਠੇਗਾ ਜੋ ਸਭ ਕੁਝ ਤਬਾਹ ਕਰਕੇ ਰੱਖ ਦੇਵੇਗਾ।

**ਸੁਰਿੰਦਰ ਸਿੰਘ ਪਟਿਆਲਾ।**

**ਸ : ਸਰਦਾਰ ਗੁਰਚਰਨ ਸਿੰਘ ਟੌਹੜਾ ਨੇ ਅਨੰਦਪੁਰ ਸਾਹਿਬ ਸਰਬੱਤ ਖਾਲਸਾ ਸਮੇਲਨ ਵਿਚ ਕਿਹਾ ਸੀ ਕਿ ਜੇ ਬਰਨਾਲਾ ਸਾਹਿਬ ਉਨ੍ਹਾਂ ਨੂੰ ਹੁਕਮ ਦੇਣ ਤਾਂ ਉਹ ਦਰਬਾਰ ਸਾਹਿਬ ਅਤਿਵਾਦੀਆਂ ਕੋਲੋਂ ਮੁਕਤ ਕਰਵਾਉਣ ਲਈ ਜਥਾ ਲੈ ਕੇ ਜਾਣ ਨੂੰ ਤਿਆਰ ਹਨ। ਬਰਨਾਲਾ ਸਾਹਿਬ ਨੇ ਟੌਹੜਾ ਸਾਹਿਬ ਨੂੰ ਜਥਾ ਲੈ ਕੇ ਜਾਣ ਲਈ ਕਿਉਂ ਨਹੀਂ ਕਿਹਾ ?**

ਜ : ਇਹ ਤੇ ਟੌਹੜਾ ਸਾਹਿਬ ਜਾਣਨ ਜਾਂ ਬਰਨਾਲਾ ਸਾਹਿਬ ਜਾਣਨ ਕਿ ਬਰਨਾਲਾ ਸਾਹਿਬ ਨੇ ਟੌਹੜਾ ਸਾਹਿਬ ਨੂੰ ਜਾਣ ਲਈ ਕਿਹਾ ਈ ਨਹੀਂ ਹੈ ਕਿ ਟੌਹੜਾ ਸਾਹਿਬ ਗਏ ਨਹੀਂ। ਵਿਚਲੀਆਂ ਇਹ ਆਪ ਹੀ ਜਾਣਨ। ਅਸੀਂ ਇਸ ਬਾਰੇ ਕੁਝ ਕਹਿਣ ਤੋਂ ਅਸਮਰਥ ਹਾਂ।

Sant Sipahi - The oldest Panthic Magazine/ www.santsipahi.org

Grams : 'RAJINDROL'

# INTERNATIONAL CHEMICAL CORPORATION

## (INDIA)

*Leading Manufacturers of :*

**INJECTIONS, TABLETS OINTMENTS, SYRUPS,& CAPSULES ETC.**

**ON APPROVED LIST OF**

**D.G.S. & D. NEW DELHI**
**& C.O.S. CHANDIGARH**

**Unique Building Near Khalsa College**

**AMRITSAR**

**☎ : Office 43343, Resi. 43736**

Sant Sipahi - The oldest Panthic Magazine/ www.santsipahi.org

Regd. No. P/AR-38 SANT SIPAHI, Amritsar. Registration RNI 109/57

